ਪੰਜਾਬੀ ਕਹਾਣੀ ਦੇ ਸਿਰਜਣਾਤਮਿਕ ਕਾਫ਼ਲੇ ਵਿੱਚ ਮੁਹੰਮਦ ਇਮਤਿਆਜ਼ ਨਵਾਂ ਯਾਤਰੀ ਹੈ। ਉਸਦੀ ਕਹਾਣੀ ਵਿੱਚ ਪੰਜਾਬੀ ਸਮਾਜ ਦੀਆਂ ਵਿਸੰਗਤੀਆਂ ਅਤੇ ਵਰਤਮਾਨ ਮਨੁੱਖ ਦੀ ਜ਼ਿਹਨੀ ਕਸ਼ਮਕਸ਼ ਨੂੰ ਕਲਾਤਮਿਕਤਾ ਨਾਲ ਪੇਸ਼ ਕੀਤਾ ਮਿਲਦਾ ਹੈ। ਇਮਤਿਆਜ਼ ਦੀ ਕਹਾਣੀ ਮੱਧਵਰਗੀ ਜੀਵਨ ਦੇ ਬਹੁ ਪਰਤੀ ਸੰਸਾਰ ਨੂੰ ਪੇਸ਼ ਕਰਦੀ ਵਿਸੰਗਤ ਵਰਗ ਦੀ ਆਵਾਜ਼ ਬਣਦੀ ਹੈ। ਇਹ ਵਿਸੰਗਤ ਵਰਗ ਸ਼ੋਸ਼ਿਤ ਬਨਾਮ ਸ਼ੋਸ਼ਿਕ ਧਿਰਾਂ ਦੀ ਰਵਾਇਤੀ ਵਰਗ ਵੰਡ ਵਾਲਾ ਨਹੀਂ ਸਗੋਂ ਦਿਸਦੀ 'ਖੁਸ਼ਹਾਲ ਜ਼ਿੰਦਗੀ ਦੇ ਭੇਸ ਵਿੱਚ ਲੁਕੇ ਅਜਨਬੀਪਣ ਅਤੇ ਬੇਗਾਨਗੀ ਦੇ ਜੀਵਨ ਬੋਧ ਵਾਲਾ ਹੈ। ਲੇਖਕ ਦੀ ਹਰ ਕਹਾਣੀ ਆਪਣੇ ਬਿਰਤਾਂਤਕ ਓਹਲੇ, ਪਾਤਰਾਂ ਦੀ ਅੰਦਰੂਨੀ ਕੋਲਾਹਲ, ਨਾਟਕੀ ਅੰਸ਼ ਅਤੇ ਕਥਾ ਅੰਤ ਦੇ ਸਫੋਟ ਨਾਲ ਆਪਣੀ ਪੜ੍ਹਨਯੋਗਤਾ ਬਣਾਈ ਰੱਖਦੀ ਹੈ। ਇਸ ਪੜ੍ਹਨਯੋਗਤਾ ਨੂੰ ਸਲਾਮਤ ਰੱਖਣ ਵਾਲਾ ਮੀਰੀ ਗੁਣ ਬਿਰਤਾਂਤ ਦੀ ਮੰਨਣਯੋਗਤਾ ਹੁੰਦਾ ਹੈ। ਇਮਤਿਆਜ਼ ਦੀ ਹਰ ਕਹਾਣੀ ਇਸ ਮੰਨਣਯੋਗਤਾ 'ਤੇ ਪਹਿਰਾ ਦਿੰਦੀ ਹੈ। ਲੇਖਕ ਦੀ ਕਥਾ ਦ੍ਰਿਸ਼ਟੀ ਕਿਸੇ ਐਲਾਨੀਆ ਸੁਧਾਰਵਾਦ ਜਾਂ ਪ੍ਰਗਤੀਵਾਦ ਵਾਲੀ ਨਹੀਂ ਸਗੋਂ ਬੰਦੇ ਅੰਦਰਲੀ ਬੇਤਰਤੀਬੀ ਨੂੰ ਤਰਤੀਬਬੱਧ ਕਰਨ ਵਾਲੀ ਹੈ। ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੇ ਕਹਿਣ ਅਨੁਸਾਰ ਕਹਾਣੀ ਪਤੰਗ ਵਰਗੀ ਹੁੰਦੀ ਹੈ ਇਹ ਜਿੰਨੀ ਹਲਕੀ ਹੋਵੇਗੀ ਉੱਨੀ ਹੀ ਉੱਚੀ ਜਾਵੇਗੀ। ਮੁਹੰਮਦ ਇਮਤਿਆਜ਼ ਦੀ ਕਹਾਣੀ ਵੀ ਜਿੱਥੇ ਵਿਚਾਰਾਂ ਦੇ ਬੋਝ ਤੋਂ ਮੁਕਤ ਹੈ ਉੱਥੇ ਹੀ ਲੰਮੀ ਕਹਾਣੀ ਵਾਲੇ ਉਸ ਰੁਝਾਨ ਤੋਂ ਮੁਕਤ ਹੈ ਜਿੱਥੇ ਵਸਤੂ ਦੇ ਪ੍ਰਗਟਾਵੇ ਲਈ ਕਹਾਣੀ ਦੀ ਨਿੱਕੀ ਲਿਸ਼ਕ ਦੀ ਬਲੀ ਦਿੱਤੀ ਜਾਂਦੀ ਹੈ। ਮੈਂ ਇਮਤਿਆਜ਼ ਦੇ ਇਸ ਕਥਾ ਸੰਗ੍ਰਿਹ ਦਾ ਸਵਾਗਤ ਕਰਦਾ ਹੋਇਆ ਉਸਨੂੰ ਸ਼ੁੱਭ ਕਾਮਨਾਵਾਂ ਦਿੰਦਾ ਹਾਂ।

ਡਾ. ਜੇ.ਬੀ.ਸੇਖੋਂ

ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com



ਮੁਹੰਮਦ ਇਮਤਿਆਜ਼

ਹਸ਼ਮਤ ਚਾਚਾ
ਮੁਹੰਮਦ ਇਮਤਿਆਜ਼

ISBN: 978-81-966156-5-9
₹ 150/-

# ਹਸ਼ਮਤ ਚਾਚਾ




## ਮੁਹੰਮਦ ਇਮਤਿਆਜ਼

# ਹਸ਼ਮਤ ਚਾਚਾ

ਅਤੇ ਹੋਰ ਕਹਾਣੀਆਂ

**ਏਸੇ ਕਲਮ ਤੋਂ :**

ਪਾਕਿਸਤਾਨੀ (ਕਹਾਣੀ ਸੰਗ੍ਰਹਿ)

# ਹਸ਼ਮਤ ਚਾਚਾ

## ਅਤੇ ਹੋਰ ਕਹਾਣੀਆਂ


**ਮੁਹੰਮਦ ਇਮਤਿਆਜ਼**



*ਪੀਪਲਜ਼ ਫ਼ੋਰਮ*

ਬਰਗਾੜੀ, ਪੰਜਾਬ

www.peoplesforumpunjab.com

# ਹਸ਼ਮਤ ਚਾਚਾ HASHMAT CHACHA

ਅਤੇ ਹੋਰ ਕਹਾਣੀਆਂ & Other Stories


ਲੇਖਕ : **Author :**

**ਮੁਹੰਮਦ ਇਮਤਿਆਜ਼ Mohammad Imtiaz**

#13/179 ਨਿਸ਼ਾਂਤ ਕਲੋਨੀ # 13/179 Nishant Colony

ਮਲੇਰਕੋਟਲਾ-148023 Malerkotla-148023

✆ 89680 62521



**ਪਹਿਲੀ ਵਾਰ First Edition**

ਨਵੰਬਰ : 2023 November : 2023



**ਲੇਖਕ** ©



ISBN: 978-81-966156-5-9

ਮੁੱਲ : 150/- (ਇੱਕ ਸੌ ਪੰਜਾਹ)

*ਪ੍ਰਕਾਸ਼ਕ :* Publication :

**ਪੀਪਲਜ਼ ਫੋਰਮ (ਰਜਿ:) People's Forum**

**ਬਰਗਾੜੀ, ਫ਼ਰੀਦਕੋਟ - 151 208** Bargari, Faridkot-151208

**98729 89313, 98767 10809** 01635-244053 9872989313

www.peoplesforumpunjab.com www.peoplesforumpunjab.com

ਪੀਪਲਜ਼ ਫ਼ੋਰਮ (ਰਜਿ.) ਸਿਹਤ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਰਚਾਉਣ ਲਈ ਪ੍ਰਤੀਬੱਧ ਸਮਾਜ-ਸੇਵੀ ਸੰਸਥਾ ਹੈ। ਇਸ ਵੱਲੋਂ ਪ੍ਰਕਾਸ਼ਤ ਪੁਸਤਕਾਂ, ਪੋਸਟਰ, ਕੈਲੰਡਰ ਅਤੇ ਸੀ. ਡੀਜ਼ ਨੌਜਵਾਨ ਵਰਗ ਅੰਦਰ ਚੇਤਨਾ ਪੈਦਾ ਕਰਨ ਹਿੱਤ ਹੈ।


## ਸਮਰਪਣ

ਮੇਰੀ ਪਿਆਰੀ ਪਤਨੀ ਬਿੰਦਰ ਨੂੰ,

ਜਿਸਨੇ ਕਹਾਣੀਆਂ ਲਿਖਣ ਵਿੱਚ ਮੇਰਾ ਸਾਥ ਦਿੱਤਾ।

## ਤਤਕਰਾ


| | | |
|---|---|---|
| 1. | ਹਸ਼ਮਤ ਚਾਚਾ | 7 |
| 2. | ਮਸੀਹਾ | 12 |
| 3. | ਖ਼ਜ਼ਾਨਾ | 18 |
| 4. | ਲੰਘੇ ਦਰਿਆ | 22 |
| 5. | ਬਾਬੂ | 28 |
| 6. | ਆਈਸਕ੍ਰੀਮ | 32 |
| 7. | ਰਿਟਰਨ ਗਿਫ਼ਟ | 36 |
| 8. | ਤਹਿਸੀਲਦਾਰ ਦਾ ਹੱਜ | 40 |
| 9. | ਪ੍ਰਸਨਲ ਰਿਲੇਸ਼ਨ | 46 |
| 10. | ਸਾਈਲੈਂਟ ਅਟੈਕ | 53 |
| 11. | ਉੱਚਾ ਜਨਮ | 58 |
| 12. | ਤਿੰਨ ਚਿਹਰੇ | 63 |
| 13. | ਸ਼ਰੀਕ | 68 |
| 14. | ਸਨਕੀ | 72 |
| 15. | ਖੇਡ | 76 |
| 16. | ਫਿਲਾਸਫਰ | 82 |
| 17. | ਪ੍ਰਾਣ-ਵਾਯੂ | 87 |
| 18. | ਫੈਸਲਾ | 93 |
| 19. | ਛੁਰੀ | 97 |
| 20. | ਕੌਣ ਢਾਹੂ ਦਿੱਲੀ ਦੇ ਕਿੰਗਰੇ | 101 |
| 21. | ਕਾਲਾ | 105 |




# ਹਸ਼ਮਤ ਚਾਚਾ

ਯੂਨੀਵਰਸਿਟੀ 'ਚ ਸੈਸ਼ਨ ਖ਼ਤਮ ਹੋਣ 'ਤੇ ਮੈਂ ਮਲੇਰਕੋਟਲੇ ਆਇਆ ਸੀ। ਚਾਹ-ਪਾਣੀ ਪੀਣ ਤੋ ਬਾਅਦ ਜਦੋਂ ਮੈਂ ਘਰੋਂ ਬਾਹਰ ਜਾਣ ਲਈ ਉਠਿਆ ਤਾਂ ਡੈਡੀ ਨੇ ਪੁੱਛਿਆ, "ਕਿੱਥੇ ਚੱਲਿਐਂ?"

"ਹਸ਼ਮਤ ਚਾਚੇ ਦਾ ਪਤਾ ਲੈ ਆਵਾਂ!"

ਮੈਨੂੰ ਲੱਗਿਆ ਡੈਡੀ ਅੱਗੋਂ ਬੋਲਣਗੇ, "ਜਿਹੋ ਜਿਹਾ ਵਿਹਲਾ ਤੂੰ ਐਂ, ਉਹੋ ਜਿਹੇ ਲੋਕਾਂ ਨਾਲ ਆੜੀ ਐ ਤੇਰੀ!"

ਪਰ ਉਹ ਅਜਿਹਾ ਕੁਝ ਨਹੀਂ ਬੋਲੇ। ਸ਼ਾਇਦ ਉਹਨਾਂ ਨੂੰ ਚਾਚੇ ਦੀ ਲਗਾਤਾਰ ਢਹਿ ਰਹੀ ਸਿਹਤ ਦਾ ਪਤਾ ਸੀ। "ਜਾ-ਆ। ਕੀ ਪਤਾ ਹੁੰਦੈ ਬੰਦੇ ਦਾ!...ਫੇਰ ਆ ਕੇ ਆਪਾਂ ਨੇ ਬਜ਼ਾਰ ਜਾ ਕੇ ਆਉਣੈ।"

ਚਾਚੇ ਦਾ ਘਰ ਪਿਛਲੀ ਬੀਹੀ ਵਿੱਚ ਸੀ। ਉਹ ਉਹਨਾਂ ਦੋ-ਚਾਰ ਘਰਾਂ ਵਿੱਚੋਂ ਇੱਕ ਸੀ ਜੋ ਨਵੀਂ ਕਲੋਨੀ ਉਸਰਨ ਤੋਂ ਪਹਿਲਾਂ ਦੇ ਬਣੇ ਹੋਏ ਸਨ। ਪਹਿਲਾਂ ਜਦੋਂ ਕਲੋਨੀ ਵਿੱਚ ਬਹੁਤੇ ਮਕਾਨ ਨਹੀਂ ਸਨ ਬਣੇ, ਉਦੋਂ ਸਾਨੂੰ ਸਭ ਤੋਂ ਨੇੜਲਾ ਘਰ ਚਾਚੇ ਹੁਰਾਂ ਦਾ ਹੀ ਪੈਂਦਾ ਸੀ। ਦੋਹਾਂ ਪਰਿਵਾਰਾਂ ਦਾ ਇਕ-ਦੂਜੇ ਦੇ ਘਰ ਆਉਣ-ਜਾਣ ਲੱਗਿਆ ਰਹਿੰਦਾ। ਅਸੀਂ ਖੇਡਦੇ-ਖੇਡਦੇ ਉਹਨਾਂ ਦੇ ਘਰ ਜਾ ਵੜਦੇ।

ਪਰ ਹੁਣ ਸਾਡੇ ਘਰ ਦੇ ਨਾਲ ਖਾਲੀ ਪਏ ਪਲਾਟਾਂ ਉੱਤੇ ਨਵੀਆਂ ਕੋਠੀਆਂ ਉਸਰ ਗਈਆਂ ਸਨ। ਪਿਛਲੀ ਗਲੀ ਵਿੱਚ ਜਾਣ ਲਈ ਮੈਨੂੰ ਕਾਫੀ ਘੁੰਮ ਕੇ ਜਾਣਾ ਪਿਆ। ਚਾਚੇ ਦਾ ਘਰ ਹੁਣ ਦੂਰ ਹੋ ਗਿਆ ਸੀ। ਪਹਿਲਾਂ ਚਾਚੇ ਦੇ ਬਾਪ ਤੇ ਫਿਰ ਮਾਂ ਦੇ ਮਰਨ ਤੋਂ ਬਾਅਦ ਹੁਣ ਉਸ ਦੇ ਸਾਡੇ ਪਰਿਵਾਰ ਨਾਲ ਰਿਸ਼ਤੇ ਵੀ ਦੂਰ ਹੋ ਗਏ ਸਨ।

ਚਾਚੇ ਦਾ ਬਾਪ ਕਿਸੇ ਅਰਬ ਮੁਲਕ ਵਿੱਚ ਕੰਮ ਕਰਦਾ ਰਿਹਾ ਸੀ, ਜੋ ਸਾਲ-ਦੋ ਸਾਲ ਬਾਅਦ ਆਉਂਦਾ। ਮੈਂ ਚਾਚੇ ਦੀ ਮਾਂ ਨੂੰ ਹਮੇਸ਼ਾ ਬੱਕਰੀਆਂ ਪਿੱਛੇ ਭੱਜਦਿਆਂ ਵੇਖਿਆ ਸੀ ਜਾਂ ਘਰ ਦੇ ਕੰਮਾਂ ਵਿੱਚ ਭੱਜਦੀ-ਫਿਰਦੀ ਨੂੰ! ਉਸ ਦਾ ਦੋ ਕਮਰਿਆਂ ਤੇ ਖੁੱਲ੍ਹੇ ਵਿਹੜੇ ਵਾਲਾ ਘਰ ਹਮੇਸ਼ਾ ਸਾਫ਼ ਤੇ ਸੰਵਰਿਆ ਹੁੰਦਾ ਸੀ-ਘਰ ਦਾ ਸਾਰਾ ਸਮਾਨ ਟਿਕਾਣੇ ਤੇ ਸਜਾਇਆ ਹੁੰਦਾ।

ਪਰ ਅੱਜ ਜਦੋਂ ਮੈਂ ਚਾਚੇ ਦੇ ਘਰ ਅੰਦਰ ਵੜਿਆ ਤਾਂ ਸਭ ਕੁੱਝ ਬਿਖਰਿਆ-

ਬਿਖਰਿਆ ਲੱਗਿਆ। ਕਮਰਿਆਂ ਅੱਗੇ ਛੱਤੇ ਹੋਏ ਵਰਾਂਢੇ ਨੇ ਵਿਹੜਾ ਛੋਟਾ ਕਰ ਦਿੱਤਾ ਸੀ। ਕੱਚੇ ਵਿਹੜੇ ਨੂੰ ਸੀਮੇਂਟ ਦੇ ਫਰਸ਼ ਨੇ ਖ਼ਤਮ ਕਰ ਦਿੱਤਾ ਸੀ। ਬੱਕਰੀਆਂ ਗ਼ਾਇਬ ਸਨ।

ਚਾਚੇ ਵਾਲੇ ਕਮਰੇ 'ਚ ਵੜਦਿਆਂ ਹੀ ਪਤਾ ਲੱਗਦਾ ਸੀ ਕਿ ਇਥੇ ਕਈ ਦਿਨਾਂ ਤੋਂ ਝਾੜੂ ਨਹੀਂ ਸੀ ਲੱਗਿਆ। ਸਪੀਕਰਾਂ ਦੇ ਨਾਲ ਪਿਆ ਟੂ-ਇਨ-ਵਨ ਧੂੜ ਨਾਲ ਭਰਿਆ ਹੋਇਆ ਸੀ। ਕੰਧ 'ਤੇ ਤਸਵੀਰਾਂ ਪਹਿਲਾਂ ਵਾਂਗ ਹੀ ਸਜੀਆਂ ਹੋਈਆਂ ਸਨ। ਕਈ ਤਸਵੀਰਾਂ ਵਿੱਚ ਚਾਚੇ ਨੇ ਕਾਲੇ ਚਸ਼ਮੇ ਲਾਏ ਹੋਏ ਸਨ। ਤਸਵੀਰਾਂ ਵਿੱਚ ਲੰਮੇ ਵਾਲਾਂ ਨਾਲ ਰੰਗ-ਬਿਰੰਗੇ ਪੈਂਟ-ਕਮੀਜ਼ ਪਾਈਂ ਉਹ ਅੱਸੀ-ਨੱਬੇਵਿਆਂ ਦੇ ਫਿਲਮੀ ਹੀਰੋਆਂ ਵਰਗਾ ਲੱਗਦਾ ਸੀ।

ਤਸਵੀਰਾਂ ਵੇਖ ਕੇ ਮੇਰੇ ਜ਼ਿਹਨ 'ਚ ਉਸ ਦੀਆਂ ਗੱਲਾਂ ਤਾਜ਼ੀਆ ਹੋ ਗਈਆਂ। ਉਹ ਅਕਸਰ ਆਖਦਾ ਸੀ, "ਅੱਜ-ਕੱਲ੍ਹ ਦੇ ਗਾਇਕਾਂ ਨੂੰ ਗਾਉਣਾ ਕਿਥੋਂ ਆਉਂਦੈ! ਹਰੇਕ ਕੋਈ ਆਪਣੇ ਨਾਂ ਅੱਗੇ ਲਾ ਲੈਂਦੈ 'ਲੋਕ-ਗਾਇਕ'! ਇਹਨਾਂ ਨੂੰ ਕੀ ਪਤੈ ਲੋਕ-ਸੰਗੀਤ ਹੁੰਦਾ ਕੀ ਐ! ਆਹ ਗੁਰਦੀਪ ਮਾਨ ਜਿਹੜਾ ਅੱਜ ਵੱਡਾ ਗਾਇਕ ਬਣਿਆ ਫਿਰਦੈ, ਆੱਡੀਸ਼ਨ ਚੋਂ ਫੇਲ੍ਹ ਹੋ ਗਿਆ ਸੀ ਇਹ! ਨਾ ਇਹਨੂੰ ਫੋਕ ਮਿਊਜ਼ਿਕ ਦਾ ਪਤਾ, ਨਾ ਲਾਈਟ ਮਿਊਜ਼ਿਕ ਦਾ! ਅਖੇ ਜੀ, ਮੈਂ ਲਾਈਟ ਫੋਕ ਗਾਉਨਾਂ! ਦੱਸ, ਏਹ ਕਿਹੜੀ ਕੈਟੇਗਰੀ ਹੋ-ਗੀ ਸੰਗੀਤ ਦੀ!"

ਉਸ ਵੇਲੇ ਉਹ ਕਿਸੇ ਵੀ ਵੱਡੇ ਗਾਇਕ ਨੂੰ ਨਾ ਬਖ਼ਸ਼ਦਾ। "ਆਹ ਕੰਤ ਦਾਸ ਜਿਹੜਾ ਵਾਲ ਮਾਰਦਾ ਰਹਿੰਦੈ ਏਧਰ-ਉਧਰ, ਗਾਉਣ ਲੱਗਿਆਂ! ਇਹ ਫੁਕਰਾ ਸੀ ਇੱਕ ਨੰਬਰ ਦਾ!...ਏਹਦਾ ਚੈੱਕ ਬਣ ਕੇ ਆ ਜਾਂਦਾ। ਪਰ ਫੇਰ ਵੀ ਮੈਂ ਇਹਨੂੰ ਬਠਾਈ ਰੱਖਦਾ ਸ਼ਾਮ ਤੱਕ! ਏਹਦੀ ਹਵਾ ਸੈੱਟ ਕਰ ਕੇ ਫੇਰ ਏਹਨੂੰ ਤੋਰਦਾ!... ਘਟੀਆ ਲੋਕ!!"

ਮੈਨੂੰ ਵੇਖ ਕੇ ਚਾਚੇ ਨੇ ਉੱਠਣ ਦੀ ਕੋਸ਼ਿਸ਼ ਕੀਤੀ। ਮੈਂ ਉਸ ਨੂੰ ਰੋਕ ਦਿੱਤਾ, "ਖੇਚਲ ਨਾ ਕਰ ਚਾਚਾ! ਪਿਆ ਰਹਿ!"

ਮੈਂ ਪਲੰਘ ਦੇ ਨਾਲ ਪਈ ਕੁਰਸੀ ਤੇ ਬੈਠ ਗਿਆ।

"ਹੁਣ ਕਿਮੇਂ ਐ ਤਬੀਅਤ?"

ਉਸ ਨੇ "ਪਤਾ ਨਹੀਂ" ਦੇ ਅੰਦਾਜ਼ ਵਿੱਚ ਹੱਥ ਮਾਰਿਆ। ਉਸ ਅੰਦਰ ਸ਼ਾਇਦ ਬੋਲਣਯੋਗ ਤਾਕਤ ਨਹੀਂ ਸੀ।

ਇਹ ਉਹੋ ਹੀ ਚਾਚਾ ਸੀ ਜਿਹੜਾ ਵੱਡੀਆਂ-ਵੱਡੀਆਂ ਗੱਲਾਂ ਸੁਣਾਉਂਦਾ ਸੀ! ਹੁਣ ਉਸ ਦੀਆਂ ਗੱਲ੍ਹਾਂ ਅੰਦਰ ਧਸੀਆਂ ਹੋਈਆਂ ਸਨ। ਚਿਹਰਾ ਲੰਬੂਤਰਾ ਹੋ ਗਿਆ ਸੀ, ਜਿਸ 'ਤੇ ਕਾਲਸ ਵਧ ਕੇ ਫੈਲ ਗਈ ਸੀ। ਉਸ ਦੇ ਲੰਮੇ ਵਾਲ ਅੱਗੇ ਨਾਲੋਂ ਛਿੱਦੇ ਲੱਗ ਰਹੇ ਸਨ। ਖਿੰਡੇ ਵਾਲ ਉਸ ਦੇ ਚਿਹਰੇ ਨੂੰ ਹੋਰ ਖ਼ੌਫ਼ਨਾਕ ਬਣਾ ਰਹੇ ਸਨ।

"ਹੋਰ, ਚਾਚਾ! ਕਿਮੇਂ ਐਂ?"



ਉਸ ਨੇ ਜਵਾਬ ਦੇਣ ਦੀ ਥਾਂ ਫਿਰ ਉੱਠ ਕੇ ਬੈਠਣ ਦੀ ਕੋਸ਼ਿਸ਼ ਕੀਤੀ। "ਪਿਆ ਰਹਿ, ਚਾਚਾ!"

"ਕਦੋਂ ਆਇਐਂ?" ਉਸ ਦੀ ਆਵਾਜ਼ ਕਿਸੇ ਖੂਹ 'ਚੋਂ ਆਈ ਲੱਗੀ।

"ਬੱਸ, ਥੋੜ੍ਹੀ ਦੇਰ ਪਹਿਲਾਂ!"

ਕਾਫੀ ਦੇਰ ਚੁੱਪ ਪਸਰੀ ਰਹੀ।

ਮੈਂ ਚੁੱਪ ਤੋੜਨ ਦੀ ਕੋਸ਼ਿਸ਼ ਕੀਤੀ, "ਬੱਚਿਆਂ ਨਾਲ ਨੀਂ ਖੇਡਦਾ ਹੁੰਦਾ ਹੁਣ?"

ਉਸ ਨੇ ਛੱਤ ਵੱਲ ਝਾਕਦਿਆਂ ਜਵਾਬ ਦਿੱਤਾ, "ਜਵਾਕ ਅੱਜ-ਕੱਲ੍ਹ ਦੇ ਸੁਣਦੇ ਕਿੱਥੇ ਨੇ?"

ਇਹ ਉਸ ਦਾ ਪੁਰਾਣਾ ਸ਼ਿਕਵਾ ਸੀ।

ਪਿਛਲੇ ਪੰਦਰਾਂ-ਵੀਹ ਸਾਲਾਂ ਤੋਂ ਮੈਂ ਉਸ ਨੂੰ ਇਹੋ ਕੁਝ ਕਹਿੰਦਿਆਂ ਸੁਣਦਾ ਆ ਰਿਹਾ ਸੀ। "ਇਹਨਾਂ ਅੱਜ-ਕੱਲ੍ਹ ਦੇ ਮੁਸ਼ਟੰਡਿਆਂ ਨੂੰ ਕੀ ਪਤੈ!...ਇਹੋ ਜਿਹੇ ਛੱਤੀ ਸੌ ਰੋਜ਼ ਸਾਡੇ ਕੋਲ ਰੇਡੀਓ 'ਚ ਆ ਕੇ ਲੇਲ੍ਹੜੀਆਂ ਕੱਢਦੇ ਸੀ! ਪਰ ਇਹਨਾਂ ਨੂੰ ਕੀ ਪਤਾ ਪ੍ਰੋਡਿਊਸਰ ਦੀ ਕੀ ਇੱਜ਼ਤ ਹੁੰਦੀ ਐ!"

"ਜਦੋਂ ਉਹ ਯੂਨੀਵਰਸਿਟੀ ਪੜ੍ਹਦਾ ਸੀ, ਉਦੋਂ ਉਹ ਮੁਹੱਲੇ ਵਾਲਿਆਂ ਨੂੰ ਘਟੀਆ ਲੋਕ ਕਹਿੰਦਾ ਸੀ! ਜਦੋਂ ਐਮ. ਏ. ਵਿੱਚੇ ਛੱਡ ਆਇਆ, ਉਦੋਂ ਆਹੀ ਕੁਝ ਯੂਨੀਵਰਸਿਟੀ ਵਾਲਿਆਂ ਨੂੰ ਕਹਿਣ ਲੱਗ ਪਿਆ!" ਉਸ ਬਾਰੇ ਮੇਰੇ ਡੈਡੀ ਦੱਸਦੇ ਸਨ।

ਯੂਨੀਵਰਸਿਟੀ ਜਾਣ ਤੋਂ ਬਾਅਦ ਡੈਡੀ ਕੋਲੋਂ ਹੀ ਮੈਨੂੰ ਪਤਾ ਲੱਗਿਆ ਸੀ ਕਿ ਚਾਚੇ ਨੇ ਵੀ ਯੂਨੀਵਰਸਿਟੀ ਵਿੱਚ ਇੱਕ ਸਾਲ ਲਾਇਆ ਸੀ ਐਮ. ਏ. ਦਾ ਦੂਜਾ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਹ ਛੱਡ ਆਇਆ ਸੀ। ਇਸ ਗੱਲ ਦਾ ਪਤਾ ਲੱਗਣ ਤੋਂ ਪਹਿਲਾਂ ਤਾਂ ਉਹ ਸਾਡੇ ਲਈ ਕੇਵਲ ਬੱਚਿਆਂ ਨਾਲ ਕ੍ਰਿਕੇਟ ਖੇਡਣ ਵਾਲਾ ਕਲੋਨੀ ਦਾ ਇੱਕੋ-ਇੱਕ ਵਡੇਰਾ ਸੀ। ਉਸ ਦੇ ਰੇਡੀਓ ਛੱਡਣ ਦੀ ਕਹਾਣੀ ਵੀ ਮੈਨੂੰ ਬਾਅਦ ਵਿੱਚ ਪਤਾ ਲੱਗੀ ਸੀ। "ਚਾਚਾ! ਤੂੰ ਛੱਡ ਕੇ ਕਿਉਂ ਆ ਗਿਆ, ਫੇਰ?" ਮੈਂ ਉਸ ਨੂੰ ਇਕ-ਦੋ ਵਾਰ ਪੁੱਛਿਆ ਸੀ।

"ਸਟੇਸ਼ਨ ਡਾਇਰੈਕਟਰ ਨਾਲ ਲੜਾਈ ਹੋ-ਗੀ ਸੀ ਮੇਰੀ! ਉਹ ਸਮਝਦਾ ਸੀ ਉਹ ਮਾਲਕ ਐ ਸਟੇਸ਼ਨ ਦਾ!...ਇੱਕ ਗੀਤਕਾਰ ਇੱਕ ਆਮ ਮਲਵਈ ਅਨਪੜ੍ਹ ਜਨਾਨੀ ਬਾਰੇ ਗੀਤ ਲਿਖ ਕੇ ਲੈ ਆਇਆ, ਜਿਸ 'ਚ ਉਹਨੇ ਲਿਖਿਆ-"'ਟੇਸ਼ਨ ਤੇ ਖੜ੍ਹੀ ਉਡੀਕਦੀ"। ਸਟੇਸ਼ਨ ਡਰੈਕਟਰ ਮੇਰੇ ਪਿੱਛੇ ਪੈ ਗਿਆ, ਕਹਿੰਦਾ 'ਸਟੇਸ਼ਨ' ਹੁੰਦੈ, 'ਟੇਸ਼ਨ' ਨਹੀਂ ਹੁੰਦਾ! ਮੈਂ ਫੈਸਲਾ ਕਰ ਲਿਆ-ਜਿਥੇ ਲੋਕਾਂ ਨੂੰ ਆਮ ਮਲਵਈ ਭਾਸ਼ਾ ਤੇ ਟਕਸਾਲੀ ਭਾਸ਼ਾ ਦਾ ਫਰਕ ਨਾ ਪਤਾ ਹੋਵੇ, ਉਥੇ ਮੈਂ ਨ੍ਹੀਂ ਕੰਮ ਕਰਨਾ! ਘਟੀਆ ਲੋਕ!!....!"

ਉਸ ਦੇ ਹਾਣੀ ਉਦੋਂ ਬਾਲ-ਬੱਚੇਦਾਰ ਸਨ। ਸਾਰੇ ਆਪੋ-ਆਪਣੇ ਕੰਮਾਂ ਵਿੱਚ

ਮਸਰੂਫ ਰਹਿੰਦੇ। ਉਹ ਆਪਣੀ ਮਾਂ ਵਾਲੀਆਂ ਬੱਕਰੀਆਂ ਖੋਲ੍ਹਦਾ-ਬੰਨ੍ਹਦਾ ਰਹਿੰਦਾ ਜਾਂ ਘਰ ਦੇ ਛੋਟੇ-ਮੋਟੇ ਕੰਮ ਕਰ ਦਿੰਦਾ। ਸ਼ਾਮ ਨੂੰ ਸਾਡੇ ਨਾਲ ਕ੍ਰਿਕੇਟ ਖੇਡਣ ਲੱਗ ਪੈਂਦਾ।

ਇੱਕ ਵਾਰ ਉਹ ਆਪਣੇ ਬਾਪ ਕੋਲ ਅਰਬ ਦੇਸ਼ ਵੀ ਗਿਆ ਸੀ, ਪਰ ਉਥੇ ਵੱਸਣ ਦੀ ਬਜਾਇ ਉਹ ਸਾਲ-ਛੇ ਮਹੀਨਿਆਂ ਵਿੱਚ ਹੀ ਮੁੜ ਆਇਆ। "ਘਟੀਆ ਲੋਕ!...!"

ਛੋਟੇ ਹੁੰਦਿਆਂ ਅਸੀਂ ਉਸ ਨੂੰ ਵੱਡੀ ਸ਼ੈਅ ਸਮਝਦੇ ਸੀ। ਉਸ ਦੇ ਕੱਪੜੇ ਤੇ ਵਾਲਾਂ ਦੇ ਸਟਾਈਲ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ। ਉਸ ਦੀ ਗੱਲ ਬੜੇ ਧਿਆਨ ਨਾਲ ਸੁਣਦੇ। "ਉਦੋਂ ਕੁੜੀਆਂ-ਮੁੰਡੇ ਸਾਨੂੰ ਦੇਖਣ ਲਈ ਸਾਡੇ ਸਟੂਡੀਓ ਦੇ ਬਾਹਰ ਖੜ੍ਹ ਜਾਂਦੇ! ਗਲੀਆਂ ਵਿੱਚੋਂ ਲੰਘਦਿਆਂ ਸਾਨੂੰ ਲੋਕੀਂ ਬਾਰੀਆਂ ਥਾਣੀਂ ਦੇਖਦੇ ਸੀ ਤੇ ਕੰਡਕਟਰ ਸਾਡੇ ਤੋਂ ਟਿਕਟ ਨਹੀਂ ਸੀ ਲੈਂਦੇ ਹੁੰਦੇ!"

ਹੌਲੀ-ਹੌਲੀ ਅਸੀਂ ਸਾਰੇ ਆਪੋ-ਆਪਣੀਆਂ ਪੜ੍ਹਾਈਆਂ ਵਿੱਚ ਰੁੱਝਦੇ ਚਲੇ ਗਏ।

ਕਦੇ-ਕਦਾਈਂ ਕਲੋਨੀ ਦੀਆਂ ਗਲੀਆਂ ਵਿੱਚ ਮਿਲ ਪੈਣ 'ਤੇ ਉਹ ਹੁਣ ਵੀ ਸਾਨੂੰ ਗੱਲਾਂ ਸੁਣਾਉਣ ਲੱਗ ਪੈਂਦਾ। "ਹੁਣ ਵਾਲੇ ਗਾਇਕ ਲਾਈਵ ਸੁਰੀਲਾ ਗਾ ਕੇ ਦਖਾਉਣ! ਮਿਕਸਿੰਗ ਕਰ-ਕਰ ਕੇ ਹੀ ਸੁਰ-ਤਾਲ ਮਿਲਾਉਣਾ ਜਾਣਦੇ ਨੇ! ਕੰਪਿਊਟਰ ਤੇ ਕਦੇ ਫੇਡ-ਇਨ ਤੇ ਕਦੇ ਫੇਡ-ਆਊਟ ਕਰ ਕੇ, ਕਦੇ ਐਕੋ ਦੇ ਕੇ ਬੇਸਿਰ-ਪੈਰ ਮਾਰੀ ਜਾਂਦੇ ਨੇ ਗੀਤਾਂ ਵਿੱਚਨਾ ਇਹਨਾਂ ਤੋਂ ਸ਼ਬਦਾਂ ਦੀ ਲੈਅ ਬਣਦੀ ਐ, ਨਾ ਮਤਲਬ ਬਣਦੈ ਕੋਈ। ਬੱਸ, ਤੁਕਬੰਦੀ ਕਰੀ ਜਾਂਦੇ ਨੇ!"

ਪਰ ਉਸ ਦੀਆਂ ਗੱਲਾਂ ਨਾਲ ਹੁਣ ਸਾਡਾ ਬਹੁਤਾ ਸਰੋਕਾਰ ਨਹੀਂ ਸੀ ਹੁੰਦਾ। ਤੇ ਸੁਣਨ ਦੀ ਸਾਡੀ ਸਹਿਣਸ਼ੀਲਤਾ ਵੀ ਹੁਣ ਘਟ ਗਈ ਸੀ। ਮੇਰੇ ਵਰਗਾ ਖਹਿੜਾ ਛੁਡਾਉਣ ਲਈ ਕਹਿ ਦਿੰਦਾ, "ਚਾਚਾ! ਆਪਣਾ ਰੇਡੀਓ ਸਟੇਸ਼ਨ ਖੋਲ੍ਹ ਲੈ ਤੂੰ!"

"ਹੁਣ ਪਹਿਲਾਂ ਆਲੀਆਂ ਗੱਲਾਂ ਨ੍ਹੀਂ! ਹੁਣ ਤਾਂ ਰੇਡੀਓ ਆਲੇ ਵੀ ਹੋਰ ਈ ਚੱਕਰਾਂ 'ਚ ਪਏ ਰਹਿੰਦੇ ਨੇ! ਦੋ-ਦੋ ਗੱਲਾਂ ਕਰ ਕੇ ਦੋ-ਦੋ ਮਿੰਟਾਂ ਦੇ ਟਰੈਕ ਲਾ ਕੇ ਕੰਮ ਮੁਕਾ ਦਿੰਦੇ ਨੇ!"

ਸਾਡੇ ਤੋਂ ਬਾਅਦ ਉਹ ਸਾਡੇ ਨਾਲੋਂ ਛੋਟਿਆਂ ਨਾਲ ਖੇਡਣ ਲੱਗ ਪਿਆ ਸੀ। ਪਰ ਕਲੋਨੀ ਬਣਨ ਨਾਲ ਹੌਲੀ-ਹੌਲੀ ਖਾਲੀ ਪਲਾਟਾਂ ਵਾਲੇ ਗਰਾਊਂਡ ਵੀ ਖ਼ਤਮ ਹੁੰਦੇ ਚਲੇ ਗਏ।

ਮੈਂ ਉਸ ਵੱਲ ਚਿਹਰਾ ਝੁਕਾਇਆ। "ਚਾਚਾ! ਰੋਟੀ-ਰੂਟੀ ਦਾ ਕਿਮੇਂ ਕਰਦੈਂ?"

"ਬਰੈਡ...... ਖਾ ਲਈਦੇ ਐ ......ਚਾਹ-ਦੁੱਧ ਨਾਲ।"

"......ਤੇ ਦਵਾਈ?"

"ਡਾਕਟਰ ਦੇ ਜਾਂਦੈ .... ਘਰ ਆ ਕੇ।"



"ਮੇਰਾ ਮਤਲਬ ਐ-ਜੇ ਕਿਸੇ ਚੀਜ਼ ਦੀ ਲੋੜ ਹੋਵੇ ਤਾਂ......"

ਉਸ 'ਨੇ' ਨਾਂਹ ਵਿੱਚ ਹੱਥ ਮਾਰਿਆ।

ਫਿਰ ਜਿਵੇਂ ਕੁਝ ਯਾਦ ਆਇਆ ਹੋਵੇ-ਉਹ ਪਏ-ਪਏ ਹੀ ਬੈੱਡ ਦੇ ਪਰਲੇ ਪਾਸੇ ਝੁਕਿਆ।

ਉਸ ਨੇ ਮੇਰੇ ਵੱਲ ਮੂੰਹ ਪਰਤਾਉਂਦਿਆਂ ਇੱਕ ਪੱਥਰ ਦੀ ਤਖ਼ਤੀ ਮੇਰੇ ਪੱਟਾਂ ਤੇ ਰੱਖ ਦਿੱਤੀ। "ਦੋ ਦਿਨ ਪਹਿਲਾਂ," ਉਸ ਦਾ ਸਾਹ ਉਖੜਿਆ ਹੋਇਆ ਸੀ, "ਬਣਵਾ ਕੇ ਲਿਆਇਆਂ।"

"ਏਸ ਹਾਲਤ 'ਚ ਗਿਆ ਸੀ ਤੂੰ!?" ਮੈਨੂੰ ਸੁਣ ਕੇ ਝਟਕਾ ਲੱਗਿਆ।

"ਜਰੂਰੀ ਸੀ! ਕਿਸੇ ਹੋਰ ਨੇ ਤਾਂ.... ਮੇਰੀ ਕਬਰ ਤੇ....ਲਾ-ਦੀਂ!"

ਮੇਰੀਆਂ ਅੱਖਾਂ ਭਰ ਆਈਆਂ। ਮੈਂ ਤਖ਼ਤੀ ਵੱਲ ਵੇਖਿਆ। ਖੁਦਿਆ ਹੋਇਆ ਸੀ: **ਹਸ਼ਮਤ ਅਲੀ, ਰੇਡੀਓ ਪ੍ਰੋਡਿਊਸਰ।**

*****

# ਮਸੀਹਾ

ਅੰਦਰੋਂ ਹਾਸੇ-ਠੱਠੇ ਦੀਆਂ ਆਵਾਜ਼ਾਂ ਆ ਰਹੀਆਂ ਸਨ।

ਘੰਟੀ ਵੱਜੀ ਤਾਂ ਸ਼ਿਵੇ ਨੇ ਕਮਰੇ 'ਚ ਆਪਣਾ ਸਿਰ ਦਾਖ਼ਲ ਕੀਤਾ।

ਸਾਹਿਬ ਨੇ ਇੰਝ ਮੂੰਹ ਬਣਾਇਆ ਹੋਇਆ ਸੀ ਜਿਵੇਂ ਦੰਦਾਂ ਹੇਠ ਮਿੱਟੀ ਦੀ ਰੋੜੀ ਆ ਗਈ ਹੋਵੇ। "ਓਏ! ਆਹ ਕੀ ਐ?...ਮਿੱਠੀ ਚਾਹ!!"

ਸ਼ਿਵੇ ਨੇ ਬਾਕੀ ਸਰੀਰ ਵੀ ਅੰਦਰ ਘਸੀਟਿਆ। ਲੱਕੜ ਦੇ ਵਿਸ਼ਾਲ ਟੇਬਲ ਪਿੱਛੇ ਬੈਠੇ ਸਾਹਿਬ ਦਾ ਛੋਟਾ ਜਿਹਾ ਧੜ ਰਿਵਾੱਲਵਿੰਗ ਚੇਅਰ 'ਤੇ ਪੈਂਟ-ਕੋਟ 'ਚ ਸਜਿਆ ਹੋਇਆ ਸੀ। ਸਾਹਿਬ ਦੇ ਸੱਜੇ ਮੋਢੇ ਉੱਤੋਂ ਦਫਤਰ ਵਿੱਚ ਸੇਵਾ ਕਰ ਚੁੱਕੇ ਅਫਸਰਾਂ ਦੀ ਸੂਚੀ ਝਾਤੀ ਮਾਰ ਰਹੀ ਸੀ। ਤਰੀਕ ਅਨੁਸਾਰ ਬਣੀ ਸੂਚੀ ਵਿੱਚ ਸਾਹਿਬ ਦਾ ਨਾਮ ਅਖੀਰ 'ਚ ਲਿਖਿਆ ਹੋਇਆ ਸੀ। ਖੱਬੇ ਪਾਸੇ ਸਪਲਿੱਟ ਏ. ਸੀ. ਜਬਾੜ੍ਹੇ ਫੈਲਾਈਂ ਸਾਊ ਬਣਿਆ ਬੈਠਾ ਸੀ।

ਸਾਹਿਬ ਨੇ ਚਾਹ ਦੀ ਪਿਆਲੀ ਮੇਜ਼ 'ਤੇ ਰੱਖਦਿਆਂ ਸ਼ਿਵੇ ਵੱਲ ਭਰਵੱਟੇ ਸਿਕੋੜੇ।

"ਮੈਨੂੰ ਲੱਗਦੈ, ਤੁਹਾਡੀ ਚਾਹ ਗਲਤੀ ਨਾਲ ਮੇਰੇ ਕੋਲ, ਤੇ ਮੇਰੇ ਆਲੀ ਤੁਹਾਡੇ ਕੋਲ ਆ-ਗੀ!" ਸਾਹਬ ਦੇ ਸਾਹਮਣੇ ਬੈਠਾ ਵਿਅਕਤੀ ਬੋਲਿਆ।

"ਧਿਆਨ ਕਿੱਥੇ ਐ, ਓਏ, ਤੇਰਾ?" ਸ਼ਿਵੇ ਵੱਲ ਘੂਰੀ ਵੱਟਦਿਆ ਸਾਹਬ ਦੀ ਆਵਾਜ਼ ਹੋਰ ਉੱਚੀ ਹੋ ਗਈ।

"ਓਅਓਅਅ, ਜੀ!!"

ਸਾਹਿਬ ਕੁੱਝ ਬੋਲਣ ਹੀ ਲੱਗਿਆ ਸੀ ਕਿ ਦੂਜਾ ਵਿਅਕਤੀ ਬੋਲ ਪਿਆ, "ਛੱਡੋ, ਸਰ! ਕੋਈ ਗੱਲ ਨ੍ਹੀਂ!"

ਸ਼ਿਵੇ ਨੇ ਵਿਅਕਤੀ ਵੱਲ ਧਿਆਨ ਨਾਲ ਵੇਖਿਆ। ਉਸ ਨੇ ਲਾਲ ਰੰਗ ਦੀ ਪੱਗ ਬੰਨ੍ਹੀ ਹੋਈ ਸੀ, ਚਿੱਟੇ ਕੁੜਤੇ-ਪਜਾਮੇ ਦੇ ਉੱਪਰ ਖੱਦਰ ਦੀ ਜਾਕਟ ਪਾਈ ਹੋਈ ਸੀ। ਉਸ ਦੇ ਨਾਲ ਬੈਠੇ ਵਿਅਕਤੀ ਨੇ ਆਮ ਪੈਂਟ-ਸ਼ਰਟ ਨਾਲ ਸਵਾਟਰ ਪਾਇਆ ਹੋਇਆ ਸੀ।

ਸਾਹਿਬ ਨੂੰ ਜਿਵੇਂ ਕੁੱਝ ਯਾਦ ਆਇਆ ਹੋਵੇ! "ਨਾਲ਼ੇ, ਤੈਨੂੰ ਕਿੰਨੀ ਵਾਰ



ਕਿਹੈ, ਪਈ, ਗਲੱਵਜ਼ ਪਾ ਕੇ ਸਰਵ ਕਰਿਆ ਕਰ ਚਾਹ!"

"ਸਾਹਬ ਜੀ! ਹੈੱਡ ਕਲਰਕ ਨੇ ਦਿੱਤੇ ਨ੍ਹੀਂ!" ਉਸ ਨੇ ਮੋਢਿਆਂ 'ਚ ਦਬੀ ਗਰਦਨ ਨੂੰ ਹਰਕਤ ਦਿੱਤੀ। ਪੁਰਾਣੀ ਕੋਟੀ ਨੂੰ ਪੈਂਟ ਕੋਲੋਂ ਠੀਕ ਕੀਤਾ।

"ਹੈੱਡ-ਆੱਫ਼-ਆਫਿਸ ਮੈਂ ਆਂ ਕਿ ਸ਼ਰਮਾ ਐ?"

"ਓ, ਛੱਡੋ, ਸਰ! ਅਸੀਂ ਸ਼ਾਇਰ ਲੋਕ ਤਾਂ ਰੇੜ੍ਹੀਆਂ ਤੇ ਚਾਹ ਪੀਣ ਦੇ ਆਦੀ ਆਂ!" ਸਰਦਾਰ ਨੇ ਦਖ਼ਲ ਦਿੱਤਾ। ਸਾਹਿਬ ਨੇ ਵੀ ਮੌਕਾ ਵੇਖ ਕੇ ਗੱਲ ਦਾ ਰੁਖ਼ ਬਦਲ ਲਿਆ। "ਸਾਡੇ ਤਾਂ ਚਪੜਾਸੀ ਵੀ ਸ਼ਾਇਰ ਨੇ! ਆਹ ਵੇਖੋ!" ਸ਼ਿਵੇ ਵੱਲ ਇਸ਼ਾਰਾ ਕਰਦਿਆਂ ਸਾਹਿਬ ਹੱਸਿਆ।

ਪਰ ਦੋਵਾਂ ਮਹਿਮਾਨਾਂ ਨੇ ਹੱਸਣ ਦੀ ਬਜਾਇ ਸ਼ਿਵੇ ਵੱਲ ਵੇਖਿਆ। "ਤੁਸੀਂ ਵੀ ਸ਼ਾਇਰੀ ਕਰਦੇ ਓਂ?" ਸਰਦਾਰ ਨੇ ਸ਼ਿਵੇ ਦੇ ਛੋਟੇ ਕੱਦ ਨੂੰ ਹੇਠਾਂ ਤੋਂ ਉੱਪਰ ਵੱਲ ਘੋਖਿਆ।

"ਮੈਂ ਨਹੀਂ, ਜੀ! ਮੇਰਾ ਬਾਪ ਕਰਦਾ ਸੀ ਸ਼ਾਇਰੀ। ਮੇਰਾ ਨਾਮ ਵੀ ਉਹਨੇ ਸ਼ਿਵ ਕੁਮਾਰ ਬਟਾਲਵੀ ਦੇ ਨਾਮ ਤੇ ਰੱਖਿਆ ਸੀ! ਮੁਸ਼ਾਇਰਿਆਂ ਤੇ ਵੀ ਜਾਂਦਾ ਹੁੰਦਾ ਸੀ।" ਸ਼ਿਵਾ ਸਾਹਿਬ ਦੇ ਖੱਬੇ ਪਈਆਂ ਕੁਰਸੀਆਂ 'ਚੋਂ ਇੱਕ 'ਤੇ ਬੈਠ ਗਿਆ। ਗੱਲ ਕਰਦਿਆਂ ਅਚੇਤ ਹੀ ਉਸ ਨੇ ਆਪਣੀ ਖੱਬੀ ਲੱਤ 'ਤੇ ਸੱਜੀ ਲੱਤ ਰੱਖ ਲਈ। "ਉਹਦੇ ਯਾਰ-ਬੇਲੀ ਬੜੇ ਆਉਂਦੇ ਸੀ। ਸ਼ਾਇਰਾਂ ਦੇ ਈ ਡੇਰੇ ਲੱਗੇ ਰਹਿੰਦੇ ਸੀ ਘਰ ਸਾਡੇ!....!"

"ਚੰਗਾ-ਚੰਗਾ! ਮੈਂ ਸ਼ਰਮੇ ਨੂੰ ਇੱਕ ਕੰਮ ਕਿਹੈ! ਜਾ ਕੇ ਪੁੱਛ ਉਹਨੂੰ ਹੋ ਗਿਆ ਕਿ ਨਹੀਂ!" ਸਾਹਿਬ ਨੇ ਮੇਜ਼ 'ਤੇ ਪਿਆ ਆਈ ਫੋਨ ਚੁੱਕਿਆ। "ਘੰਟੇ ਕੁ ਬਾਦ ਮੇਰੇ ਘਰ ਜਾਈਂ। ਮੈਡਮ ਨੇ ਕੁਸ਼ ਸਮਾਨ ਮੰਗਵਾਉਣੇ ਬਜ਼ਾਰੋਂ।"

"ਜਾ ਆਉਨਾਂ ਜੀ!" ਸ਼ਿਵਾ ਫੌਜੀਆਂ ਵਾਂਗ ਸਾਵਧਾਨ ਮੁਦਰਾ 'ਚ ਖੜ੍ਹਾ ਹੋ ਗਿਆ। ਕਮਰੇ ਦੇ ਦਰਵਾਜ਼ੇ ਕੋਲ ਜਾ ਕੇ ਉਹ ਰੁਕਿਆ, ਤੇ ਫਿਰ ਮੂੰਹ ਘੁਮਾ ਕੇ ਬੋਲਿਆ, "...ਓਹ ਜੀ, ਮੇਰੇ ਪੈਸਿਆਂ ਦਾ ਦੇਖ ਲਿਓ!"

ਸੁਣ ਕੇ ਸਾਹਿਬ ਮੂੰਹ 'ਚ ਹੀ ਬੁੜਬੁੜਾਇਆ, ਜਿਸ ਦੀ ਸ਼ਿਵੇ ਨੂੰ ਸਮਝ ਨਾ ਲੱਗੀ, ਤੇ ਉਹ ਬਾਹਰ ਨਿੱਕਲ ਗਿਆ।

"ਸ਼ਰਮਾ ਜੀ! ਸਾਹਿਬ ਨੇ ਪੁੱਛਿਐ, ਪਈ, ਕੰਮ ਹੋ ਗਿਆ?" ਐਡਮਿਨ ਸੈਕਸ਼ਨ 'ਚ ਦਾਖ਼ਲ ਹੁੰਦਿਆਂ ਹੀ ਸ਼ਿਵੇ ਨੇ ਟੱਕਰ 'ਚ ਬੈਠੇ ਹੈੱਡ ਕਲਰਕ ਨੂੰ ਸੰਬੋਧਨ ਕੀਤਾ। ਹੈੱਡ ਕਲਰਕ ਨੇ ਸਫੈਦ ਵਾਲ ਸੰਵਾਰ ਕੇ ਪਿੱਛੇ ਨੂੰ ਵਾਹੇ ਹੋਏ ਸਨ। ਵਾਲਾਂ ਦੀ ਲਗਾਤਾਰ ਘਟ ਰਹੀ ਗਿਣਤੀ ਉਸ ਦੀ ਨੇੜੇ ਆ ਰਹੀ ਰਿਟਾਰਿਮੈਂਟ ਵੱਲ ਇਸ਼ਾਰਾ ਕਰ ਰਹੀ ਸੀ। ਬਰੀਕ ਮੁੱਛਾਂ ਉਸ ਦੇ ਪੁਰਾਣੇ ਜ਼ਮਾਨੇ ਦੀ ਬਾਤ ਪਾ ਰਹੀਆਂ ਸਨ।

"ਅਸੀਂ ਮਸ਼ੀਨਾਂ ਥੋੜ੍ਹੋ ਆਂ!" ਲਿਖਣਾ ਛੱਡ ਕੇ ਹੈੱਡ-ਕਲਰਕ ਨੇ ਸ਼ਿਵੇ ਵੱਲ ਵੇਖਿਆ, "ਬਹਿ ਜਾ ਥੋੜ੍ਹੀ ਦੇਰ!"

ਉੱਚੀ ਛੱਤ ਵਾਲੇ ਹਾਲ ਕਮਰੇ ਵਿੱਚ ਤਿੰਨੋ ਕਲਰਕ ਕਾਗ਼ਜ਼ਾਂ 'ਚ ਉਲਝੇ ਹੋਏ ਸਨ। ਕਮਰਾ ਲੋਹੇ ਦੀਆਂ ਕਈ ਅਲਮਾਰੀਆਂ ਨਾਲ ਭਰਿਆ ਹੋਇਆ ਸੀ। ਅਲਮਾਰੀਆਂ ਵਿਚਕਾਰ ਪਿਆ ਕੂਲਰ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕੋਈ ਬੱਚਾ ਵੱਡਿਆਂ ਦੀ ਭੀੜ ਵਿੱਚ ਕਿਸੇ ਤਰ੍ਹਾਂ ਥਾਂ ਬਣਾਉਣ ਵਿੱਚ ਕਾਮਯਾਬ ਹੋ ਗਿਆ ਹੋਵੇ। ਅਲਮਾਰੀਆਂ ਤੋਂ ਛੱਤ ਤੱਕ ਰਹਿੰਦੀ-ਖੂੰਹਦੀ ਥਾਂ ਮੱਲ ਕੇ ਮਹਾਤਮਾ ਗਾਂਧੀ ਤੇ ਰਾਸ਼ਟਰਪਤੀ ਆਪਣੀ-ਆਪਣੀ ਤਸਵੀਰ ਵਿੱਚ ਮੁਸਕੁਰਾ ਰਹੇ ਸਨ। ਕਮਰੇ ਦੀਆਂ ਪੁਰਾਣੀਆਂ ਕੰਧਾਂ ਨਾਲ ਨਵਾਂ ਪੇਂਟ ਧੱਕੇ ਨਾਲ ਵਿਆਹਿਆ ਹੋਇਆ ਸੀ। ਪੁਰਾਣਾ ਕਲੀਨ ਸੀਮੇਂਟ ਦੇ ਫਰਸ਼ ਨੂੰ ਕੱਜਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਸੀ, ਜਿਸ ਦੇ ਦਾਇਰੇ ਤੋਂ ਬਾਹਰ ਫਰਸ਼ ਦੀ ਗਰੀਬੀ ਝਾਤੀਆਂ ਮਾਰ ਰਹੀ ਸੀ।

"ਨਾਲ਼ੇ, ਅੱਜ ਸਾਹਿਬ ਫੇਰ ਪੁੱਛਦਾ ਸੀ, ਪਈ, ਤੁਸੀਂ ਮੈਨੂੰ ਗਲੱਵਜ਼ ਨ੍ਹੀਂ ਦਿੱਤੇ!"

"ਗਲੱਵਜ਼-ਗਲੁੱਵਜ਼ ਦੀ ਪ੍ਰੋਵੀਜ਼ਨ ਹੈ ਨ੍ਹੀਂ ਆਪਣੇ ਦਫਤਰ 'ਚ!" ਹੈੱਡ-ਕਲਰਕ ਦਾ ਲਹਿਜਾ ਹੋਰ ਕੌੜਾ ਹੋ ਗਿਆ।

ਸ਼ਿਵਾ ਮਰੀਅਲ ਅਵਾਜ਼ 'ਚ ਬੋਲਿਆ, "ਮਾੜ੍ਹੀ-ਮਾੜ੍ਹੀ ਚੀਜ਼ ਪਿੱਛੇ ਲਾਹ ਦਿੰਦੈ ਸਾਹਿਬ ਤਾਂ ਬੰਦੇ ਨੂੰ!...!"

"ਉਹਨੇ, ਫੇਰ, ਏਹ ਵੀ ਤਾਂ ਦਖਾਉਣਾ ਹੁੰਦੈ, ਪਈ, ਮੇਰੀ ਕਿੰਨੀ ਚੜ੍ਹਾਈ ਐ ਏਥੇ!" ਹੈੱਡ ਕਲਰਕ ਦੇ ਖੱਬੇ ਪਾਸਿਉਂ ਅੱਪਰ-ਡਿਵੀਜ਼ਨ ਕਲਰਕ (ਯੂ.ਡੀ.ਸੀ.) ਰਜੇਸ਼ ਕੁਮਾਰ ਬੋਲਿਆ। ਉਸ ਦਾ ਲੰਮਾ ਕੱਦ 'ਤੇ ਭਾਰੀ-ਭਰਕਮ ਸਰੀਰ ਤਿੰਨਾਂ ਕਲਰਕਾਂ ਵਿੱਚੋਂ ਅਲੱਗ ਹੀ ਆਪਣੀ ਹੋਂਦ ਦਰਸਾ ਰਿਹਾ ਸੀ।

ਉਸ ਨੇ ਪੈੱਨ ਕਾਗ਼ਜ਼ਾਂ ਦੇ ਪਰਲੇ ਪਾਸੇ ਰੱਖਿਆ ਤੇ ਸ਼ਰਮਾ ਜੀ ਵੱਲ ਮੋਟੀ ਗਰਦਨ ਘੁਮਾਈ, "ਕਿਸੇ ਜੱਜ ਦੇ ਦਫਤਰ ਦੇਖ ਆਇਆ ਇਹ ਗਲੱਵਜ਼! ਓਦੋਂ ਦਾ ਈ ਪਿੱਛੇ ਪਿਆ ਹੋਇਐ!....ਅਫਸਰ ਤਾਂ ਏਹਨੂੰ ਮੂੰਹ ਲਾਉਂਦਾ ਨ੍ਹੀਂ ਕੋਈ! ਇਹ ਐਮੇਂ ਈ ਉਹਨਾਂ ਪਿੱਛੇ ਪੂੰਛ ਹਲਾਉਂਦਾ ਫਿਰਦਾ ਰਹਿੰਦੈ!...ਹੁਣ ਤਾਂ ਵਿਕਾਸ ਨੂੰ ਵੀ ਪਤਾ ਲੱਗ ਗਿਆ ਸਾਹਬ ਦਾ! ਕਿਉਂ, ਵਿਕਾਸ?" ਸਾਹਮਣੀ ਸੀਟ ਵਾਲੇ ਨੌਜਵਾਨ ਕਲਰਕ ਵੱਲ ਵੇਖਦਿਆ ਉਸ ਦੇ ਮੋਟੇ ਬੁੱਲ੍ਹ ਹੱਸੇ।

"ਕੁਮਾਰ ਸਾਹਬ!...ਜਿਸ ਦਿਨ ਏਹਨੇ ਜਾਹਲੀ ਬਿਲ ਬਣਵਾਉਣ ਆਲੀ ਗੱਲ ਕੀਤੀ ਐ, ਮੈਂ ਤਾਂ ਹਰਾਨ ਰਹਿ ਗਿਆ, ਪਈ, ਐਮੇਂ ਵੀ ਕਰਦੇ ਨੇ ਲੋਕ!...ਬੱਸ, ਆਪਣੇ ਕਮਰੇ ਤੇ ਘਰ ਨੂੰ ਫਾਈਵ-ਸਟਾਰ ਬਣਾਉਣ 'ਤੇ ਜ਼ੋਰ ਦੇ ਰੱਖਿਐ ਇਹਨੇ ਤਾਂ!" ਵਿਕਾਸ ਬੋਲਿਆ।

"ਸਾਨੂੰ ਸਾਰਾ ਦਿਨ ਕੰਮ ਲਾਈ ਰੱਖਦੈ! ਆਪ ਲੋਕਾਂ ਨਾਲ ਬੈਠਾ ਗੱਲਾਂ ਮਾਰਦਾ ਰਹਿੰਦੈ!" ਰਜੇਸ਼ ਕੁਮਾਰ ਨੇ ਦੰਦ ਕਰੀਚੇ। "ਜੇ ਹੁੰਦੇ ਨਾ ਪੁਰਾਣੇ ਟਾਈਪ ਦੇ



ਇੰਪਲਾਈਜ਼ ਹੁਣ ਨੂੰ ਲੱਪੜ ਲੱਗ ਜਾਣੇ ਸੀ ਏਹਦੇ!"

"ਵਿਕਾਸ ਵੀ ਹੁਣ ਕੋਈ ਨਵਾਂ ਥੋੜ੍ਹੋ ਰਹਿ ਗਿਐ! ਤਿੰਨ ਸਾਲਾਂ ਨੂੰ ਇਹਨੇ ਯੂ.ਡੀ.ਸੀ. ਬਣ ਜਾਣੈ!....ਸਾਹਬ ਦਾ ਤਾਂ ਵੱਸ ਨ੍ਹੀਂ ਚਲਦਾ, ਨਹੀਂ ਤਾਂ ਇਹ ਦਫ਼ਤਰ ਨੂੰ ਵੇਚ ਦੇਵੇ!" ਹੈੱਡ-ਕਲਰਕ ਨੇ ਬਿਨਾ ਕਾਗ਼ਜ਼ਾਂ ਤੋਂ ਚਿਹਰਾ ਚੁੱਕਿਆਂ ਗੱਲ ਕੀਤੀ। "ਲਿਸ਼ਕਦੇ ਚਿਹਰਿਆਂ ਪਿੱਛੇ ਪਾਪ ਥੋੜ੍ਹਾ ਲੁਕਦੇ ਨੇ!....ਸਾਹਬ ਦਾ ਪਿਉ ਵੀ ਕਰੱਪਟ ਸੀ ਪੂਰਾ! ਓਸੇ ਨੇ ਸੈੱਟ ਕਰਵਾਇਐ ਏਹਨੂੰ ਮਹਿਕਮੇ 'ਚ!"

ਸ਼ਿਵੇ ਨੇ ਖਿੱਚੇ ਮੋਢਿਆਂ ਅੰਦਰ ਗਰਦਨ ਸੱਜੇ-ਖੱਬੇ ਘੁਮਾਈ। "ਇਕ ਸਾਡਾ ਪਿਓ ਸੀ, ਆਹ ਸ਼ਾਇਰੀਆਂ ਤੇ ਲੀਡਰੀ 'ਚ ਈ ਉੜਾ-'ਤਾ ਸਭ ਕੁਸ਼!!"

"ਓ, ਤੂੰ ਸ਼ਾਇਰਾਂ ਨੂੰ ਐਵੇਂ-ਕਿਵੇਂ ਈ ਸਮਝਦੈਂ!" ਰਜੇਸ਼ ਕੁਮਾਰ ਹੱਸਿਆ।

"ਕਾਹਦੀ ਸ਼ੈਯਰੀ, ਕੁਮਾਰ ਸਾਹਬ! ਅਪਸਰ ਦੇ ਲੱਪੜ ਮਾਰ ਦੇਣੇ ਕੋਈ ਸਿਆਣਪ ਥੋੜ੍ਹੋ ਐ! ਆਹ ਰੁਲ਼ਦੇ ਆਂ ਓਦੋਂ ਦੇ ਅਸੀਂ! ਤਿੰਨ ਮਹੀਨੇ ਹੋ-ਗੇ, ਤਨਖਾਹ ਮਿਲੀ ਨੂੰ!"

"ਓ, ਚੱਲ! ਪੈਸੇ 'ਕੱਠੇ ਹੋਈ ਜਾਂਦੇ ਨੇ ਤੇਰੇ!" ਰਜੇਸ਼ ਤੇ ਵਿਕਾਸ ਨੂੰ ਕਾਗਜ਼ ਫੜਾਉਂਦਿਆਂ ਸ਼ਰਮਾ ਜੀ ਬੋਲੇ।

"ਕੱਠੇ ਕਾਹਦੇ, ਸ਼ਰਮਾ ਜੀ! ਘਰੇ ਔਖਾ ਹੋਇਆ ਪਿਐ! ਥੋਨੂੰ ਤਾਂ, ਸਾਰਿਆਂ ਨੂੰ, ਤਨਖਾਹਾਂ ਮਿਲੀ ਜਾਂਦੀਆਂ ਨੇ!"

"ਇਹ ਤਾਂ ਹੈੱਡ-ਆੱਫ਼-ਆਫਿਸ 'ਤੇ ਡਿਪੈਂਡ ਕਰਦਾ ਐ! ਜੇ ਉਹ ਰਿਮਾਈਂਡਰ ਭੇਜੇ ਤੇ ਹੈੱਡ ਆੱਫਿਸ ਫੋਨ ਕਰੇ, ਤਾਂ ਸੈਂਕਸ਼ਨ ਮਿਲੇ! ਤੇਨੂੰ ਮੈਂ ਕਿਹਾ ਸੀ ਲਿਖ ਕੇ ਸਾਹਬ ਦੇ ਟੇਬਲ 'ਤੇ ਰੱਖ ਦੇ।" ਇਸ ਵਾਰ ਸ਼ਰਮਾ ਜੀ ਵਿਹਲੇ ਬੈਠੇ ਸਨ। ਬਾਕੀ ਦੋਵੇਂ ਕਲਰਕ ਕੰਮ ਵਿੱਚ ਰੁੱਝੇ ਹੋਏ ਸਨ।

"ਉਹ ਤਾਂ ਮੈਂ ਲਿਖ 'ਤਾ ਸੀ, ਸ਼ਰਮਾ ਜੀ! ਪਰ ਸਾਹਬ ਨੇ ਕੋਈ ਗੱਲ ਕੀਤੀ ਨ੍ਹੀਂ ਅਜੇ! ਕੀ ਦੱਸਾਂ, ਸ਼ਰਮਾ ਜੀ! ਛੋਟੇ ਦੀ ਫੀਸ ਦੇਣ ਤੋਂ ਰਹਿੰਦੀ ਐ! ਸੈਂਕਸ਼ਨ ਖਬਰੈ ਕਦੋਂ ਆਊ!"

ਰਜੇਸ਼ ਨੇ ਕਾਗ਼ਜ਼ਾਂ ਤੋਂ ਮੂੰਹ ਚੁੱਕ ਕੇ ਸ਼ਿਵੇ ਵੱਲ ਵੇਖਿਆ। "ਕੋਈ ਗੱਲ ਨ੍ਹੀਂ! ਕੇਂਦਰੀ ਵਿਦਿਆਲਯ ਦਾ ਇੱਕ ਸੀਨੀਅਰ ਟੀਚਰ ਜਾਣਦਾ ਐ ਮੈਨੂੰ! ਆਪਾਂ ਓਥੇ ਕਰਵਾ ਦਿੰਦੇ ਆਂ ਅਡਮਿਸ਼ਨ!"

"ਗੱਲ ਆਏਂ ਐ, ਕੁਮਾਰ ਸਾਹਬ!...," ਸ਼ਿਵਾ ਕੋਨੇ ਵਾਲੀ ਕੁਰਸੀ 'ਤੇ ਬੈਠ ਗਿਆ। "ਅਸੀਂ ਤਾਂ ਚੰਗੀ ਤਰ੍ਹਾਂ ਪੜ੍ਹ ਨ੍ਹੀਂ ਸਕੇ! ਜਮੀਨ-ਜੈਦਾਦ ਪਿਓ ਮੇਰੇ ਨੇ ਮੁਕੱਦਮਿਆਂ 'ਚ ਈ ਰੋੜ੍ਹ 'ਤੀ!....ਓਦੋਂ ਸਾਡੇ ਘਰ ਰਾਜਦੂਤ ਮੋਟਰਸਾਇੰਕਲ ਆ ਗਿਆ ਸੀ, ਜਦੋਂ ਸਾਰੇ ਮਹੱਲੇ 'ਚ ਇੱਕੋ ਮੋਟਰਸਾਇੰਕਲ ਹੁੰਦਾ ਸੀ!....ਜਮੀਨ ਸੀਗੀ ਸਾਡੀ ਸ਼ਹਿਰ 'ਚ ਕਾਫ਼ੀ!....ਪਰ ਪਿਉ ਮੇਰਾ ਅੜਬ ਬਾਹਲ਼ਾ ਸੀ! ਹੋਰ ਈ ਕੰਮਾਂ 'ਚ ਗਵਾ-'ਤਾ

ਸਾਰਾ ਕੁਸ਼!....!ਮੈਂ ਹੁਣ ਚਾਹੁੰਨਾਂ, ਮੇਰੇ ਬੱਚਿਆਂ ਦਾ ਭਵਿੱਖ ਸੰਵਰ ਜੇ! ਉਹ ਕਿਸੇ ਚੰਗੇ ਪਬਲਿਕ ਸਕੂਲ 'ਚ ਪੜ੍ਹ ਜਾਣ!"

ਸੁਣ ਕੇ ਸ਼ਰਮਾ ਜੀ ਨੂੰ ਜਿਵੇਂ ਚਿੜ੍ਹ ਚੜ੍ਹੀ ਹੋਵੇ! "ਚੰਗਾ! ਚੰਗਾ! ਜਾ ਕੇ ਮੇਰੇ ਘਰੋਂ ਰੋਟੀ ਲਿਆ ਫੜ ਕੇ!"

"ਠੀਕ ਐ ਜੀ!"

ਪਰ ਘੰਟੀ ਦੀ ਆਵਾਜ਼ ਸੁਣਦਿਆਂ ਹੀ ਸ਼ਿਵਾ ਬਾਹਰ ਨਿੱਕਲ ਗਿਆ। "ਪਹਿਲਾਂ ਸਾਹਬ ਦੀ ਗੱਲ ਸੁਣ ਲਾਂ!"

ਸ਼ਿਵੇ ਦੇ ਅੰਦਰ ਵੜਦਿਆਂ ਹੀ ਸਾਹਿਬ ਕੜਕਿਆ, "ਤੂੰ ਫੇਰ ਲਿਖ-ਲਿਖ ਦੇਈ ਜਾ ਰਿਹੈਂ ਕਿ ਤੇਰੀ ਤਨਖਾਹ ਦਿੱਤੀ ਜਾਵੇ!" ਉਸ ਨੇ ਹੱਥ ਵਿੱਚ ਫੜੀ ਸ਼ਿਵੇ ਦੀ ਅਰਜ਼ੀ ਲਹਿਰਾਈ।

"ਸਾਹਬ ਜੀ, ਤਿੰਨ ਮਹੀਨੇ ਹੋ-ਗੇ ਤਨਖਾਹ ਮਿਲੀ ਨੂੰ!"

"ਤੇਨੂੰ ਦੱਸਿਆ ਤਾਂ ਸੀ ਕਿ ਹਾਲੀਂ ਕੈਜ਼ੂਅਲ ਇੰਪਲਾਈਜ਼ ਦੀ ਸੈਂਕਸ਼ਨ ਨ੍ਹੀਂ ਆਈ!" ਸਾਹਬ ਨੇ ਅੱਖਾਂ ਫਾੜਦਿਆਂ ਦੋਹਾਂ ਜਬਾੜਿਆਂ ਨੂੰ ਦਬਾਇਆ।

"ਪਰ, ਸਰ ਜੀ! ਮੈਂ ਬੱਚੇ ਦੀ ਫੀਸ ਭਰਨੀ ਐ!"

"ਤੂੰ ਸਰਕਾਰੀ ਸਕੂਲ 'ਚ ਕਿਓਂ ਨ੍ਹੀਂ ਲਾ ਦਿੰਦਾ ਓਹਨੂੰ! ਓਥੇ ਤਾਂ ਫੀਸ ਮਾਫ ਹੋ ਜਾਂਦੀ ਐ!"

"ਮੈਂ, ਜੀ, ਜਵਾਕ ਨੂੰ ਚੰਗੇ ਸਕੂਲ 'ਚ ਪੜ੍ਹਾਉਣਾ ਚਾਹੁੰਨਾਂ!"

"ਸਿਕਿਓਰਿਟੀ ਗਾਰਡ ਵੀ ਤਾਂ ਤੇਰੇ ਵਾਂਗ ਕੈਜ਼ੂਅਲ ਈ ਐ! ਉਹਨੇ ਤਾਂ ਕਦੇ ਨ੍ਹੀਂ ਰੌਲ਼ਾ ਪਾਇਆ!....!"

ਦਰਵਾਜ਼ੇ ਦਾ ਹੈਂਡਲ ਘੁਮਾਉਂਦਿਆਂ ਸ਼ਰਮਾ ਜੀ ਦੇ ਹੱਥ ਰੁਕ ਗਏ। ਸਾਹਿਬ ਦੇ ਕਮਰੇ ਅੰਦਰੋਂ ਉਥਲ-ਪੁਥਲ ਦੀ ਆਵਾਜ਼ ਆਈ। ਫਿਰ ਪਿਆਲੀਆਂ ਫੁੱਟਣ ਦੀਆਂ ਆਵਾਜ਼ਾਂ! ਸ਼ਰਮਾ ਜੀ ਨੇ ਫਾਈਲਾਂ ਨੂੰ ਖੱਬੇ ਤੋਂ ਸੱਜੇ ਹੱਥ ਵਿੱਚ ਫੜਿਆ। ਦਰਵਾਜ਼ੇ ਨਾਲ ਕੰਨ ਲਾਇਆ।

ਦਰਵਾਜ਼ਾ ਇੱਕਦਮ ਖੁੱਲ੍ਹਿਆ। ਅੰਦਰੋਂ ਸ਼ਿਵਾ ਗੋਲੀ ਵਾਂਗ ਨਿੱਕਲਿਆ ਤੇ ਤੇਜ਼-ਕਦਮੀਂ ਦਫ਼ਤਰ ਦੇ ਗੇਟ ਵੱਲ ਤੁਰ ਗਿਆ। ਉਸ ਨੇ ਸ਼ਰਮਾ ਜੀ ਵੱਲ ਵੇਖਿਆ ਤੱਕ ਨਾ!

ਪਿੱਛੋਂ ਕਮਰੇ ਦਾ ਦਰਵਾਜ਼ਾ ਠਾਹ ਕਰਕੇ ਬੰਦ ਹੋਇਆ।

ਮੱਥੇ ਦੀਆਂ ਉਲਝੀਆਂ ਲਕੀਰਾਂ ਨਾਲ ਸ਼ਰਮਾ ਜੀ ਅੰਦਰ ਦਾਖ਼ਲ ਹੋਏ।

ਮੇਜ਼ ਦੇ ਪਰਲੇ ਪਾਸੇ ਆਪਣੀ ਕੁਰਸੀ ਅੱਗੇ ਖੜ੍ਹਾ ਸਾਹਿਬ ਟਾਈ ਠੀਕ ਕਰ ਰਿਹਾ ਸੀ। ਵੱਟਾਂ ਭਰੀ ਕਮੀਜ਼ ਪੈਂਟ 'ਚੋਂ ਬਾਹਰ ਨਿੱਕਲੀ ਹੋਈ ਸੀ। ਛਿੱਦੇ ਵਾਲ ਖਿੰਡੇ ਹੋਏ ਸਨ। ਮੇਜ਼ ਦੇ ਇੱਕ ਪਾਸੇ ਟੁੱਟੀ ਹੋਈ ਪਿਆਲੀ ਦਾ ਮਲਬਾ ਬਿਖਰਿਆ ਪਿਆ ਸੀ।



ਦੂਜੀ ਪਿਆਲੀ ਮੇਜ਼ ਉੱਪਰ ਟੇਢੀ ਹੋਈ ਪਈ ਸੀ, ਜਿਸ ਵਿੱਚੋਂ ਬਚੀ ਹੋਈ ਚਾਹ ਦੇ ਤੁਪਕੇ ਡਿੱਗ ਕੇ ਮੇਜ਼ ਤੇ ਫੈਲ ਗਏ ਸਨ।

ਸ਼ਰਮਾ ਜੀ ਦੀਆਂ ਟੱਡੀਆਂ ਅੱਖਾਂ ਵੇਖ ਕੇ ਸਾਹਿਬ ਦਾ ਭਖ਼ਿਆ ਚਿਹਰਾ ਹੋਰ ਲਾਲ ਹੋ ਗਿਆ। ਉਸ ਨੇ ਮੇਜ਼ ਤੋਂ ਅੱਧ-ਭਰਿਆ ਗਲਾਸ ਚੁੱਕਿਆ। ਇੱਕੋ ਡੀਕ 'ਚ ਖਾਲੀ ਕਰਕੇ ਗਲਾਸ ਮੇਜ਼ 'ਤੇ ਰੱਖ ਦਿੱਤਾ। ਉਸ ਨੇ ਰੁਮਾਲ ਨਾਲ ਪਹਿਲਾਂ ਬੁੱਲ੍ਹ, ਤੇ ਫਿਰ ਮੱਥਾ ਪੂੰਝਿਆ। ਸ਼ਰਮਾ ਜੀ ਨੇ ਹਾਸੀ ਬੁੱਲ੍ਹਾਂ ਵਿੱਚ ਹੀ ਨੱਪ ਲਈ।

ਐਡਮਿਨ ਸੈਕਸ਼ਨ 'ਚ ਮੁਸਕੁਰਾਉਂਦਿਆਂ ਸ਼ਰਮਾ ਜੀ ਨੇ ਐਲਾਨ ਕੀਤਾ, "ਸ਼ਿਵੇ ਨੇ ਲਾ 'ਤੀਆਂ ਅੱਜ ਸਾਹਬ ਦੇ!"

"ਸੱਚੀਂ!" ਰਜੇਸ਼ ਕੁਮਾਰ ਖੜ੍ਹਾ ਹੋ ਗਿਆ। ਵਿਕਾਸ ਨੇ ਵੀ ਕਾਗ਼ਜ਼ਾਂ ਤੋਂ ਮੂੰਹ ਚੁੱਕਿਆ।

ਰਜੇਸ਼ ਕੁਮਾਰ ਦੀਆਂ ਅੱਖਾਂ ਚਮਕੀਆਂ, "ਜਿਹੜਾ ਕੰਮ, ਸ਼ਰਮਾ ਜੀ, ਆਪਾਂ ਐਨੇ ਸਾਲਾਂ ਤੋਂ ਨ੍ਹੀਂ ਕਰ ਸਕੇ, ਉਹ ਅੱਜ ਸ਼ਿਵੇ ਨੇ ਕਰ 'ਤਾ!"

*****

# ਖ਼ਜ਼ਾਨਾ

"ਓਦੋਂ ਆਪਾਂ ਆਪਣੇ ਬੁੜ੍ਹਿਆਂ ਦੀਆਂ ਗੱਲਾਂ ਗੌਲਦੇ ਈ ਨ੍ਹੀਂ ਸੀ ਹੁੰਦੇ ਤੇ ਹੁਣ ਪਤਾ ਲੱਗਦੈ!.....!" ਕੁਰਸੀ ਤੇ ਢੋਅ ਲਾਈਂ ਬੈਠੇ ਰਵ੍ਰੇਲ ਸਿੰਘ ਨੇ ਦੂਰ ਖਲਾਅ 'ਚ ਵੇਖਦਿਆਂ ਗੱਲ ਕੀਤੀ।

ਪੰਛੀਆਂ ਦੇ ਚਹਿਚਹਾਉਣ ਦੀਆਂ ਆਵਾਜ਼ਾਂ ਲਗਾਤਾਰ ਆ ਰਹੀਆਂ ਸਨ। ਸੈਰ ਕਰ ਰਿਹਾ ਇੱਕਾ-ਦੁੱਕਾ ਬੰਦਾ ਜਦੋਂ ਪਾਰਕ ਦਾ ਚੱਕਰ ਪੂਰਾ ਕਰਕੇ ਰਵ੍ਰੇਲ ਸਿੰਘ ਦੀ ਟੋਲੀ ਕੋਲੋਂ ਲੰਘਦਾ ਤਾਂ ਉਸ ਦੇ ਪੈਰਾਂ ਦੀ ਅਵਾਜ਼ ਨਾਲ ਖੜ੍ਹੇ ਪਾਣੀ 'ਚ ਇੱਟ ਸੁੱਟਣ ਵਾਂਗ ਆਲੇ-ਦੁਆਲੇ ਵਿੱਚ ਹਲਚਲ ਪੈਦਾ ਹੁੰਦੀ।

"ਆਹ, ਚੱਕ...!" ਖ਼ੁਸ਼ੀ ਦੇ ਰੌਂਅ 'ਚ ਜਦੋਂ ਲਾਲਾ ਜੀ ਨੇ ਪੱਤੇ ਤੇ ਪੱਤਾ ਸੁੱਟਿਆ ਤਾਂ ਟੋਲੀ ਵਿੱਚ ਹਾਸੇ-ਠੱਠੇ ਨਾਲ ਸ਼ਬਦਾਂ ਦਾ ਆਦਾਨ-ਪ੍ਰਦਾਨ ਸ਼ੁਰੂ ਹੋ ਗਿਆ।

"ਵਾਹ, ਬਈ, ਵਾਹ!"

"ਇਕ ਬਾਜੀ ਹੋਰ ਹੋ-ਜੇ!"

"ਬੱਸ, ਯਾਰ! ਬਹੁਤ ਟੈਮ ਹੋ ਗਿਆ! ਚੱਲੀਏ," ਕਹਿੰਦਿਆਂ ਇੱਕ ਬਜ਼ੁਰਗ ਟੋਲੀ 'ਚੋਂ ਉੱਠਿਆ, ਤੇ ਖੜ੍ਹਾ ਹੋ ਕੇ ਆਪਣਾ ਪਜਾਮਾ-ਕੁੜਤਾ ਝਾੜਨ ਲੱਗ ਪਿਆ।

"ਓ, ਇੱਕ ਤਾਂ ਲਾ ਚੱਲੋ, ਹੋਰ!"

"ਬੱਸ, ਲਾਲਾ ਜੀ!"

ਇੱਕ-ਇੱਕ ਕਰਕੇ ਸਾਰੇ ਜਣੇ ਖੜ੍ਹੇ ਹੋ ਗਏ। ਲਾਲਾ ਜੀ ਨੇ ਵੀ ਇੱਕ ਹੱਥ ਨਾਲ ਪਿਛਲੀ ਕੁਰਸੀ ਦਾ ਸਹਾਰਾ ਲੈ ਕੇ ਉੱਠਣ ਦੀ ਕੋਸ਼ਿਸ਼ ਕੀਤੀ, ਤੇ ਦੂਜੇ ਹੱਥ ਨਾਲ ਗੋਡਾ ਫੜ ਕੇ ਖੜ੍ਹੇ ਹੋਣ 'ਚ ਕਾਮਯਾਬ ਹੋ ਗਏ।

"ਕੱਪੜਾ ਨਾ ਭੁੱਲ ਜਾਇਓ, ਲਾਲਾ ਜੀ!" ਸੋਟੀ ਦੇ ਸਹਾਰੇ ਹੌਲੀ-ਹੌਲੀ ਤੁਰਦਿਆਂ ਇੱਕ ਬਜ਼ੁਰਗ ਨੇ ਪਿੱਛੇ ਵੱਲ ਮੂੰਹ ਘੁਮਾਏ ਵਗੈਰ ਆਖਿਆ।

ਜਦੋਂ ਲਾਲਾ ਜੀ ਕੱਪੜਾ ਇਕੱਠਾ ਕਰਨ ਲਈ ਝੁਕੇ ਤਾਂ ਉਹਨਾਂ ਨੇ ਚੀਸ ਵੱਟਦਿਆਂ ਇੱਕ ਹੱਥ ਲੱਕ ਨੂੰ ਪਾ ਲਿਆ। ਕੱਪੜਾ ਚੁੱਕ ਕੇ ਸਿੱਧੇ ਹੋਣ ਤੋਂ ਬਾਅਦ ਉਹਨਾਂ ਨੇ "ਹਾਏ-ਏ-ਏ" ਕਹਿੰਦਿਆਂ ਸਰੀਰ ਨੂੰ ਪਿਛਲੀ ਕੁਰਸੀ 'ਤੇ ਸੁੱਟ ਲਿਆ।

"ਸੋਟੀ ਰੱਖਿਆ ਕਰ, ਲਾਲਾ, ਹੁਣ, ਕੋਲ ਆਪਣੇ!" ਰਵ੍ਰੇਲ ਸਿੰਘ ਨੇ ਸਾਹ



ਚੜ੍ਹਾਈਂ ਬੈਠੇ ਲਾਲਾ ਜੀ ਵੱਲ ਵੇਖਿਆ।

"ਓ, ਕੁਸ਼ ਨ੍ਹੀਂ ਹੋਇਆ ਹਾਲੇ!" ਦਰਦ ਨੂੰ ਦੰਦਾਂ ਵਿਚਕਾਰ ਘੁੱਟਦਿਆਂ ਲਾਲਾ ਜੀ ਨੇ ਜਵਾਬ ਦਿੱਤਾ।

"ਹੋਇਆ ਕਿਓਂ ਨ੍ਹੀਂ! ਜ਼ਿੰਦਗੀ ਤਾਂ ਕੁਸ਼ ਨ੍ਹੀਂ ਏਸ ਉਮਰੇ!"

"ਓ, ਮਸਤ ਰਿਹਾ ਕਰ, ਰਵ੍ਰੇਲ ਸਿੰਹਾਂ!" ਲਾਲਾ ਜੀ ਨੇ ਹਵਾ 'ਚ ਹੱਥ ਮਾਰਿਆ।

"ਮੇਰੇ 'ਸ੍ਰਾਬ 'ਚ ਤਾਂ ਓਲਡ-ਏਜ ਹੋਮ ਬਧੀਐ ਘਰ ਨਾਲੋਂ ਤਾਂ!"

"ਓ, ਸੁੱਖ ਮੰਗ!!" ਲਾਲਾ ਜੀ ਨੇ ਇੱਕਦਮ ਰਵ੍ਰੇਲ ਸਿੰਘ ਵੱਲ ਮੂੰਹ ਘੁਮਾਇਆ, "ਐਹੋ ਜ੍ਹਾ ਕੀ ਹੋ ਗਿਆ?"

"ਹੋਣਾ ਕੀ ਐ! ਸਾਰਾ ਦਿਨ ਕੁੜ-ਕੁੜ! ਕਦੇ ਖਾਣ-ਪੀਣ ਪਿੱਛੇ, ਕਦੇ ਰੋਟੀ ਆਲੇ ਭਾਂਡੇ ਚੱਕਣ ਪਿੱਛੇ! ਸਾਰਾ ਦਿਨ ਨੂੰਹ ਮੇਰੇ ਨਾਲ ਸੱਸਾਂ ਮਾਂਗੂੰ ਆਢਾ ਲਾਈ ਰੱਖਦੀ ਐ! ਕੁੜੀਆਂ ਕੋਲ ਜਾਣ ਦੀ ਗੱਲ ਕਰੋ ਤਾਂ ਘਰ ਦੇ ਅਸਮਾਨ ਸਿਰ ਤੇ ਚੱਕ ਲੈਂਦੇ ਨੇ, ਅਖੇ ਤੂੰ ਸਾਡੀ ਬੇਜਤੀ ਕਰਵਾਉਨੈਂ!" ਰਵ੍ਰੇਲ ਸਿੰਘ ਸਾਹ ਲੈਣ ਲਈ ਰੁਕਿਆ। "ਗੱਲ ਵਿੱਚੋਂ ਇਹ ਐ, ਬਈ, ਕੁੜੀਆਂ ਨੂੰ ਆਪਣੀ ਪੈਂਸ਼ਨ 'ਚੋਂ ਥੋੜ੍ਹੇ-ਬਹੁਤੇ ਪੈਸੇ ਕਿਓਂ ਦੇ ਆਉਂਦੈ ਬੁੜ੍ਹਾ!"

"ਆਏਂ ਈ ਐ, ਰਵ੍ਰੇਲ ਸਿੰਹਾਂ! ਹੁਣ ਪਹਿਲਾਂ ਆਲੀਆਂ ਗੱਲਾਂ ਕਿਥੇ!" ਲਾਲਾ ਜੀ ਨੇ ਡੂੰਘਾ ਸਾਹ ਲਿਆ।

"ਸਾਰੀ ਪੈਂਸ਼ਨ ਮੈਂ ਇਹਨਾਂ ਦੇ ਹੱਥ ਤੇ ਲਿਆ ਕੇ ਧਰ ਦਿੰਨਾਂ! ਸਾਰਾ ਕੁਸ਼ ਇਹਨਾਂ ਦਾ ਈ ਐ ਮੇਰੇ ਮਗਰੋਂ! ਮੁੰਡਾ ਮੇਰਾ, ਵਚਾਰਾ, ਘਰਆਲੀ ਨੇ ਦੱਬ ਰੱਖਿਐ! ਡੁੱਡੂ ਜਿਹਾ! ਬੋਲਦਾ ਈ ਕੁਸ਼ ਨ੍ਹੀਂ!"

"ਹੁਣ ਤਾਂ ਦਿਨ-ਕਟੀ ਕਰਨ ਦਾ ਸਮੈਂ, ਰਵ੍ਰੇਲ ਸਿੰਹਾਂ!" ਲਾਲਾ ਜੀ ਨੇ ਅੱਗੇ ਗੱਲ ਤੋਰ ਲਈ, "ਕੱਲ੍ਹ ਦੀ ਈ ਗੱਲ ਸੁਣ ਲੈ! ਪੋਤਾ ਮੇਰਾ ਕਾਲਜ 'ਚੋਂ ਆ ਕੇ ਅੰਦਰ ਵੜਿਆ ਤਾਂ ਮੈਂ ਪੁੱਛਿਆ, "ਕਿਮੇਂ ਐਂ, ਨਰੋਗੀਆ?" ਆਪਣੇ-ਆਪ 'ਚ ਈ ਮਗਨ, ਸਿੱਧਾ ਕਮਰੇ 'ਚ ਲੰਘ ਗਿਆ! ਨਾ ਨਮਸਤੇ, ਨਾ ਰਾਮ-ਰਾਮ!"

"ਅੱਜ-ਕੱਲ੍ਹ ਦੇ ਜਵਾਕ ਤਾਂ ਮੋਬੈਲ 'ਚ ਈ ਮਸਤ ਰਹਿੰਦੇ ਨੇ! ਮਾਵਾਂ ਪੂਚ-ਪੂਚ ਕਰਦੀਆਂ ਇਹਨਾਂ ਦੇ ਪਿੱਛੇ-ਪਿੱਛੇ ਫਿਰਦੀਆਂ ਰਹਿੰਦੀਆਂ ਨੇ!"

"ਸਹੀ ਗੱਲ ਐ, ਰਵ੍ਰੇਲ ਸਿੰਹਾਂ!"

"ਆਹ, ਪਿਛਲੇ ਦਿਨੀਂ, ਜਦੋਂ ਮੀਂਹ ਪਈ ਜਾਵੇ ਜ਼ੋਰ ਦੀ..." ਰਵ੍ਰੇਲ ਸਿੰਘ ਕੁਝ ਦੇਰ ਰੁਕਿਆ, ਤੇ ਫਿਰ ਬੋਲਿਆ, "ਸਾਡੇ ਸਾਹਮਣੇ ਆਲੇ ਗੁਆਂਢੀ, ਮੈਂ ਦੇਖੇ, ਬਈ, ਗੱਡੀ ਕੱਢੀ ਜਾਣ ਕਿਧਰੇ ਜਾਣ ਨੂੰ! ਮੈਂ ਉਹਨਾਂ ਤੋਂ ਪੁੱਛ ਬੈਠਾ, ਬਈ, ਸੁੱਖ ਐ ਭਾਈ, ਏਸ ਮੌਸਮ 'ਚ ਚੱਲੇ ਓਂ? ਦੋਹਾਂ ਜੀਆਂ ਨੇ ਕੁਸ਼ ਨ੍ਹੀਂ ਦੱਸਿਆ, ਚੁੱਪ-ਚਾਪ ਗੱਡੀ 'ਚ ਬੈਠ-ਗੇ! ਫੇਰ, ਮੈਂ ਓਹਨਾਂ ਦੇ ਜਵਾਕ ਤੋਂ ਪੁੱਛਿਆ। ਉਹਨੇ ਵੀ ਦੂਜੇ ਪਾਸੇ ਮੂੰਹ ਘੁਮਾ

ਲਿਆ! ਮੈਨੂੰ ਤਾਂ ਬਾਦ 'ਚ ਪਤਾ ਲੱਗਿਆ, ਬਈ, ਸਾਰਾ ਟੱਬਰ ਫਿਲਮ ਦੇਖਣ ਗਿਐ! ਨੂੰਹ ਮੇਰੀ ਮੇਰੇ ਨਾਲ ਲੜੀ ਜਾਵੇ ਤੂੰ ਕਿਉਂ ਅਗਲੇ ਦੀ ਪ੍ਰਾਈਵੇਟ ਲਾਈਫ 'ਚ ਦਖਲ ਦਿੰਨੈਂ!"

"ਓ, ਅੱਜ-ਕੱਲ੍ਹ ਨ੍ਹੀਂ ਗੁਆਂਢ-ਮੱਥੇ ਦੀ ਖਬਰ ਰਹਿੰਦੀ, ਬਈ, ਨਾਲ ਦੇ ਘਰ 'ਚ ਕੀ ਹੋ ਰਿਹੈ! ਹੁਣ ਉਹ ਵੇਲੇ ਨ੍ਹੀਂ ਰਹੇ, ਰਵ੍ਹੇਲ ਸਿੰਹਾਂ!"

"ਹੁਣ ਤਾਂ ਸਗੋਂ, ਬੁੜ੍ਹਿਆਂ ਤੋਂ ਨੱਕ ਵੱਟਦੇ ਐ! ਹੋਰ ਤਾਂ ਹੋਰ, ਮੇਰੀ ਤਾਂ ਬੁੜ੍ਹੀ ਵੀ ਨਾਲ ਰਲ ਜਾਂਦੀ ਐ ਬਾਕੀ ਘਰਦਿਆਂ ਦੇ! ਉਹਨੂੰ ਆਪਣੀ ਰੋਟੀ ਦਾ ਫਿਕਰ ਮਾਰਦੈ! ਅਖੇ – ਤੂੰ ਸਾਰਾ ਦਿਨ ਤਾਸ਼ ਖੇਡਦਾ ਰਹਿਨੈਂ!!"

"ਹੋਰ ਕੀ ਕਰੀਏ, ਫੇਰ! ਘਰੇ ਤਾਂ ਕੋਈ ਪੁੱਛਦਾ ਨ੍ਹੀਂ! ਜਦ, ਲਾਲਾ ਜੀ, ਘਰ ਕੋਈ ਮਹਿਮਾਨ ਆ-ਜੇ, ਤਾਂ ਦਖਾਵਾ ਕਰਨ ਲੱਗ ਪੈਂਦੇ ਨੇ 'ਪਾਪਾ ਜੀ, ਠੀਕ ਓਂ?', 'ਪਾਪਾ ਜੀ, ਪਾਣੀ ਤਾਂ ਨ੍ਹੀਂ ਚਾਹੀਦਾ?', 'ਪਾਪਾ ਜੀ, ਪਾਪਾ ਜੀ!...'! ਬਈ, ਸਹੁਰਿਓ! ਜੇ ਏਹਦੇ ਨਾਲੋਂ ਅੱਧਾ ਵੀ ਬਾਕੀ ਟੈਮ ਪੁੱਛ ਲਿਆ ਕਰੋਂ, ਤਾਂ 'ਸੀਸਾਂ ਨਾ ਦੇਂਦੇ ਫਿਰੀਏ!"

"ਓ, ਹੁਣ ਕੋਈ ਨ੍ਹੀਂ ਪੁੱਛਦਾ 'ਸੀਸਾਂ ਨੂੰ! ਅੱਗੇ ਤਾਂ ਜਵਾਕ ਬੁੜ੍ਹਿਆਂ ਦੇ ਪੈਰੀਂ-ਹੱਥ ਲੌਂਦੇ ਫਿਰੀ ਜਾਂਦੇ ਸੀ! ਅਖੇ, ਵੱਡਿਆਂ ਦੀਆਂ 'ਸੀਸਾਂ ਕੰਮ ਆਉਣਗੀਆਂ!"

"ਪਰ, ਬੜ੍ਹਾਪਾ ਤਾਂ ਸਭ ਤੇ ਈ ਆਉਣੈ, ਲਾਲਾ ਜੀ! ਕਈ ਵਾਰ ਮੈਂ ਸੋਚਦਾ ਹੁੰਨਾਂ, ਆਪਣੇ ਬੁੜ੍ਹਿਆਂ ਨੇ ਪਤਾ ਨ੍ਹੀਂ ਕਿਮੇਂ ਕੱਟ ਲਿਆ ਟੈਮ! ਆਪਾਂ ਨੂੰ ਤਾਂ ਓਦੋਂ ਪਤਾ ਈ ਨ੍ਹੀਂ ਸੀ ਹੁੰਦਾ!"

"ਪਹਿਲਾਂ ਆਲੇ ਬੁੜ੍ਹਿਆਂ ਦੀਆਂ ਖਰਾਕਾਂ ਈ ਐਹੋ-ਜ੍ਹੀਆਂ ਸੀ! ਨਾਲ਼ੇ, ਪਹਿਲਾਂ ਆਲੇ ਲੋਕ ਵੀ ਭੋਲੇ ਹੁੰਦੇ ਸੀ। ਮੇਰੇ ਬਾਬੇ ਦੀ ਗੱਲ ਸੁਣ ਲੈ!"

ਖਾਲੀ ਪਾਰਕ ਵਿੱਚ ਪੰਛੀਆਂ ਦੀ ਚਹਿਕ ਵਿਚਕਾਰ ਦੋਹਾਂ ਬਜ਼ੁਰਗਾਂ ਦੀ ਸਿਰਫ ਗਿਟ-ਮਿਟ ਹੀ ਸੁਣਾਈ ਦੇ ਰਹੀ ਸੀ।

ਅਚਾਨਕ ਰਵ੍ਹੇਲ ਸਿੰਘ ਨੇ ਜਦੋਂ ਉੱਚੀ ਆਵਾਜ਼ 'ਚ "ਅੱਛਾਅਅ!" ਕਿਹਾ ਤਾਂ ਸੈਰ ਕਰ ਰਹੇ ਵਿਅਕਤੀ ਨੇ ਵੀ ਉਸ ਵੱਲ ਸਿਰ ਘੁਮਾ ਕੇ ਵੇਖਿਆ।

"ਹੋਰ ਕੀ! ਬਾਬੇ ਮੇਰੇ ਨੇ ਸਕੀਮ ਏਹ ਲੜਾਈ, ਬਈ, ਸਾਨੂੰ ਕਹਿੰਦਾ-ਪਰਾਣੇ ਪਿੰਡ ਮੇਰਾ ਖਜਾਨਾ ਦੱਬਿਆ ਪਿਐ! ਜਿਹੜਾ ਮੇਰੀ ਸੇਵਾ ਕਰੂ, ਮੈਂ ਏਹ ਖਜਾਨਾ ਓਸੇ ਨੂੰ ਦੇਊਂ!"

"ਫੇਰ?" ਰਵ੍ਹੇਲ ਸਿੰਘ ਦੀਆਂ ਅੱਖਾਂ ਵਿੱਚ ਚਮਕ ਆ ਗਈ।

"ਫੇਰ ਕੀ! ਅਸੀਂ ਤਾਂ, ਸਾਰੇ ਜਵਾਕ, ਭੱਜ-ਭੱਜ ਓਹਦੀ ਸੇਵਾ ਕਰਿਆ ਕਰੀਏ! ਕੋਈ ਪਾਣੀ ਪੁੱਛੇ, ਕੋਈ ਲੱਤਾਂ ਘੁੱਟੇ! ਲਹਿੰਦੀ-ਲਹਿੰਦੀ ਰੋਟੀ ਉਹਨੂੰ ਫੜੌਣ ਜਾਇਆ ਕਰੀਏ! ਮਾਂ ਮੇਰੀ ਬੁੜ-ਬੁੜ ਕਰਿਆ ਕਰੇ, 'ਖਜਾਨਾ ਨਾ, ਕਿਤੇ ਕੁਸ਼ ਹੋਰ! ਸਾਰੀ ਜਿੰਦਗੀ ਹੱਟੀ ਤਾਂ ਸਾਂਭੀ ਨ੍ਹੀਂ ਗਈ, ਏਹਨੇ ਬਣਾ ਲਿਆ ਖਜਾਨਾ!' ਬਾਪ ਵੀ ਮੇਰਾ ਮੁਸਕੜੀਏਂ ਹੱਸ ਛੱਡੇ!"

"ਫੇਰ ਤਾਂ, ਏਸ ਬਹਾਨੇ, ਬੁੜ੍ਹੇ ਦਾ ਬੜ੍ਹੇਪਾ ਚੰਗਾ ਕੱਟਿਆ ਗਿਆ!" ਰਵ੍ਹੇਲ ਸਿੰਘ ਦੇ ਬੁੱਲ੍ਹਾਂ ਤੇ ਮੁਸਕੁਰਾਹਟ ਫੈਲ ਗਈ। "ਪਰ ਤੁਸੀਂ ਪੁੱਛਿਆ ਨ੍ਹੀਂ ਉਹਦੇ ਤੋਂ, ਖਜਾਨਾ ਦਖਾ ਸਾਨੂੰ?"

"ਓਹਦੇ ਮਰਨ ਤੱਕ ਅਸੀਂ ਭੁੱਲ-ਗੇ ਖਜਾਨਾ-ਖਜ਼ੂਨਾ! ਜਦੋਂ ਥੋੜ੍ਹੇ ਜਿਹੇ ਸਿਆਣੇ ਹੋ-ਗੇ, ਅਸੀਂ ਸੋਚਿਆ ਬਾਬੇ ਦੀ ਸੇਵਾ ਹੋ-ਗੀ ਬਹਾਨੇ ਨਾਲ! ਓਹਦੀਆਂ 'ਸੀਸਾਂ ਕਿਹੜਾ ਕਿਸੇ ਖਜਾਨੇ ਨਾਲੋਂ ਘੱਟ ਨੇ!" ਲਾਲਾ ਜੀ ਨੇ ਬੈਠੇ-ਬੈਠੇ ਚਾਦਰ ਦੀ ਤਹਿ ਮਾਰਨੀ ਸ਼ੁਰੂ ਕਰ ਦਿੱਤੀ।

ਲਾਲਾ ਜੀ ਨੂੰ ਚਾਦਰ ਦੀ ਤਹਿ ਲਾਉਂਦਿਆਂ ਵੇਖ ਕੇ ਰਵ੍ਹੇਲ ਸਿੰਘ ਵੀ ਸੋਟੀ ਦਾ ਸਹਾਰਾ ਲੈ ਕੇ ਉੱਠ ਖੜ੍ਹਿਆ। "ਆਪਾਂ ਵੀ ਜੁਗਤ ਲੜਾਈਏ ਐਹੋ-ਜ੍ਹੀ ਕੋਈ!" ਰਵ੍ਹੇਲ ਸਿੰਘ ਦੀ ਅਵਾਜ਼ 'ਚ ਉਤਸ਼ਾਹ ਝਲਕ ਰਿਹਾ ਸੀ।

ਲਾਲਾ ਜੀ ਨੇ ਇਕੱਠੀ ਕੀਤੀ ਚਾਦਰ ਨੂੰ ਕੱਛ 'ਚ ਦੇ ਲਿਆ ਤੇ ਤੁਰ ਪਏ। "ਮੈਂ ਬਥੇਰਾ ਸੋਚਿਐ ਏਸ ਬਾਬਤ! ਏਹ ਤਾਂ ਪੀੜ੍ਹੀ ਈ ਹੋਰ ਐ, ਰਵ੍ਹੇਲ ਸਿੰਹਾਂ!" ਤੁਰੇ ਜਾਂਦਿਆਂ ਉਹਨਾਂ ਨੇ ਨਾਂਹ 'ਚ ਹੱਥ ਮਾਰਿਆ। "ਏਹ ਤਾਂ ਮੋਬੈਲ ਦੀਆਂ ਗੇਮਾਂ 'ਚ ਭਾਲਦੇ ਫਿਰਦੇ ਨੇ ਖਜਾਨੇ!"

*****

# ਲੰਘੇ ਦਰਿਆ

ਉਸ ਨੇ ਬ੍ਰੇਕ ਲਾਏ ਤੇ ਦੋਵੇਂ ਪੈਰ ਧਰਤੀ 'ਤੇ ਟਿਕਾ ਲਏ। ਸੱਜੇ ਪਾਸੇ ਵੇਖਿਆ। ਟੀ–ਸ਼ਰਟ ਵਾਲਾ ਮੁੰਡਾ ਖ਼ੁਦ ਅੰਦਰ ਸ਼ਾਇਦ ਕੁੱਝ ਖਰੀਦਣ ਗਿਆ ਹੋਇਆ ਸੀ। ਉਸ ਦਾ ਸਾਥੀ ਦੁਕਾਨ ਦੇ ਬਾਹਰ ਮੋਟਰਸਾਈਕਲ 'ਤੇ ਬੈਠਾ ਸੀ।

ਮਨੀਸ਼ਾ ਨੇ ਸਕੂਟੀ 'ਤੇ ਬੈਠਿਆਂ ਹੀ ਸਰੀਰ ਦਾ ਉੱਪਰਲਾ ਪਾਸਾ ਅਗਾਂਹ ਝੁਕਾ ਕੇ ਗੇਟ ਨੂੰ ਧੱਕਾ ਮਾਰਿਆ। ਗੇਟ ਖੁੱਲ੍ਹਦਿਆਂ ਹੀ ਵਿਹੜੇ 'ਚ ਜਾਂਦੀ ਢਲਾਣ ਪ੍ਰਗਟ ਹੋਈ।

ਸਕੂਟੀ ਸਟੈਂਡ 'ਤੇ ਲਾ ਉਸ ਨੇ ਆਲੇ–ਦੁਆਲੇ ਕੰਧਾਂ ਵੱਲ ਵੇਖਿਆ। ਰੰਗ ਕਰਵਾਇਆਂ ਪਤਾ ਨਹੀਂ ਕਿੰਨੇ ਸਾਲ ਲੰਘ ਗਏ ਸਨ! ਸਾਹਮਣੇ ਵਰਾਂਢੇ 'ਤੇ ਵੀ ਡਿਗੂੰ–ਡਿਗੂੰ ਕਰਦੇ ਪੁਰਾਣੀ ਕਲੀ ਦੇ ਖਲੇਪੜ! ਵਰਾਂਢੇ ਦੇ ਕੌਲ੍ਹਿਆਂ ਦਰਮਿਆਨ ਬਣੇ ਅਰਧ–ਗੋਲਿਆਂ ਦੇ ਡਿਜ਼ਾਈਨ। ਅੰਦਰ ਲੰਘਦਿਆਂ ਮਨ ਵਿੱਚ ਵਿਚਾਰ ਪੈਦਾ ਹੋਇਆ, "ਕੀ ਇਹ ਉਹੋ ਈ ਮਕਾਨ ਐ ਜਿਸ ਬਾਰੇ ਪਾਪਾ ਦੇ ਕਿਸੇ ਕੁਲੀਗ ਨੇ ਕਿਹਾ ਸੀ–"ਪਸਰੀਚਾ ਸਾਹਬ! ਘਰ ਤਾਂ ਤੁਸੀਂ ਪੂਰੇ ਨਵੇਂ ਸਟਾਇਲ ਦਾ ਬਣਾਇਐ!...ਐਨੇ ਘੱਟ ਟੈਮ 'ਚ ਏਨਾ ਸ਼ਾਨਦਾਰ ਮਕਾਨ ਬਣ–ਜੇ, ਹੋਰ ਇੱਕ ਮੁਲਾਜ਼ਮ ਨੂੰ ਕੀ ਚਾਹੀਦੈ!""

ਮਨੀਸ਼ਾ ਨੇ ਪਰਸ ਬੈੱਡ 'ਤੇ ਰੱਖਿਆ, ਤੇ ਜੁੱਤੀ ਲਾਹ ਕੇ ਲੇਟ ਗਈ।

ਆਸ਼ਾ ਦੀ ਮੱਧਮ ਅਵਾਜ਼ ਆਈ, "ਮਨੀਸ਼ਾ! ਚਾਹ ਬਣੀ ਪਈ ਐ ਰਸੋਈ 'ਚ!"

ਉਸ ਨੇ ਪਿਆਂ ਹੀ ਫੈਸਲਾ ਕੀਤਾ – ਉੱਠਣ ਦੀ ਹਿੰਮਤ ਨਹੀਂ!

ਕੋਹਲੀ ਮੈਡਮ ਵੀ ਅੱਜ ਵਿਦਾ ਹੋ ਗਏ!...ਉਹਨਾਂ ਦੇ ਸਾਲਾਂ ਪੁਰਾਣੇ ਸ਼ਬਦ ਉਸ ਦੇ ਦਿਮਾਗ਼ ਵਿੱਚ ਤਾਜ਼ੇ ਹੋ ਗਏ। ਬਲਵਿੰਦਰ ਬਾਰੇ ਸੁਣਦਿਆਂ ਹੀ ਉਹਨਾਂ ਦਾ ਮੂੰਹ ਟੱਡਿਆ ਗਿਆ ਸੀ। "ਮਨੀਸ਼ਾ! ਬੱਚੀ ਐਂ ਤੂੰ?...ਕਿਹੜੇ ਚੱਕਰਾਂ 'ਚ ਪੈ–ਗੀ? ਉਹ ਤਾਂ ਹਰੇਕ ਕੁੜੀ 'ਤੇ ਈ ਅੱਖ ਰੱਖਦੈ!...ਨਾਲੇ, ਬਾਲ–ਬੱਚੇਦਾਰ ਬੰਦਾ ਐ ਉਹ!"

"ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ!...ਸਾਰੀ ਜ਼ਿੰਦਗੀ ਫਲਰਟ ਕਰਦਾ ਰਿਹਾ! ਤੇ ਹੁਨ ਲੋਕਾਂ ਨੂੰ ਸ਼ਰੀਫ ਬਨ ਕੇ ਦਿਖਾਉਂਦੈ!" ਬਲਵਿੰਦਰ ਦਾ ਖਿਆਲ ਆਉਂਦਿਆਂ ਹੀ ਉਸ ਦੇ ਮੂੰਹੋਂ ਨਿੱਕਲ ਗਿਆ। ਜੋ ਵੀ ਸੀ, ਉਸ ਦੇ ਤਾਂ ਬੱਚੇ ਤੱਕ ਵਿਆਹੇ ਗਏ!



ਵੱਡੇ ਮੁੰਡੇ ਦਾ ਤਾਂ ਤਲਾਕ ਵੀ ਹੋ ਗਿਆ!

ਉਸ ਦੀ ਨਜ਼ਰ ਕਮਰੇ ਦੇ ਧੁੰਦਲਕੇ 'ਚ ਉੱਭਰੀ ਪਾਪਾ ਦੀ ਤਸਵੀਰ 'ਤੇ ਜਾ ਟਿਕੀ। ਹੇਠਾਂ ਲਿਖੀ ਤਰੀਕ ਦਿਸ ਨਹੀਂ ਸੀ ਰਹੀ। ਉਸ ਨੇ ਮਨ ਵਿੱਚ ਤਰੀਕ ਦੁਹਰਾਈ '19–12–1934 ਤੋਂ 5–4–2002'।

"ਪੁੱਤ! ਆਪਣੀ ਫੈਮਿਲੀ ਈ ਸਹੀ ਮਾਅਨਿਆਂ 'ਚ ਆਪਣੀ ਹੁੰਦੀ ਐ! ਵਿਆਹ ਤੋਂ ਵਗੈਰ ਕਾਹਦੀ ਜ਼ਿੰਦਗੀ ਐ!" ਪਾਪਾ ਨੇ ਕਿੰਨੀ ਭੱਜ–ਨੱਠ ਕੀਤੀ ਸੀ ਰਿਸ਼ਤਿਆਂ ਲਈ! ਕਿੰਨੇ ਰਿਸ਼ਤੇ ਆਉਂਦੇ ਸਨ ਉਦੋਂ–ਕਲਰਕ, ਟੀਚਰ, ਇਥੋਂ ਤੱਕ ਕਿ ਡਾਕਟਰ ਵੀ!

"ਪਾਪਾ! ਮੈਂ ਵਿਆਹ ਓਸ ਨਾਲ ਕਰਵਾਊਂ, ਜਿਹੜਾ ਮੇਰੀ ਅਜ਼ਾਦੀ ਦਾ ਖਿਆਲ ਰੱਖੇ! ਮੇਰੇ ਤੋਂ ਗੁਲਾਮੀ ਨ੍ਹੀਂ ਕੱਟੀ ਜਾਂਦੀ! ਆਸ਼ਾ ਨਾਲ ਦੇਖ ਲੋ ਕੀ ਕੁਸ਼ ਹੁੰਦੈ ਸਹੁਰੇ ਘਰ!"

"ਮਨੀਸ਼ਾ! ਜੀਵਨ ਨੇ ਤੇਰੇ ਨਾਲ ਵਿਆਹ ਨ੍ਹੀਂ ਕਰੌਣਾ!" ਮਹਿੰਦਰ ਨੇ ਉਸ ਨੂੰ ਕਿਹਾ ਸੀ। ਆਪ–ਮੁਹਾਰੇ ਉਸ ਦੇ ਮੂੰਹੋਂ ਨਿੱਕਲ ਗਿਆ ਸੀ, "ਤੇਰੀ ਸਲਾਹ ਮੰਗੀ ਕਿਸ ਨੇ ਐ! ਜਲਸੀ ਦੀ ਵੀ ਹੱਦ ਹੁੰਦੀ ਐ!"

ਕਾੱਫ਼ੀ ਹਾਊਸ। ਘੁੰਗਰਾਲੇ ਵਾਲ। ਕਾੱਟਰਾਈ ਦੀਆਂ ਪੈਂਟਾਂ। "ਇਹ ਤਾਂ ਦੀਦੀ ਨੇ ਕਨੇਡਾ ਤੋਂ ਭੇਜੀ ਐ!" ਜੀਵਨ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਮੰਡਰਾਉਣ ਲੱਗਿਆ।

"ਮਨੀਸ਼ਾ! ਦਫ਼ਤਰ 'ਚ ਸਾਰੇ ਥੋਡੀਆਂ ਈ ਗੱਲਾਂ ਕਰਦੇ ਨੇ!...ਥੋਡੇ ਸ਼ਿਮਲੇ ਆਲੇ ਟੂਰ ਦਾ ਵੀ ਸਭ ਨੂੰ ਪਤੈ!...!"

"ਮਾਈ ਫੁੱਟ! ਸ਼ਿਮਲੇ ਕੀ, ਮੈਂ ਤਾਂ ਲੋਕਲ ਵੀ ਓਸ ਨਾਲ ਜਾਂਦੀ ਆਂ! ਇਹ ਮੇਰੀ ਪ੍ਰਸਨਲ ਲਾਈਫ਼ ਐ, ਮਹਿੰਦਰ! ਤੂੰ ਅਪਨੇ ਤੇ ਬਲਵਿੰਦਰ ਦੇ ਕਿੱਸਿਆਂ ਦੀ ਫਿਕਰ ਕਰ!" ਹੁਣ ਤਾਂ ਮਹਿੰਦਰ ਵੀ ਵੀ. ਆਰ. ਐਸ. ਲੈਣ ਨੂੰ ਫਿਰਦੀ ਐ! "ਹੁਣ ਦਫ਼ਤਰ 'ਚ ਨਾ ਤਾਂ ਦਿਲ ਲੱਗਦੈ, ਮਨੀਸ਼ਾ, ਨਾ ਹੀ ਕੰਮ ਦਾ ਸਟਰੈੱਸ ਬਿਅਰ ਕੀਤਾ ਜਾਂਦੈ! ਏਸ ਉਮਰੇ ਸੀਨੀਅਰਜ਼ ਦੀ ਡਾਂਟ ਖਾਣ ਨਾਲੋਂ ਤਾਂ ਚੰਗੈ ਘਰ ਬੈਠੋ! ਬੱਚਿਆ ਨਾਲ ਖੇਡੋ!"

ਨਵਿਆਂ ਦੀਆਂ ਮੰਡਲੀਆਂ 'ਚੋਂ ਤਾਂ ਹਾਲੀਂ ਵੀ ਹਾਸੇ–ਠੱਠੇ ਦੀਆਂ ਅਵਾਜ਼ਾਂ ਸੁਣਦੀਆਂ ਨੇ! ਕਿਸੇ ਦਾ ਅਫੇਅਰ, ਕਿਸੇ ਦਾ ਵਿਆਹ!..."ਮੈਡਮ! ਪੂਰੇ ਬਜ਼ਾਰ 'ਚ! ਸਭ ਦੇ ਸਾਹਮਣੇ ਗੋਡਿਆਂ ਭਾਰ ਹੋ ਕੇ ਪਰਪੋਜ਼ ਕੀਤਾ ਉਹਨੇ ਮੈਨੂੰ!" ਉਸ ਦਿਨ ਕੀਰਤੀ ਦੱਸ ਰਹੀ ਸੀ। ਪੁਰਾਣਾ ਹਾਸਾ ਮਨੀਸ਼ਾ ਦੇ ਬੁੱਲ੍ਹਾਂ ਵਿੱਚੋਂ ਫੁੱਟ ਪਿਆ ਸੀ। ਨਾਲ ਹੀ ਦਫ਼ਤਰ ਦੀ ਪਾਰਕਿੰਗ ਦਾ ਉਹ ਪੁਰਾਣਾ ਨਜ਼ਾਰਾ ਉਸ ਦੀਆਂ ਅੱਖਾਂ ਅੱਗੇ ਉਜਾਗਰ ਹੋ ਗਿਆ ਸੀ। ਬੁੱਲ੍ਹ ਕੰਬਣ ਦੇ ਨਾਲ–ਨਾਲ ਸ਼ਰਮੇ ਦੀਆਂ ਅੱਖਾਂ ਵੀ ਭਰ ਆਈਆਂ ਸਨ। "ਮੇਰੇ ਵਰਗਾ ਸੱਚਾ ਪਿਆਰ ਕਰਨ ਵਾਲਾ ਤੁਹਾਨੂੰ ਕਦੇ ਨ੍ਹੀਂ ਮਿਲਣਾ, ਮਨੀਸ਼ਾ ਜੀ! ਜੇ

ਤੁਸੀਂ 'ਨਾਂਹ' ਕੀਤੀ ਤਾਂ ਮੈਂ ਮਰ ਜਾਊਂ!"

....ਕਿੰਨੀਆਂ ਰੌਣਕਾਂ ਲੱਗਦੀਆਂ ਸਨ ਉਦੋਂ ਦਫ਼ਤਰ ਵਿੱਚ!...ਬਲਵਿੰਦਰ, ਸ਼ਰਮਾ, ਜੀਵਨ, ਮਹਿੰਦਰ, ਕੋਹਲੀ ਮੈਡਮ! ਹੁਣ ਤਾਂ ਸਾਰੇ ਘਰਾਂ ਨੂੰ ਭੱਜਣ ਦੀ ਕਰਦੇ ਨੇ! ਲੈ-ਦੇ ਕੇ ਇੱਕ ਸ਼ਰਮਾ ਰਹਿ ਗਿਆ ਐ ਗੱਲ ਕਰਨ ਲਈ! ਨਵਿਆਂ ਨੂੰ ਤਾਂ ਮੈਨੂੰ ਦੇਖ ਕੇ ਈ ਸੱਪ ਸੁੰਘ ਜਾਂਦੈ!

"ਨਹੀਂ, ਮੈਡਮ! ਇਹੋ ਜਿਹੀ ਕੋਈ ਗੱਲ ਨ੍ਹੀਂ! ਅਸੀਂ ਸਾਰੇ ਥੋਡੀ ਇੱਜ਼ਤ ਕਰਦੇ ਆਂ! ਛੋਟੇ ਹੋਣ ਕਰ ਕੇ ਅਸੀਂ ਚੁੱਪ ਕਰ ਜਾਂਦੇ ਆਂ।" ਕੀਰਤੀ ਉਸ ਦਿਨ ਕਹਿ ਰਹੀ ਸੀ।

"ਪਰ, ਮੈਂ ਤਾਂ ਹਾਲੀਂ ਕੁਆਰੀ ਆਂ!" ਉਸ ਨੇ ਜਦੋਂ ਮੁਸਕੁਰਾ ਕੇ ਜਵਾਬ ਦਿੱਤਾ ਸੀ ਤਾਂ ਕੀਰਤੀ ਨੇ ਕਾਫ਼ੀ ਦੇਰ ਉਸ ਵੱਲ ਖਾਲੀ ਅੱਖਾਂ ਨਾਲ ਝਾਕਿਆ ਸੀ।

ਕੀ ਉਸ ਦੀ ਆਪਣੀ ਉਮਰ ਵੀ ਜ਼ਿਆਦਾ ਹੋ ਗਈ? ...ਨਹੀਂ, ਨਹੀਂ! ਉਹ ਇੰਨੀ ਮਾੜੀ ਨਹੀਂ! ਮੰਮੀ ਤਾਂ ਆਪ ਉਸ ਨੂੰ ਕਹਿੰਦੀ ਰਹਿੰਦੀ ਸੀ, "ਜੇ ਕੋਈ ਮੇਚ ਮਿਲਦੈ, ਤਾਂ ਕਰਵਾ ਲੈ ਵਿਆਹ! ਪਿੱਛੋਂ ਕਿਸੇ ਨ੍ਹੀਂ ਪੁੱਛਣਾ!"

"ਹੁਨ ਮੈਂ ਕਿਸੇ ਨਾਲ ਵੀ ਤੁਰ-ਪਾਂ?"

"ਜਿਹੜਾ ਰਿਸ਼ਤਾ ਆਸ਼ਾ ਨੇ ਦੱਸਿਐ, ਉਹਦੇ 'ਚ ਕੀ ਮਾੜੈ?"

"ਸੱਠ ਸਾਲਾਂ ਦਾ ਬਾਬਾ ਐ ਉਹ!"

ਘੰਟੀਆਂ ਦੀ ਅਵਾਜ਼ ਮੱਧਮ ਤੋਂ ਉੱਚੀ ਹੋ ਗਈ। ਆਸ਼ਾ ਆਰਤੀ ਕਰ ਰਹੀ ਹੋਵੇਗੀ! ਉਸ ਦਾ ਆਪਣਾ ਮਨ ਤਾਂ ਹੁਣ ਪੂਜਾ-ਪਾਠ 'ਚ ਨਹੀਂ ਸੀ ਲੱਗਦਾ!...ਜੀਵਨ ਦੇ ਕਨੇਡਾ ਜਾਣ ਤੋਂ ਬਾਅਦ ਉਸ ਨੂੰ ਕਈ ਦਿਨ ਇਸੇ ਤਰ੍ਹਾਂ ਮਹਿਸੂਸ ਹੁੰਦਾ ਰਿਹਾ ਸੀ।

ਵਿਆਹ ਤੋਂ ਬਾਅਦ ਜਦੋਂ ਜੀਵਨ ਨੇ ਪਹਿਲੀ ਵਾਰ ਦਫ਼ਤਰ ਗੇੜਾ ਮਾਰਿਆ ਸੀ, ਉਸ ਨੂੰ ਪਹਿਲਾਂ ਵਾਲੀ ਹੀ ਖਿੱਚ ਮਹਿਸੂਸ ਹੋਈ ਸੀ। ਪਿਛਲੀ ਵਾਰ ਵੀ ਜਦੋਂ ਉਹ ਦਫ਼ਤਰ ਆਇਆ ਸੀ ਤਾਂ ਉਸ ਦਾ 'ਸਤਿਸ੍ਰੀਕਾਲ' ਬੁਲਾਉਣ ਦਾ ਉਹੋ ਹੀ ਗੁੱਝਾ ਅੰਦਾਜ਼ ਸੀ। ਤੇ ਕਾੱਟਰਾਈ ਦੀ ਪੈਂਟ! ਸਿਰਫ ਉਸ ਦੇ ਵਾਲ ਹੀ ਛੋਟੇ ਹੋਏ ਸਨ! ਬਲੇਜ਼ਰ ਹੇਠਾਂ ਗੋਲ ਗਲੇ ਵਾਲੀ ਲਾਲ ਟੀ-ਸ਼ਰਟ!

ਟੀ-ਸ਼ਰਟ ਵਾਲਾ ਮੁੰਡਾ!...ਗੁਲਾਬ ਦਾ ਫੁੱਲ ਲੈ ਕੇ ਉਸ ਅੱਗੇ ਤਰਲੇ ਕਰਦਾ ਹੋਇਆ! ਉਸ ਦਾ ਦੋਸਤ ਦੂਰੋਂ ਟਿਕਟਿਕੀ ਲਾਈਂ ਨਜ਼ਾਰਾ ਵੇਖਦਾ ਹੋਇਆ! ਉਸ ਅੰਦਰੋਂ ਇੱਕ ਤਰੰਗ ਉੱਠੀ ਤੇ ਸਾਰੇ ਸਰੀਰ ਵਿੱਚ ਫੈਲ ਗਈ।

ਮਹਿੰਦਰ ਨੇ ਮੁਸਕੁੜੀਏਂ ਹੱਸਦਿਆਂ ਉਸ ਨੂੰ ਦੱਸਿਆ ਸੀ, "ਸ਼ਰਮਾ ਮਜਨੂੰ ਤਾਂ ਕਿਸੇ ਹੋਰ ਦੀ ਡੋਲੀ ਲਿਆਉਣ ਦੀ ਤਿਆਰੀ ਕਰੀ ਜਾਂਦੈ!" ਉਸ ਦੇ ਅੰਦਰੋਂ ਸ਼ੀਸ਼ੇ ਵਰਗੀ 'ਤੜੱਕ' ਹੋਈ ਸੀ। ਮਹਿੰਦਰ ਨੂੰ ਉਸ ਨੇ ਸਿਰਫ ਇੰਨਾ ਹੀ ਆਖਿਆ ਸੀ, "ਚੰਗੈ! ਸਗੋਂ, ਮੇਰਾ ਪਿੱਛਾ ਛੁੱਟੂ!"



ਕਾਰਡ ਦੇਣ ਆਏ ਸ਼ਰਮੇ ਨੇ ਅੱਖਾਂ ਭਰ ਲਈਆਂ ਸਨ, "ਜੇ ਤੁਸੀਂ ਆਓਂਗੇ ਤਾਂ ਮੈਨੂੰ ਚੰਗਾ ਲੱਗੂ!" ਉਹ ਨੀਵੀਂ ਪਾਈਂ ਫਿਲਮੀ ਅੰਦਾਜ਼ 'ਚ ਸੈਕਸ਼ਨ ਵਿੱਚੋਂ ਬਾਹਰ ਨਿੱਕਲਿਆ ਸੀ। ਅੰਦਰੋਂ ਉੱਠਿਆ ਵੱਟ ਮਨੀਸ਼ਾ ਦੇ ਗਲ ਤੱਕ ਪਹੁੰਚ ਗਿਆ। ਸ਼ਰਮੇ ਦੀਆਂ ਦਿਨੋ-ਦਿਨ ਢਿਲਕਦੀਆਂ ਜਾ ਰਹੀਆਂ ਪੈਂਟਾਂ-ਕਮੀਜ਼ਾਂ ਉਸ ਦੇ ਖਿਆਲ 'ਚ ਆਈਆਂ। ਉਸ ਦਾ ਮਨ ਤਰਸ ਨਾਲ ਭਰ ਗਿਆ।

ਟਿਊਬਲਾਈਟ ਜਗਣ ਨਾਲ ਕਮਰੇ ਦੀ ਹਰ ਚੀਜ਼ ਚਮਕ ਉੱਠੀ। ਸਵਿੱਚਾਂ ਕੋਲ ਆਸ਼ਾ ਚਾਹ ਦੀ ਟਰੇਅ ਲਈ ਖੜ੍ਹੀ ਸੀ ਉਸ ਦੀ ਡੀਲ-ਡੌਲ ਤੋਂ ਮੰਮੀ ਦਾ ਭੁਲੇਖਾ ਪੈ ਰਿਹਾ ਸੀ!

ਮਨੀਸ਼ਾ ਉੱਠ ਕੇ ਬੈਠ ਗਈ।

ਆਸ਼ਾ ਨੇ ਟਰੇਅ ਬੈੱਡ 'ਤੇ ਰੱਖੀ। ਮਨੀਸ਼ਾ ਦੀ ਨਜ਼ਰ ਉਸ ਦੇ ਵਾਲਾਂ 'ਤੇ ਪਈ। "ਜੇ ਕਲਰ ਕੀਤਿਆਂ ਬਹੁਤੇ ਦਿਨ ਲੰਘ ਜਾਨ ਤਾਂ ਇਹ ਤੇ ਮੰਮੀ ਇਕੋ ਜਿਹੀਆਂ ਲੱਗਨ ਲੱਗ ਪੈਂਦੀਆ ਨੇ!"

ਉਸ ਨੇ ਖ਼ੁਦ ਵੀ ਤਾਂ ਇਹੋ ਜਿਹਾ ਹੋ ਜਾਣਾ ਸੀ! ਛੇ ਸਾਲ ਤਾਂ ਰਹਿ ਗਏ ਸਨ ਉਸ ਦੀ ਰਿਟਾਇਰਮੈਂਟ ਵਿੱਚ!

ਉਸ ਦੇ ਦਿਲ ਨੂੰ ਡੋਬੂ ਪਿਆ। ਕਿਹੋ ਜਿਹੀ ਜ਼ਿੰਦਗੀ ਹੋਵੇਗੀ ਰਿਟਾਇਰਮੈਂਟ ਤੋਂ ਬਾਅਦ! ਸਰੀਰ ਵਿੱਚ ਝੁਣਝੁਣੀ ਉੱਠੀ।

"ਮਨੀਸ਼ਾ! ਤੇਰੇ ਮੱਥੇ ਤੇ ਤਾਂ ਪਸੀਨਾ ਆਇਆ ਪਿਐ!"

"........."

"ਮੈਡਮ ਨਾਲ ਗੱਲ ਕਰ ਲਈ ਤੂੰ?"

"ਮੈਂ ਲਿਖਤੀ ਕੰਪਲੇਂਟ ਕਰ-'ਤੀ। ਕੋਹਲੀ ਮੈਡਮ ਦੀ ਪਾਰਟੀ ਤੋਂ ਬਾਅਦ ਗੱਲ ਕਰਨ ਨੂੰ ਕਿਹੈ ਮੈਡਮ ਨੇ!"

"ਪਰ, ਮੈਨੂੰ ਸਮਝ ਨ੍ਹੀਂ ਔਂਦੀ! ਬਜ਼ਾਰ-ਮੁਹੱਲੇ 'ਚ ਦਫ਼ਤਰ ਨੇ ਕੀ ਕਰਨੈ?"

"ਔਰਤਾਂ ਦਾ ਘਰੋਂ ਬਾਹਰ ਨਿਕਲਦਿਆਂ ਈ ਵਰਕਪਲੇਸ ਸ਼ੁਰੂ ਹੋ ਜਾਂਦਾ। ਮੈਂ ਸੈਮੀਨਾਰ 'ਚ ਸੁਣਿਆ ਸੀ। ਹਰਾਸਮੈਂਟ ਐਟ ਵਰਕਪਲੇਸ ਦਾ ਮਾਮਾਲਾ ਐ ਇਹ!"

"ਪਰ ਦੇਖ ਲੈ, ਮਨੀਸ਼ਾ! ਮੈਨੂੰ ਤਾਂ ਲੱਗਦਾ.....!"

ਮਨੀਸ਼ਾ ਦੀ ਨਜ਼ਰ ਘੁਣ-ਖਾਧੀ ਅਲਮਾਰੀ ਦੇ ਪੱਲੇ 'ਤੇ ਪਈ। ਕਈ ਥਾਂ ਤੋਂ ਟੁੱਟ ਚੁੱਕੇ ਡਿਜ਼ਾਈਨਦਾਰ ਕੰਨਸ!... ਹੁਣ ਕੌਣ ਬਣਾਉਂਦੈ ਇਹੋ ਜਿਹੇ ਡਿਜ਼ਾਈਨ! ਚਿੱਪਸ ਵਾਲਾ ਫ਼ਰਸ਼ ਜਿਹੜਾ ਕਦੇ ਅਮੀਰੀ ਦਾ ਅਹਿਸਾਸ ਕਰਵਾਉਂਦਾ ਸੀ!..."ਰੱਬ ਨੇ ਮਕਾਨ ਵੀ ਬਣਵਾ-'ਤਾ! ਰਿਟਾਇਰਮੈਂਟ ਆਲੀ ਪੂੰਜੀ ਵੀ ਹੈਗੀ ਪੱਲੇ! ਬਸ, ਹੁਣ ਇਹਦਾ ਵਿਆਹ ਹੋ-ਜੇ! ਮੈਂ ਸੁਰਖ਼ਰੂ ਹੋਵਾਂ!" ਪਾਪਾ ਦੀ ਬਿਮਾਰੀ! ਆਸ਼ਾ ਦਾ ਤਲਾਕ!

ਬੈੱਡ 'ਤੇ ਟਰੇਅ 'ਚ ਪਈ ਚਾਹ ਵੱਲ ਧਿਆਨ ਜਾਂਦਿਆਂ ਉਸ ਨੂੰ ਆਸ਼ਾ ਦੀ

ਅਣਹੋਂਦ ਮਹਿਸੂਸ ਹੋਈ।

---

ਸਵੇਰੇ ਗੇਟ ਤੋਂ ਸਕੂਟੀ ਕੱਢ ਉਸ ਨੇ ਗਲੀ ਦੇ ਦੋਵੇਂ ਪਾਸੇ ਵੇਖਿਆ। ਮੋਟਰਸਾਈਕਲ ਵਾਲੇ ਮੁੰਡੇ ਕਿਤੇ ਨਹੀਂ ਸਨ ਦਿਸ ਰਹੇ।

ਜਦੋਂ ਉਹ ਦਫ਼ਤਰ ਦੀ ਪਾਰਕਿੰਗ ਵਿੱਚੋਂ ਨਿੱਕਲੀ, ਉਸ ਦੀਆਂ ਨਜ਼ਰਾਂ ਨਵਿਆਂ ਵਿੱਚੋਂ ਇੱਕ ਕੁੜੀ ਨਾਲ ਮਿਲੀਆਂ। ਕੁੜੀ ਉਸ ਵੱਲ ਵੇਖ ਕੇ ਮੁਸਕੁਰਾਈ। ਉਸ ਦੀਆ 'ਤਿਰਛੀਆਂ' ਨਜ਼ਰਾਂ ਮਨੀਸ਼ਾ ਨੂੰ ਆਪਣੇ ਚਿਹਰੇ 'ਤੇ ਚੁਭੀਆਂ।

ਸੈਕਸ਼ਨ ਦੇ ਦਰਵਾਜ਼ੇ 'ਤੇ ਉਸ ਨੂੰ ਬਲਵਿੰਦਰ ਦਿਸਿਆ। "ਹਾਂ ?...ਮੈਂ ਸੁਣਿਐ, ਤੈਨੂੰ ਮੁੰਡੇ ਛੇੜਦੇ ਨੇ !"

"ਆਹੋ !" ਰੋਕਣ ਦੇ ਬਾਵਜੂਦ ਉਸ ਦੇ ਬੁੱਲ੍ਹਾਂ 'ਚੋਂ ਮੁਸਕੁਰਾਹਟ ਟਪਕ ਪਈ।

"ਤੇਨੂੰ ਭੁਲੇਖਾ ਹੋਣੈ ! ਤੇਰੀ ਮੰਮੀ ਨੂੰ ਛੇੜਦੇ ਹੋਣਗੇ !" ਬਲਵਿੰਦਰ ਪਰ੍ਹਾਂ ਤੁਰ ਗਿਆ।

"ਅਜਿਹੇ ਬੰਦੇ ਨਾਲ ਤਾਂ ਗੱਲ ਈ ਨ੍ਹੀਂ ਕਰਨੀ ਚਾਹੀਦੀ !"

ਮੇਜ਼ 'ਤੇ ਪਰਸ ਧਰਦਿਆਂ ਉਸ ਨੇ ਆਲੇ-ਦੁਆਲੇ ਵੇਖਿਆ। ਸ਼ਰਮੇ ਦੀ ਸੀਟ ਖਾਲੀ ਸੀ।

ਮਨੀਸ਼ਾ ਕੁਰਸੀ 'ਤੇ ਬੈਠ ਗਈ। ਸਾਹਮਣੇ ਦਰਵਾਜ਼ੇ ਤੋਂ ਮੈਡਮ ਦਾ ਚਪੜਾਸੀ ਦਾਖ਼ਲ ਹੋਇਆ।

"ਮੈਡਮ ਨੇ ਬੁਲਾਇਐ ਥੋਨੂੰ !"

ਦਰਵਾਜ਼ੇ ਤੇ ਖੜ੍ਹਿਆਂ ਮਨੀਸ਼ਾ ਨੇ ਕਮਰੇ 'ਚ ਝਾਤ ਮਾਰੀ। ਰਿਵਾਲਵਿੰਗ ਚੇਅਰ 'ਤੇ ਮੈਡਮ ਸਾੜ੍ਹੀ 'ਚ ਸਜੀ ਬੈਠੀ ਸੀ। ਪਿਛੋਕੜ ਵਿੱਚ ਟਰਾਫੀਆਂ ਸਜੀਆਂ ਹੋਈਆਂ ਸਨ। ਅੱਗੇ ਬੈਠੀ ਮੈਡਮ ਕਾਗਜ਼ਾਂ 'ਚ ਖੁਭੀ ਹੋਈ ਸੀ। ਮਨੀਸ਼ਾ ਵੱਲ ਧਿਆਨ ਜਾਂਦਿਆਂ ਹੀ ਉਸ ਨੇ ਇਸ਼ਾਰਾ ਕੀਤਾ, "ਆਉ। ਬੈਠੋ।"

"ਤੁਸੀਂ ਲਿਖਿਆ ਐ ਕਿ ਕਾਲਜ ਦੇ ਕੁਝ ਮੁੰਡੇ ਤੁਹਾਨੂੰ ਹਰਾਸ ਕਰ ਰਹੇ ਨੇ !" ਮੈਡਮ ਨੇ ਸ਼ਿਕਾਇਤ ਵਾਲਾ ਕਾਗਜ਼ ਚੁੱਕਿਆ।

"ਹਾਂ ਜੀ, ਮੈਡਮ ! ਮੋਟਰਸਾਇਕਿਲ ਮੇਰੇ ਪਿੱਛੇ ਲਾ ਕੇ ਗਾਨੇ ਗਾਉਨ ਲੱਗ ਪੈਂਦੇ ਨੇ !"

"ਕੀ ਤੁਹਾਨੂੰ ਉਹਨਾਂ ਨੇ ਕਦੇ ਰੋਕਿਆ ਵੀ ਐ ?"

"ਨਹੀਂ, ਮੈਡਮ !...ਪਰ ਉਹਨਾਂ 'ਚੋਂ ਇੱਕ ਮੁੰਡਾ ਮੇਰੇ ਨਾਲ ਗੱਲ ਕਰਨੀ ਚਾਹੁੰਦੈ !"

"ਅੱਛਾ !"

"ਉਹ ਪੱਕਾ ਮੈਨੂੰ ਲਾਈਕ ਕਰਦਾ, ਮੈਡਮ ! ਵਿਆਹ ਲਈ ਪੁੱਛਣਾ ਚਾਹੁੰਦੈ



!...ਮੈਂ ਜਦੋਂ ਉਸ ਨਾਲ ਵਿਆਹ ਕਰਵੌਣਾ ਈ ਨ੍ਹੀਂ ! ਮੈਡਮ, ਏਹ ਤਾਂ ਮੇਰੀ ਮਰਜ਼ੀ ਐ ਨਾ !" ਉਸ ਦੀ ਨਜ਼ਰ ਮੈਡਮ ਦੇ ਬੁੱਲ੍ਹਾਂ 'ਚ ਦਬੇ ਹਾਸੇ 'ਤੇ ਪਈ। ਉਹ ਚੁੱਪ ਕਰ ਗਈ।

ਮੈਡਮ ਨੇ ਸਾੜ੍ਹੀ ਦਾ ਲੜ ਠੀਕ ਕੀਤਾ। "ਦੇਖੋ ! ਜੇ ਤੁਸੀਂ ਕਹਿੰਦੇ ਓ, ਤਾਂ ਮੈਂ ਕੰਪਲੇਂਟ ਕਮੇਟੀ ਨੂੰ ਮਾਰਕ ਕਰ ਦਿੰਦੀ ਆਂ। ਪਰ ਮੇਰੀ ਤੁਹਾਨੂੰ ਪ੍ਰਸਨਲ ਐਡਵਾਈਸ ਐ...ਦੇਖੋ ! ਹੋ ਸਕਦਾ, ਕੰਮ ਦੇ ਸਟਰੈੱਸ ਕਰਕੇ ਤੁਹਾਨੂੰ ਅਜਿਹਾ ਫੀਲ ਹੋ ਰਿਹਾ ਹੋਵੇ !...ਤੁਸੀਂ ਐਵੇਂ ਕਰੋ, ਕੁਝ ਦਿਨ ਰੈਸਟ ਕਰ ਲਓ, ਤੇ ਕਿਸੇ ਚੰਗੇ ਸਾਈਕਿਐਟ੍ਰਿਸਟ ਨੂੰ ਦਿਖਾ ਲਉ !...ਆਹ ਲਓ ਪੇਪਰ ! ਐਪਲੀਕੇਸ਼ਨ ਲਿਖ ਦਿਓ। ਮੈਂ ਹੁਣੇ ਈ ਤੁਹਾਡੀ ਛੁੱਟੀ ਸੈਂਕਸ਼ਨ ਕਰ ਦਿੰਦੀ ਆਂ !"

ਕਮਰੇ 'ਚੋਂ ਬਾਹਰ ਨਿੱਕਲਦਿਆਂ ਮਨੀਸ਼ਾ ਦੇ ਹੱਥ ਵਿੱਚ ਸੈਂਕਸ਼ੰਡ ਛੁੱਟੀ ਦਾ ਕਾਗ਼ਜ਼ ਤੇ ਅੱਖਾਂ ਵਿੱਚ ਉੱਭਰਿਆ ਪਾਣੀ ਸੀ।

*****

# ਬਾਬੂ ਜੀ

ਕਨ੍ਹੱਈਏ ਨੂੰ ਉਸ ਨੇ ਕਾਰ ਦੀ ਪਿਛਲੀ ਸੀਟ ਤੇ ਲਿਟਾਇਆ ਤੇ ਇਕ ਵਾਰ ਫਿਰ ਪੁੱਛਿਆ, "ਠੀਕ ਐਂ?"

"ਹਾਂ ਜੀ!"

ਤੇ ਉਹ ਕਾਰਖਾਨੇ ਵੱਲ ਚੱਲ ਪਏ।

ਵਿੱਕੀ ਨੇ ਭਾਵੇਂ ਪੱਕੇ ਤੌਰ ਤੇ ਫੈਕਟਰੀ ਆਉਣਾ ਸ਼ੁਰੂ ਕਰ ਦਿੱਤਾ ਸੀ, ਪਰ ਉਥੋਂ ਦੇ ਮਜ਼ਦੂਰ ਹਾਲੀਂ ਵੀ ਉਸ ਨੂੰ 'ਬਾਬੂ ਜੀ' ਨਹੀਂ ਸਨ ਕਹਿੰਦੇ, ਸਗੋਂ 'ਕਾਕਾ ਜੀ' ਕਹਿ ਕੇ ਹੀ ਬੁਲਾਉਂਦੇ ਸਨ। ਵੱਧ ਤੋਂ ਵੱਧ 'ਵਿੱਕੀ ਜੀ' ਕਹਿ ਦਿੰਦੇ ਸਨ। ਪੁਰਾਣੇ ਮਜ਼ਦੂਰ ਤਾਂ ਉਸ ਨੂੰ ਸਿਰਫ 'ਵਿੱਕੀ' ਕਹਿ ਕੇ ਹੀ ਬੁਲਾਉਂਦੇ ਸਨ।

ਚੰਗਾ ਹੁੰਦਾ ਜੇ ਅੱਜ ਡੈਡੀ ਬਾਹਰ ਨਾ ਜਾਂਦੇ! ਸਾਰਾ ਕੁਸ਼ ਉਹਨਾਂ ਨੇ ਆਪੇ ਸਾਂਭ ਲੈਣਾ ਸੀ! ਵਿੱਕੀ ਦਾ ਮਨ ਆਪਣੇ ਬਾਪ ਪ੍ਰਤੀ ਗਿਲਾਨੀ ਨਾਲ ਭਰ ਗਿਆ। ਇਕ ਮਜ਼ਦੂਰ ਵਿਚਾਰਾ ਦਰਦ ਨਾਲ ਮਰਦਾ ਜਾ ਰਿਹਾ ਸੀ, ਤੇ ਇਹ ਫੋਨ ਤੇ ਕਹਿ ਰਹੇ ਸੀ, "ਕੋਈ ਦਰਦ ਆਲੀ ਗੋਲੀ ਦੇ-ਦੇ ਤੇ ਏਹਨੂੰ ਕੰਮ ਤੇ ਲਾ!"

"ਚੰਗਾ ਹੁੰਦਾ ਜੇ ਮੈਂ ਫੋਟੋਗ੍ਰਾਫੀ ਈ ਕਰਦਾ ਰਹਿੰਦਾ!" ਵਿੱਕੀ ਪਿਛਲੇ ਦਿਨਾਂ 'ਚ ਗਵਾਚ ਗਿਆ।

ਬੀ.ਏ. ਤੋਂ ਬਾਅਦ ਡਾਈਨਿੰਗ ਟੇਬਲ 'ਤੇ ਬੈਠਿਆਂ ਡੈਡੀ ਨੇ ਉਸ ਤੋਂ ਪੁੱਛਿਆ ਸੀ, "ਹੁਣ ਅੱਗੇ ਦੀ ਕੀ ਸਲਾਹ ਐ ਤੇਰੀ?"

"ਮੈਂ ਜਰਨਲਿਜ਼ਮ ਕਰੂੰਗਾ!"

ਡੈਡੀ ਸਵਾਲੀਆਂ ਨਜ਼ਰਾਂ ਨਾਲ ਝਾਕੇ ਸਨ। "ਮੈਨੂੰ ਤਾਂ ਤੂੰ ਪੰਜਾਬੀ 'ਚ ਦੱਸ!"

"ਮਤਲਬ-ਪੱਤਰਕਾਰੀ।"

"ਅੱਛਾ! ਤੂੰ ਪੱਤਰਕਾਰ ਬਣੇਂਗਾ!"

ਤੰਜ਼ ਨੂੰ ਨਾ ਸਮਝਦੇ ਹੋਏ ਵਿੱਕੀ ਨੇ 'ਹਾਂ' ਵਿੱਚ ਸਿਰ ਹਿਲਾਇਆ ਸੀ। "ਡੈਡੀ, ਮੈਂ, ਅਸਲ 'ਚ, ਕੁਸ਼ ਕ੍ਰਿਏਟਿਵ ਕੰਮ ਕਰਨਾ ਚਾਹੁੰਨਾਂ!"

"ਪੱਤਰਕਾਰ! ਜਿਹੜੇ ਹਜ਼ਾਰ ਰੁਪਏ ਪਿੱਛੇ ਕੋਈ ਵੀ ਖਬਰ ਬਣਾ ਦੇਂਦੇ ਨੇ!"



ਹੁਣ ਵਿੱਕੀ ਨੂੰ ਉਹਨਾਂ ਦੇ ਕਹਿਣ ਦਾ ਭਾਵ ਸਮਝ ਆਇਆ ਸੀ।

ਮੰਮੀ ਕਿਚਨ ਦਾ ਕੰਮ ਛੱਡ ਕੇ ਟੇਬਲ 'ਤੇ ਆ ਖੜ੍ਹੇ ਸੀ। "ਥੋੜਾ ਕੀ ਜਾਂਦੈ, ਜੇ ਮੁੰਡਾ ਚਾਰ ਦਿਨ ਯੂਨੀਵਰਸਿਟੀ 'ਚ ਘੁੰਮ-ਫਿਰ ਲਊ! ਆਹੀ ਉਮਰ ਐ! ਮੁੜ ਕੇ ਤਾਂ ਬੰਦੇ ਤੇ ਕਬੀਲਦਾਰੀ ਦੇ ਬੋਝ ਈ ਲੱਦ ਜਾਂਦੇ ਨੇ!"

ਉਦੋਂ ਵਿੱਕੀ ਨੇ ਸੋਚ ਲਿਆ ਸੀ ਕਿ ਉਹ ਫੋਟੋ ਜਰਨਲਿਸਟ ਹੀ ਬਣੇਗਾ। "ਫੋਟੋਗ੍ਰਾਫੀ 'ਚ ਕ੍ਰਿਏਟੀਵਿਟੀ ਬਹੁਤ ਐ! ਨਾਲੇ, ਅਲੱਗ ਤਰ੍ਹਾਂ ਦਾ ਕੰਮ ਐ! ਮੈਂ ਬਾਕੀਆਂ ਵਾਂਗ ਸਬ-ਐਡੀਟਰ ਜਾਂ ਕੌਰੈਸਪੌਂਡੈਂਟ ਨ੍ਹੀਂ ਬਣਨਾ ਚਾਹੁੰਦਾ!" ਉਹ ਆਪਣੇ ਸਹਿਪਾਠੀਆਂ ਨੂੰ ਆਖਦਾ ਸੀ।

ਕੋਰਸ ਪੂਰਾ ਹੋਣ ਤੋਂ ਬਾਅਦ ਉਸ ਨੇ ਕਈ ਅਖ਼ਬਾਰਾਂ ਨੂੰ ਆਪਣਾ ਬਾਇਓ-ਡਾਟਾ ਭੇਜਿਆ। ਸਿਰਫ ਇੱਕ ਥਾਂ ਤੋਂ ਜਵਾਬ ਆਇਆ। "ਤਿੰਨ ਮਹੀਨੇ ਟ੍ਰੇਨਿੰਗ ਤੋਂ ਬਾਅਦ ਤੈਨੂੰ ਅੱਧੀ ਤਨਖਾਹ ਮਿਲੇਗੀ। ਪੂਰੀ ਤਨਖਾਹ ਛੇ ਮਹੀਨੇ ਬਾਅਦ, ਟ੍ਰੇਨਿੰਗ ਪੂਰੀ ਹੋਣ ਤੇ।" ਐਡੀਟਰ ਉਸ ਨੂੰ ਆਖ ਰਿਹਾ ਸੀ।

ਜੇ ਕੋਈ ਅਖ਼ਬਾਰ ਸ਼ੁਰੂ 'ਚ ਤਨਖਾਹ ਦੇਣ ਲਈ ਤਿਆਰ ਵੀ ਹੋਇਆ ਤਾਂ ਇੰਨੀ ਘੱਟ ਕਿ ਉਸ ਤੋਂ ਕਿਤੇ ਜ਼ਿਆਦਾ ਤਾਂ ਉਹ ਡੈਡੀ ਤੋਂ ਜੇਬ-ਖ਼ਰਚ ਲੈ ਆਇਆ ਕਰਦਾ ਸੀ।

ਕਿਤਾਬਾਂ ਦੀਆਂ ਆਦਰਸ਼ਵਾਦੀ ਗੱਲਾਂ ਤੋਂ ਕਿੰਨੀ ਵੱਖਰੀ ਸੀ ਉਹ ਦੁਨੀਆ!

ਅਭਿਨਵ ਸਰ ਦਾ ਫੋਨ। "ਵਿੱਕੀ! ਸਾਡੇ ਪੇਪਰ 'ਚ ਫੋਟੋ ਜਰਨਲਿਸਟ ਦੀ ਇੱਕ ਵੇਕੈਂਸੀ ਐ। ਤੂੰ ਆ ਜਾ!"

ਅਭਿਨਵ ਯੂਨੀਵਰਸਿਟੀ 'ਚ ਉਸ ਦਾ ਸੀਨੀਅਰ ਰਿਹਾ ਸੀ। ਅਖ਼ਬਾਰ ਦੀ ਕੈਂਟੀਨ 'ਚ ਉਸ ਦਾ ਅਪੁਆਇੰਟਮੈਂਟ ਲੈਟਰ ਵੇਖਦਿਆਂ ਉਹ ਆਖ ਰਿਹਾ ਸੀ, "ਦੇਖ! ਕੁਸ਼ ਗੱਲਾਂ ਦਾ ਧਿਆਨ ਰੱਖੀਂ! ਆਪਣੇ ਬਾੱਸ ਨੂੰ ਕਿਸੇ ਕੰਮ ਤੋਂ ਨਾਂਹ ਨ੍ਹੀਂ ਕਰਨੀ! ਸਟੂਡੈਂਟ ਲਾਈਫ ਵਾਲੀਆਂ ਆਦਤਾਂ ਛੱਡ ਦੇਣੀਆਂ ਨੇ! ਤੈਨੂੰ ਇਹੋ ਜਿਹੇ ਨਾਮਵਰ ਅਖ਼ਬਾਰ 'ਚ ਮੁੜ ਕੇ ਮੌਕਾ ਨ੍ਹੀਂ ਮਿਲਣਾ!"

ਵਿੱਕੀ ਮੁਸਕੁਰਾਉਂਦਿਆਂ 'ਹਾਂ' ਵਿੱਚ ਸਿਰ ਮਾਰ ਰਿਹਾ ਸੀ।

ਕੈਮਰੇ ਦੀ ਕਲਿੱਕ ਕਲਿੱਕ! ਹਰ ਮਹੀਨੇ ਮੋਬਾਇਲ 'ਤੇ ਸੈਲਰੀ ਕ੍ਰੈਡਿਟ ਹੋਣ ਦਾ ਮੈਸੇਜ! ਪਹਿਲੇ ਕੁਝ ਮਹੀਨੇ ਪਤਾ ਹੀ ਨਹੀਂ ਲੱਗਿਆ ਕਿਵੇਂ ਲੰਘੇ!

ਇੱਕ ਕੰਮ ਹਾਲੀਂ ਉਹ ਪੂਰਾ ਕਰ ਰਿਹਾ ਹੁੰਦਾ ਕਿ ਉਸ ਨੂੰ ਚੀਫ ਫੋਟੋਗ੍ਰਾਫਰ ਦਾ ਫੋਨ ਆ ਜਾਂਦਾ, "ਹਾਲੀਂ ਪਹਿਲੀ ਅਸਾਈਨਮੈਂਟ ਈ ਪੂਰੀ ਨ੍ਹੀਂ ਹੋਈ ਤੇਰੀ! ਉਧਰ ਰੈਲੀ ਸ਼ੁਰੂ ਹੋ ਚੁੱਕੀ ਐ!" "ਜਲਦੀ-ਜਲਦੀ ਦੋ-ਚਾਰ ਸ਼ਾੱਟਸ ਲੈ-ਲੈ!" "ਵਿੱਕੀ, ਤੂੰ ਟਾਇਮ ਬਹੁਤ ਖਰਾਬ ਕਰਦੈਂ! ਕੌਰੈਸਪੌਂਡੈਂਟ ਉਡੀਕੀ ਜਾਂਦੇ ਪ੍ਰੈਸ ਕਾਨਫਰੰਸ 'ਚ ਤੈਨੂੰ।" "ਤੂੰ ਮਰਡਰ ਵਾਲੇ ਸਪਾੱਟ ਤੇ ਨ੍ਹੀਂ ਪਹੁੰਚਿਆ ਹਾਲੀਂ?"...ਵਿੱਕੀ ਨੂੰ ਖਿਝ ਚੜ੍ਹਨ

ਲੱਗੀ। ਮੈਨੂੰ ਇਹ ਬੰਦਾ ਸਮਝਦੇ ਨੇ ਜਾਂ ਮਸ਼ੀਨ ? ਕੁੱਝ ਨੋਟਾਂ ਲਈ ਇੰਨੀ ਭੱਜ-ਨੱਠ ? ਰੋਟੀ ਤਾਂ ਬੰਦਾ ਅਰਾਮ ਨਾਲ ਖਾ ਸਕੇ !

ਉਹ ਇਕ ਲਾਸ਼ ਦੀਆਂ ਫੋਟੋਆਂ ਖਿੱਚ ਰਿਹਾ ਸੀ। ਮੱਈਅਤ ਦੇ ਪਰਿਵਾਰ ਦੇ ਜੀਆਂ 'ਚ ਚੀਕ-ਚਿਹਾੜ ਮੱਚਿਆ ਹੋਇਆ ਸੀ। ਦੂਜੇ ਅਖ਼ਬਾਰ ਦੇ ਫੋਟੋਗ੍ਰਾਫਰ ਦੇ ਸ਼ਬਦ ਉਸ ਦੇ ਕੰਨੀਂ ਪਏ। "ਬਾਬਾ ਜੀ ! ਚਿਹਰਾ ਜ਼ਰਾ ਏਧਰ ਘੁਮਾਇਉ !!" ਉਹ ਫੋਟੋਗ੍ਰਾਫਰ ਰੋਂਦੇ ਹੋਏ ਬਜ਼ੁਰਗ ਨੂੰ ਸੰਬੋਧਿਤ ਸੀ। ਲਹੂ ਨਾਲ ਲਥਪਥ ਲਾਸ਼ ਨੂੰ ਵੇਖ ਕੇ ਪੈਦਾ ਹੋਈ ਜੋ ਗਿਲਾਨੀ ਵਿੱਕੀ ਨੇ ਦਬਾ ਰੱਖੀ ਸੀ, ਉਹ ਬਾਹਰ ਆ ਗਈ। ਰੂਮ ਵਿੱਚ ਪਹੁੰਚ ਕੇ ਇਹ ਸ਼ਬਦ ਉਸ ਦੇ ਕੰਨਾਂ ਵਿੱਚ ਵਾਰ-ਵਾਰ ਗੂੰਜ ਰਹੇ ਸਨ। ਕਈ ਵਾਰ ਉਸ ਨੂੰ ਲੱਗਿਆ ਜਿਵੇਂ ਉਲਟੀ ਆ ਰਹੀ ਹੋਵੇ ! ਵਾਸ਼-ਬੇਸਿਨ 'ਤੇ ਪਹੁੰਚ ਕੇ ਉਹ ਅੰਦਰੋਂ ਜ਼ੋਰ ਲਾਉਂਦਾ। ਸਿਰਫ ਥੁੱਕ ਕੇ ਮੁੜ ਆਉਂਦਾ।

ਅਗਲੇ ਦਿਨ ਉਸ ਨੇ ਚੀਫ ਫੋਟੋਗ੍ਰਾਫਰ ਅੱਗੇ ਕੈਮਰਾ ਰੱਖ ਦਿੱਤਾ ਸੀ। "ਸਰ, ਮੇਥੋਂ ਨ੍ਹੀਂ ਏਹ ਕੰਮ ਹੁੰਦਾ !"

"ਵਿੱਕੀ, ਸ਼ੁਰੂ 'ਚ ਮੈਂ ਵੀ ਤੇਰੇ ਵਾਂਗ ਈ ਹੁੰਦਾ ਸੀ। ਹੌਲੀ-ਹੌਲੀ ਤੈਨੂੰ ਆਦਤ ਹੋ-ਜੂ। ਤੂੰ ਘਬਰਾ ਨਾ !" ਚੀਫ ਫੋਟੋਗ੍ਰਾਫਰ ਬੋਲਿਆ ਸੀ।

ਸਿਟੀ ਐਡੀਟਰ ਨੇ ਉਸ ਨੂੰ ਆਪਣੇ ਕੈਬਿਨ 'ਚ ਬੁਲਾਇਆ। "ਬੇਟਾ ! ਦਿਸ ਇਜ਼ ਏ ਪਾਰਟ ਆੱਫ ਦ ਜਾੱਬ ! ਤੂੰ ਕੁਸ਼ ਦਿਨ ਛੁੱਟੀ ਲੈ ਕੇ ਘਰ ਜਾ ਆ, ਮਨ ਠੀਕ ਹੋ-ਜੂ !!"

ਛੁੱਟੀ ਆਇਆ ਵਿੱਕੀ ਵਾਪਿਸ ਨਹੀਂ ਸੀ ਗਿਆ। ਅਭਿਨਵ ਸਰ ਦੀਆਂ ਕਈ ਕਾੱਲਾਂ ਆਈਆ। ਉਸ ਨੇ ਦਫਤਰੋਂ ਆਇਆ ਕੋਈ ਫੋਨ ਨਹੀਂ ਚੁੱਕਿਆ।

"ਇਹੋ ਜਿਹੀ ਨੌਕਰੀ ਕੀ ਕਰਨੀ ਐ ਆਪਾਂ ? ਜਿੰਨੇ ਤੂੰ ਕਮਾਉਨੈਂ, ਓਨਾ ਤਾਂ ਤੇਰਾ ਓਸ ਸ਼ਹਿਰ 'ਚ ਰਹਿਣ-ਸਹਿਣ ਦਾ ਖਰਚਾ ਆ ਜਾਂਦਾ ! ਆਪਣਾ ਚੰਗਾ-ਭਲਾ ਤਾਂ ਕਾਰੋਬਾਰ ਐ ! ਕੀ ਲੋੜ ਐ ਦੂਜਿਆਂ ਦੀ ਗੁਲਾਮੀ ਕਰਨ ਦੀ !" ਹੱਥ 'ਚ ਰੋਟੀ ਦੀ ਥਾਲੀ ਫੜੀਂ ਮੰਮੀ ਬੋਲ ਰਹੇ ਸਨ। ਬੁਰਕੀ ਵਿੱਕੀ ਦੇ ਮੂੰਹ 'ਚ ਪਾਉਂਦਿਆਂ ਉਹਨਾਂ ਨੇ ਗੱਲ ਜਾਰੀ ਰੱਖੀ। "ਤੂੰ ਆਪਣੇ ਡੈਡੀ ਨਾਲ ਗੱਲ ਕਰੀਂ ! ਸੁਣ ਕੇ ਉਹ ਤਾਂ ਸਗੋਂ ਖੁਸ਼ ਹੋਣਗੇ ! ਫਿਲਹਾਲ ਤਾਂ ਤੂੰ ਰੋਟੀ ਖਾਹ ਅਰਾਮ ਨਾਲ ! ਮੇਰਾ ਪੁੱਤ !" ਤੇ ਉਹਨਾਂ ਨੇ ਥਾਲੀ ਵਿੱਕੀ ਅੱਗੇ ਡਾਈਨਿੰਗ ਟੇਬਲ 'ਤੇ ਰੱਖ ਦਿੱਤੀ।

ਵਿੱਕੀ ਫੈਕਟਰੀ ਆਇਆ ਸੀ। ਕੁਰਸੀ ਤੇ ਬੈਠੇ ਡੈਡੀ ਮੁਸਕੁਰਾਏ ਸਨ। ਵਿੱਕੀ ਨੂੰ ਲੱਗਿਆ ਸੀ, ਜਿਵੇਂ ਕਹਿ ਰਹੇ ਹੋਣ, "ਦੇਖਿਆ ! ਆ ਗਿਆ ਨਾ ਓਸੇ ਥਾਂ ਤੇ ਵਾਪਸ ! ਤੇਰੇ ਬਾਪ ਨੇ ਆਪਣੇ ਵਾਲ ਧੁੱਪੇ ਨ੍ਹੀਂ ਚਿੱਟੇ ਕੀਤੇ !"

ਉਹਨਾਂ ਨੇ ਤਾਂ ਹੁਣ ਵੀ ਉਸ ਨੂੰ ਇਹੋ ਈ ਕਹਿਣਾ ਸੀ, "ਵਿੱਕੀ, ਤੂੰ ਬਿਜ਼ਨਸ ਕਰਨਾ ਕਦੋਂ ਸਿੱਖੇਂਗਾ ?"



ਇਕ ਵਾਰ ਜਦੋਂ ਡੈਡੀ ਨੇ ਉਸ ਨੂੰ ਫੈਕਟਰੀ ਲਈ ਖਰੀਦੇ ਕੁੱਝ ਸੰਦ ਏਜੰਟ ਨੂੰ ਵਾਪਿਸ ਕਰਨ ਲਈ ਕਿਹਾ ਸੀ ਤਾਂ ਉਹ ਝਿਜਕਿਆ ਸੀ। ਡੈਡੀ ਨੇ ਉਸ ਨੂੰ ਸਮਝਾਇਆ ਸੀ, "ਸਾਥੋਂ ਲੋਕ ਮਾਲ ਲਿਜਾ ਕੇ, ਕਈ-ਕਈ ਦਿਨ ਰੱਖ ਕੇ ਫਿਰ ਵਾਪਿਸ ਕਰ ਜਾਂਦੇ ਨੇ, ਅਖੇ ਏਨੇ ਦੀ ਲੋੜ ਨ੍ਹੀਂ !" ਪਰ ਵਿੱਕੀ ਨੂੰ ਚਿੰਤਾ ਇਸ ਗੱਲ ਦੀ ਸੀ ਕਿ ਜਦੋਂ ਏਜੰਟ ਨੇ ਵਾਪਿਸ ਕੀਤੇ ਮਾਲ ਨੂੰ ਵੇਖ ਕੇ ਮੂੰਹ ਵਿੱਚ ਬੁੜ-ਬੁੜ ਕਰਨੀ ਸੀ, ਤਾਂ ਵਿੱਕੀ ਨੂੰ ਬਹੁਤ ਭੈੜਾ ਮਹਿਸੂਸ ਹੋਣਾ ਸੀ।

ਇਹ ਵਿੱਕੀ ਦੇ ਵੱਸੋਂ-ਬਾਹਰਾ ਸੀ ਕਿ ਉਹ ਖਰੀਦਦਾਰੀ ਵੇਲੇ ਰੇਟ ਘਟਵਾ ਸਕੇ। ਨਾ ਹੀ ਉਹ ਅਸਲ ਰਕਮ ਨਾਲੋਂ ਘੱਟ ਜਾਂ ਵੱਧ ਬਿਲ ਬਣਾ ਸਕਦਾ ਸੀ ਤੇ ਨਾ ਹੀ ਉਹ ਟੈਲੀਫੋਨ 'ਤੇ ਝੂਠ ਬੋਲ ਸਕਦਾ ਸੀ, "ਹਾਲੀਂ ਤਾਂ ਬਹੁਤ ਟਾਇਟ ਹੋਏ ਪਏ ਆਂ, ਜਨਾਬ ! ਆਉਂਦੀ ਪਹਿਲੀ ਨੂੰ ਥੋਡੀ ਪੇਮੈਂਟ ਪੱਕੀ ! ਮੈਂ ਕਿਹਾ ਜੀ, ਮੈਂ ਆਪ ਫੜਾ ਕੇ ਜਾਊਂ ਥੋਨੂੰ !"

ਸਪੀਡ-ਬ੍ਰੇਕਰ ਦੇ ਹਲੋਰੇ ਨਾਲ ਕਨ੍ਹੱਈਏ ਦੇ ਕਰਾਹੁਣ ਦੀ ਆਵਾਜ਼ ਆਈ ਤਾਂ ਵਿੱਕੀ ਨੇ ਪਿੱਛੇ ਵੱਲ ਸਿਰ ਘੁਮਾਇਆ, "ਹਾਲੀਂ ਵੀ ਦਰਦ ਹੋ ਰਿਹੈ ?"

"ਪਹਿਲੇ ਸੇ ਤੋ ਘਟ ਹੈ, ਵਿੱਕੀ ਬਾਬੂ ! ਦੂਸਰੀ ਗੋਲੀ ਲੇ ਕੇ ਕਾਮ ਜੋਗਾ ਹੋ ਜਾਊਂਗਾ, ਬਾਬੂ ਜੀ !"

ਸ਼ਬਦ ਵਿੱਕੀ ਅੰਦਰ ਝੁਣਝੁਣੀ ਛੇੜ ਗਏ। ਵਿੱਕੀ ਬਾਬੂ !...ਵਿੱਕੀ ਬਾਬੂ !...

"ਕੋਈ ਗੱਲ ਨ੍ਹੀਂ ! ਪਹਿਲਾਂ ਦਰਦ ਠੀਕ ਹੋ-ਜੇ ! ਥੋੜ੍ਹੀ ਦੇਰ ਆਰਾਮ ਕਰ ਲੀਂ ਪਹਿਲਾਂ !"

"ਬੜੇ ਬਾਬੂ ਜੀ ਬੋਲੇਂਗੇ !"

"ਬੋਲਦੇ ਰਹਿਣ ! ਕਹਿ ਦੀਂ ਵਿੱਕੀ ਬਾਬੂ ਜੀ ਨੇ ਮਨ੍ਹਾ ਕੀਤਾ ਕੰਮ ਕਰਨ ਤੋਂ !"

*****

# ਆਈਸਕ੍ਰੀਮ

ਨਿਸ਼ਾ ਨੇ ਪਾਸਾ ਪਰਤਿਆ। ਹਾਲੀਂ ਵੀ ਸਿਰ ਭਾਰਾ ਸੀ। ਜਦੋਂ ਮੇਰੀ ਮਾਂ ਈ ਮੇਰੀ ਦੁਸ਼ਮਣ ਬਣੀ ਹੋਈ ਐ ਤਾਂ.....!

ਅੱਖਾਂ ਉਸ ਦੀਆਂ ਹਾਲੀਂ ਵੀ ਬੰਦ ਸਨ ਪਰ ਨੀਂਦ ਆਸ-ਪਾਸ ਵੀ ਨਹੀਂ ਸੀ।

ਉਸ ਨੇ ਫਿਰ ਪਾਸਾ ਪਰਤਿਆ। ਖਿਆਲਾਂ ਵਿੱਚ ਗੁਆਚਣ ਦੀ ਕੋਸ਼ਿਸ਼ ਕੀਤੀ। "ਇਸ ਦੇ ਨਵੇਂ ਦੰਦਾਂ ਦਾ ਹੁਣੇ ਹੀ ਧਿਆਨ ਰੱਖਣਾ ਪਊ!... ਬਾਕੀ ਮਿਲਕ-ਟੀਥ ਵੀ ਜਲਦੀ ਈ ਟੁੱਟ ਜਾਣਗੇ।" ਨੋਨੂੰ ਦੇ ਦੰਦ ਵੇਖਣ ਦੇ ਨਾਲ-ਨਾਲ ਡਾਕਟਰ ਵੰਦਨਾ ਉਸ ਨਾਲ ਗੱਲਬਾਤ ਕਰ ਰਹੀ ਸੀ। ਖ਼ੁਦ ਉਹ ਕੰਧ 'ਤੇ ਲੱਗੇ ਪੋਸਟਰ ਵੇਖਣ ਵਿੱਚ ਰੁੱਝੀ ਹੋਈ ਸੀ। ਵੱਖ-ਵੱਖ ਦੰਦਾਂ ਵਾਲੇ ਬੱਚਿਆਂ ਦੇ ਪੋਸਟਰ।

"ਅਸੀਂ ਬੱਚਿਆਂ ਨੂੰ ਮਿਠਾਈ, ਚਾਕਲੇਟ, ਆਈਸਕ੍ਰੀਮ ਵਗੈਰਾ ਲੈ ਤਾਂ ਦਿੰਦੇ ਆਂ, ਪਰ ਸਾਨੂੰ ਅੰਦਾਜ਼ਾ ਵੀ ਨ੍ਹੀਂ ਹੁੰਦਾ ਐਕਸੈੱਸ 'ਚ ਇਹ ਚੀਜ਼ਾਂ ਕਿੰਨਾ ਨੁਕਸਾਨ ਕਰਦੀਆਂ ਨੇ!" ਡਾਕਟਰ ਵੰਦਨਾ ਨੇ ਮੂੰਹ ਤੋਂ ਮਾਸਕ ਲਾਹਿਆ। "...ਤੁਸੀਂ ਏਸੇ ਤਰ੍ਹਾਂ ਹਰ ਛੇ ਮਹੀਨੇ ਬਾਦ ਏਸ ਦੇ ਦੰਦ ਚੈੱਕ ਕਰਵਾਉਂਦੇ ਰਹੋ। ਕੋਈ ਪ੍ਰਾੱਬਲਮ ਨ੍ਹੀਂ ਆਏਗੀ!"

ਨਿਸ਼ਾ ਦੀਆਂ ਨਜ਼ਰਾਂ ਭੁਰਭੁਰੇ ਦੰਦਾਂ ਵਾਲੀਆਂ ਤਸਵੀਰਾਂ 'ਤੇ ਟਿਕੀਆਂ ਹੋਈਆਂ ਸਨ।

"ਜਿਹੜੇ ਬੱਚੇ ਵੱਡੇ ਲੈਵਲ ਤੇ ਗੇਮ ਖੇਡਣਾ ਚਾਹੁੰਦੇ ਨੇ, ਉਹਨਾਂ ਨੂੰ ਚਾੱਕਲੇਟ, ਆਈਸਕ੍ਰੀਮ, ਮਿਠਾਈ, ਕੋਲਡ-ਡ੍ਰਿੰਕ-ਇਹ ਚੀਜ਼ਾਂ ਬਿਲਕੁਲ ਈ ਛੱਡਣੀਆਂ ਪੈਣਗੀਆਂ!" ਪੀ. ਟੀ. ਮੈਡਮ ਸਕੂਲ ਦੇ ਮੈਦਾਨ 'ਚ ਖੜ੍ਹੇ ਬੋਲ ਰਹੇ ਸਨ। ਨਿਸ਼ਾ ਤੇ ਉਸ ਦੇ ਸਾਥੀ ਟਰੈਕ ਸੂਟ ਪਾਈਂ ਸੁਣ ਰਹੇ ਸਨ।

ਕਦੇ ਨੋਨੂੰ ਤੇ ਕਦੇ ਮਨੀ ਆਪਣੇ ਭੁਰਭੁਰੇ ਦੰਦ ਦਿਖਾਉਂਦੇ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੇ। ਉਸ ਦੇ ਸਰੀਰ ਅੰਦਰ ਝੁਣਝੁਣੀ ਛਿੜੀ। ਮਸਾਂ ਮੈਂ ਆਪਣੇ ਬੱਚਿਆਂ ਨੂੰ ਬਚਾ ਕੇ ਰੱਖਿਆ ਸੀ ਆਈਸਕ੍ਰੀਮ ਤੋਂ, ਚਾੱਕਲੇਟ ਤੋਂ! ਹੁਣ ਮੇਰੇ ਬੱਚੇ ਮੇਰੇ ਕੰਟਰੋਲ ਤੋਂ ਬਾਹਰ ਜਾ ਰਹੇ ਨੇ!...ਦੋਹਾਂ ਦੇ ਦੰਦ ਖਰਾਬ ਹੋ ਜਾਣਗੇ!...!

ਖਿਆਲਾਂ ਨੂੰ ਉਸ ਨੇ ਝਟਕ ਕੇ ਪਰ੍ਹਾਂ ਸੁੱਟਣ ਦੀ ਕੋਸ਼ਿਸ਼ ਕੀਤੀ। ਪਰ ਤਸਵੀਰਾਂ ਮੁੜ-ਮੁੜ ਉਸ ਦੀਆਂ ਅੱਖਾਂ ਅੱਗੇ ਪੈਦਾ ਹੋ ਰਹੀਆਂ ਸਨ। ਭੁਰਭੁਰੇ ਦੰਦ!



ਅੱਕ ਕੇ ਉਹ ਉੱਠ ਬੈਠੀ।

ਉਸ ਨੇ ਬੱਤੀ ਜਗਾਈ। ਪੀਲੇ ਰੰਗ ਦੀਆਂ ਕੰਧਾਂ ਦੇ ਨਾਲ-ਨਾਲ ਕਮਰੇ ਦੀਆਂ ਸਭ ਚੀਜ਼ਾਂ ਰੁਸ਼ਨਾ ਉੱਠੀਆਂ -ਸਫ਼ੈਦ ਏ. ਸੀ., ਕੌਫੀ ਰੰਗ ਦੀ ਕੱਪਬੋਰਡ ਤੇ ਸੀ. ਐਲ. ਐਫ. ਬਲਬ ਦਾ ਅਕਸ ਵਿਖਾਉਂਦਾ ਡਰੈਸਿੰਗ-ਟੇਬਲ। ਵਿਪਨ ਨੇ ਪਿਆਂ-ਪਿਆਂ ਹੀ ਬੰਦ ਅੱਖਾਂ ਦੇ ਭਰਵੱਟਿਆਂ ਨੂੰ ਸਿਕੋੜਿਆ, ਤੇ ਕੰਧ ਵੱਲ ਪਾਸਾ ਲਿਆ।

ਨਿਸ਼ਾ ਨੇ ਪੈਰਾਂ ਨਾਲ ਚੱਪਲਾਂ ਟਟੋਲੀਆਂ।

ਚੱਪਲਾਂ ਪਾ ਉਹ ਕਮਰੇ 'ਚੋਂ ਬਾਹਰ ਨਿੱਕਲ ਗਈ।

ਲਿਵਿੰਗ-ਰੂਮ 'ਚੋਂ ਲੰਘਦਿਆਂ ਉਸ ਦੀ ਨਜ਼ਰ ਕੰਧ 'ਤੇ ਟੰਗੇ ਪਲਾਈ ਦੇ ਬਣੇ ਮੰਦਿਰ 'ਤੇ ਪਈ। ਹਲਕੇ ਚਾਨਣ ਵਿੱਚ ਕਨ੍ਹੱਈਆ ਜੀ ਇੱਕ ਲੱਤ ਪਿੱਛੇ ਦੂਜੀ ਟਕਾਈਂ ਬੰਸਰੀ ਵਜਾਉਣ 'ਚ ਮਸਤ ਸਨ।

ਰਸੋਈ ਵਿੱਚ ਫਰਿੱਜ ਖੋਲ੍ਹਦਿਆਂ ਹੀ ਆਈਕ੍ਰੀਮ ਦਾ ਕੱਪ ਪ੍ਰਗਟ ਹੋਇਆ। ਉਸ ਦਾ ਦਿਲ ਕੀਤਾ ਇਸ ਨੂੰ ਚੁੱਕ ਕੇ ਡਸਟਬਿਨ 'ਚ ਸੁੱਟ ਦੇਵੇ। ਪਰ ਉਸ ਦੇ ਹੱਥਾਂ ਨੇ ਸਾਥ ਨਾ ਦਿੱਤਾ। ਉਸ ਨੂੰ ਸਕੂਲ 'ਚ ਖੇਡੇ ਬੈਡਮਿੰਟਨ ਦੇ ਉਹਨਾਂ ਮੈਚਾਂ ਵਾਂਗ ਮਹਿਸੂਸ ਹੋਇਆ, ਜਦੋਂ ਉਹ ਵਾਧੂ ਜ਼ੋਰ ਲਾਉਣਾ ਬੰਦ ਕਰ ਦਿੰਦੀ ਸੀ। ਉਦੋਂ ਉਸ ਨੂੰ ਅੰਦਾਜ਼ਾ ਹੋ ਜਾਂਦਾ ਸੀ ਕਿ ਮੈਚ ਖ਼ਤਮ ਹੋਣ ਤੱਕ ਉਹ ਆਪਣੇ ਵਿਰੋਧੀ ਦੇ ਪੁਆਇੰਟਾਂ ਦੇ ਨੇੜੇ ਵੀ ਨਹੀਂ ਪਹੁੰਚ ਸਕੇਗੀ।

ਸ਼ਾਇਦ ਸੱਚਮੁੱਚ ਉਹ ਹਾਰ ਰਹੀ ਸੀ! ਉਸ ਦੇ ਸਾਹਮਣੇ ਉਸ ਦੀਆਂ ਸਹੇਲੀਆਂ ਚਾੱਕਲੇਟ ਖਾਂਦਿਆਂ ਉਸ ਨੂੰ ਘੂਰ ਰਹੀਆਂ ਸਨ।

ਗਲਾਸ 'ਚੋਂ ਪਾਣੀ ਦਾ ਆਖਰੀ ਘੁੱਟ ਲੰਘਾਉਂਦਿਆਂ ਉਸ ਨੇ ਡੂੰਘਾ ਸਾਹ ਲਿਆ। ਅੰਦਰਲੀ ਤਰਥੱਲੀ ਕੁਝ ਘਟੀ ਮਹਿਸੂਸ ਹੋਈ।

ਜੇ ਮੰਮੀ ਆਉਂਦੀ ਹੋਈ ਆਈਸਕ੍ਰੀਮ ਨਾ ਲੈ ਕੇ ਆਉਂਦੀ, ਤਾਂ ਬੱਚਿਆਂ ਨੂੰ ਰੀਸ ਨ੍ਹੀਂ ਸੀ ਲੱਗਣੀ! ਮੈਂ ਤਾਂ ਉਹਨਾਂ ਨੂੰ ਚਾਕਲੇਟ, ਆਈਸਕ੍ਰੀਮ, ਮਠਿਆਈ, ਸਭ ਭੁਲਾ ਦਿੱਤਾ ਸੀ!..ਆਪ ਵੀ ਉਹਨਾਂ ਕਰਕੇ ਏਹ ਸਾਰਾ ਕੁਸ਼ ਖਾਣਾ ਬੰਦ ਕਰ ਦਿੱਤਾ ਸੀ!

ਕੱਲ੍ਹ ਰੇਨੂੰ ਅੰਟੀ ਕੋਲ ਵੀ ਉਸ ਅੰਦਰਲਾ ਦੁੱਖ ਬਾਹਰ ਆ ਗਿਆ ਸੀ, "ਮੇਰੀ ਮੰਮੀ ਤਾਂ, ਨਾ, ਮੇਰੀ ਸੱਸ ਬਣੀ ਹੋਈ ਐ! ਘਰ 'ਚ ਆਪਣੀ ਮਰਜ਼ੀ ਚਲਾਈ ਜਾਂਦੀ ਐ! ਜਦੋਂ ਏਥੋਂ ਜਾਊਗੀ, ਤਾਂ ਮੈਨੂੰ ਸਾਹ ਆਊਗਾ!"

ਅੰਟੀ ਨੇ ਜਦੋਂ ਉਸ ਵੱਲ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖ ਕੇ ਮੁਸਕੁਰਾਇਆ ਸੀ ਤਾਂ ਨਿਸ਼ਾ ਨੂੰ ਅਹਿਸਾਸ ਹੋਇਆ ਸੀ ਕਿ ਉਹ ਗ਼ਲਤ ਥਾਂ ਇਹ ਗੱਲ ਕਹਿ ਬੈਠੀ ਸੀ। ਅਚਾਰ ਦਾ ਡੱਬਾ ਫੜ ਉਹ ਤੇਜ਼ੀ ਨਾਲ ਘਰ ਪਰਤ ਆਈ ਸੀ।

ਸਵੇਰੇ ਜਦੋਂ ਲਿਵਿੰਗ ਰੂਮ 'ਚ ਬੈਠਿਆਂ ਨੋਨੂੰ ਨੇ ਆਪਣੀ ਨਾਨੀ ਕੋਲ ਹੋਰ ਆਈਸਕ੍ਰੀਮ ਲਿਆ ਕੇ ਦੇਣ ਦੀ ਜ਼ਿੱਦ ਕੀਤੀ ਸੀ। ਗੁੱਸੇ 'ਚ ਆਈ ਨਿਸ਼ਾ ਤੋਂ ਉਸ ਦੇ

ਥੱਪੜ ਤੱਕ ਮਾਰਿਆ ਗਿਆ ਸੀ।

"ਜਿਉਂ-ਜਿਉਂ ਬੱਚੇ ਵੱਡੇ ਹੋਈ ਜਾ ਰਹੇ ਨੇ, ਨਿਸ਼ਾ, ਤੂੰ ਓਨੀ ਈ ਚਿੜ੍ਹਚਿੜ੍ਹੀ ਹੋਈ ਜਾ ਰਹੀ ਐਂ!" ਮੰਮੀ ਨੇ ਰੋਂਦੀ ਨੋਨੂੰ ਨੂੰ ਆਪਣੀ ਗੋਦੀ 'ਚ ਲੈ ਲਿਆ ਸੀ। "ਜਵਾਕ ਨੇ! ਇਹੋ ਜਿਹਾ ਕੁਸ਼ ਖਾਂਦੇ ਈ ਹੁੰਦੇ ਨੇ!"

"ਇਹਨਾਂ ਨੂੰ ਹਟਾਉਣਾ ਤਾਂ ਕੀ ਐ, ਮੰਮੀ, ਸਗੋਂ ਤੂੰ ਤਾਂ ਇਹਨਾਂ ਨੂੰ ਸ਼ਹਿ ਦੇਣ ਲੱਗ-ਪੀ!"

"ਛੋਟੇ ਹੁੰਦਿਆਂ ਤੂੰ ਥੋੜ੍ਹੀ ਆਇਸਕ੍ਰੀਮ ਖਾਧੀ ਐ?" ਫਿਰ ਮੰਮੀ ਨੇ ਨੋਨੂੰ ਵੱਲ ਵੇਖਿਆ ਸੀ। "ਤੇਰੇ ਨਾਨਾ ਜੀ ਰੋਜ਼ ਇਹਦੇ ਲਈ ਆਇਸਕ੍ਰੀਮ ਲੈ ਕੇ ਆਉਂਦੇ ਹੁੰਦੇ ਸੀ। ਆਪਣੇ ਮਾਮੇ ਕੋਲ ਜਾਂਦੀ ਸੀ ਤਾਂ ਉਥੇ ਤਰ੍ਹਾਂ-ਤਰ੍ਹਾਂ ਦੀ ਆਇਸਕ੍ਰੀਮ ਖਾ ਕੇ ਆਉਂਦੀ ਸੀ!...ਹੁਣ ਥੋਡੀ ਵਾਰ ਨੂੰ ਏਹ ਆਏਂ ਕਰਨ ਲੱਗ-ਪੀ!"

ਮੰਮੀ ਨੇ ਜਿਵੇਂ ਉਸ ਦੇ ਵਿਰੋਧ ਵਿੱਚ ਪੇਰੈਂਟਿੰਗ ਦੇ ਸਾਰੇ ਨਿਯਮ ਹੀ ਭੁਲਾ ਦਿੱਤੇ ਸਨ!

ਮੈਚ ਬੇਨਿਯਮਾ ਹੁੰਦਾ ਵੇਖ ਨਿਸ਼ਾ ਨੇ ਵੀ ਵੱਡੇ-ਛੋਟੇ ਦੀ ਮਰਿਆਦਾ ਪਰ੍ਹਾਂ ਵਗਾਹ ਮਾਰੀ ਸੀ। "ਆਹੋ! ਪਹਿਲਾਂ ਤੂੰ ਮੈਨੂੰ ਆਇਸਕ੍ਰੀਮ ਖਵਾ-ਖਵਾ ਕੇ ਮੇਰੀ ਸਿਹਤ ਖਰਾਬ ਕੀਤੀ! ਪਰ ਮੈਂ ਆਪਣੇ ਬੱਚਿਆਂ ਦੇ ਦੰਦ ਤੇ ਗਲੇ ਨ੍ਹੀਂ ਖਰਾਬ ਹੋਣ ਦੇਣੇ!" ਉਸ ਨੇ ਨੋਨੂੰ ਵੱਲ ਇਸ਼ਾਰਾ ਕੀਤਾ। "ਪਤੈ, ਇਹਦੇ ਦੁੱਧ ਆਲੇ ਦੰਦ ਖਰਾਬ ਹੁੰਦੇ-ਹੁੰਦੇ ਬਚੇ ਨੇ! ਹੁਣ ਪੱਕੇ ਦੰਦ ਵੀ ਖਰਾਬ ਹੋ ਜਾਣਗੇ, ਜੇ ਇਹ ਚਾੱਕਲੇਟ ਤੇ ਆਇਸਕ੍ਰੀਮ ਖਾਣੋਂ ਨਾ ਹਟੀ ਤਾਂ! ਏਹਨੂੰ ਦੇਖ ਕੇ ਮਨੀ ਵੀ ਆਇਸਕ੍ਰੀਮ ਮੰਗਣ ਲੱਗ ਪੈਂਦੈ!"

"ਮੰਮਾ, ਮੈਂ ਤੋ ਅੱਛਾ ਬੱਚਾ ਹੂੰ! ਮੈਂ ਆਇਸਕ੍ਰੀਮ ਨ੍ਹੀਂ ਖਾਤਾ!" ਮਨੀ ਪਲਾਸਟਿਕ ਦਾ ਬੈਟ ਸੁੱਟ ਨਿਸ਼ਾ ਦੀ ਗੋਦੀ 'ਚ ਦੌੜਿਆ ਆਇਆ ਸੀ। ਨਿਸ਼ਾ ਦੇ ਕਾਲਜੇ ਦਾ ਰੁੱਗ ਭਰਿਆ ਗਿਆ ਸੀ। ਮਨੀ ਦੇ ਵਾਲਾਂ ਨੂੰ ਸਹਿਲਾਉਂਦਿਆਂ ਉਸ ਨੇ ਉਸ ਦਾ ਮੱਥਾ ਚੁੰਮਿਆ ਸੀ। "ਮਾਈ ਗੁੱਡ ਬੇਬੀ!!"

ਵੇਖ ਕੇ ਨੋਨੂੰ ਆਪਣੀ ਨਾਨੀ ਦੀ ਗੋਦੀ 'ਚ ਸਿਰ ਦੇ ਕੇ ਮੁੜ ਰੀਂ-ਰੀਂ ਕਰਨ ਲੱਗ ਪਈ ਸੀ। "ਆਇਸਕ੍ਰੀਮ!"

ਥੋੜ੍ਹੀ ਦੇਰ ਬਾਅਦ ਹੀ ਉਸ ਨੂੰ ਨੋਨੂੰ ਆਪਣੀ ਨਾਨੀ ਦੇ ਮੋਬਾਇਲ ਫੋਨ 'ਤੇ ਗੱਲ ਕਰਦੀ ਦਿਸੀ ਸੀ। " ਪਾਪਾ, ਮੇਰੇ ਲਈ ਵਨੀਲਾ ਫਲੇਵਰ ਲੈ ਕੇ ਆਉਣਾ!....!"

"ਔਰ ਮੇਰੇ ਲੀਏ ਚਾੱਕਲੇਟ ਵਾਲੀ ਆਈਸਕ੍ਰੀਮ!" ਪਿੱਛੇ ਖੜ੍ਹਾ ਮਨੀ ਵੀ ਉੱਛਲਿਆ ਸੀ।

"ਮੇਰੇ ਬੱਚਿਆਂ ਨੂੰ ਖਰਾਬ ਕਰਕੇ ਛੱਡਣਗੇ ਇਹ!" ਰਸੋਈ 'ਚ ਕੰਮ ਕਰ ਰਹੀ ਨਿਸ਼ਾ ਅੰਦਰਲਾ ਲਾਵਾ ਉੱਬਲ ਰਿਹਾ ਸੀ।

ਸ਼ਾਮ ਨੂੰ ਖਾਣੇ ਦੇ ਮੇਜ਼ ਦੁਆਲੇ ਬੈਠਿਆਂ ਨੋਨੂੰ ਚਹਿਕ ਰਹੀ ਸੀ। "ਮੈਂ ਆਪਣੀ



ਆਈਸਕ੍ਰੀਮ ਸਵੇਰੇ ਖਾਊਂਗੀ! ਮੈਂ ਫਰਿੱਜ 'ਚ ਸੰਭਾਲ ਕੇ ਰੱਖ ਦਿੱਤੀ! ਰਾਤ ਨੂੰ ਆਈਸਕ੍ਰੀਮ ਖਾਣ ਨਾਲ ਤਾਂ ਗਲਾ ਖਰਾਬ ਹੋ ਜਾਂਦਾ!"

"ਮੈਂ ਭੀ!" ਮਨੀ ਨੇ ਮੇਜ਼ ਦੇ ਪਾਰ ਤੋਂ ਹੱਥ ਖੜ੍ਹਾ ਕੀਤਾ ਸੀ। "ਸੁਬਹ ਮੇਰੇ ਦਾਂਤ ਨਹੀਂ ਖਰਾਬ ਹੋਂਗੇ! ਹੈ ਨਾ ਮੰਮਾ?!"

"ਥੋਡੇ ਤੋਂ ਚੁੱਪਚਾਪ ਰੋਟੀ ਨ੍ਹੀਂ ਖਾਧੀ ਜਾਂਦੀ!!" ਨਿਸ਼ਾ ਅੰਦਰ ਸੁਲਘ ਰਿਹਾ ਭਾਂਬੜ ਮੱਚ ਉੱਠਿਆ ਸੀ।

ਪੂਰੇ ਮੇਜ਼ ਤੇ ਖ਼ਾਮੋਸ਼ੀ ਛਾ ਗਈ ਸੀ।

ਲਿਵਿੰਗ-ਰੂਮ ਚੋਂ ਲੰਘਦਿਆਂ ਉਸ ਦੇ ਪੈਰ ਰੁਕ ਗਏ। ਉਸ ਨੇ ਦੂਜੇ ਕਮਰੇ 'ਚ ਝਾਤ ਮਾਰੀ। ਦੋਵੇਂ ਬੱਚੇ ਨਾਨੀ ਨਾਲ ਚਿੰਬੜੇ ਘੂਕ ਸੁੱਤੇ ਪਏ ਸਨ। ਹਨ੍ਹੇਰੇ 'ਚੋਂ ਕੇਵਲ ਏ. ਸੀ. ਦੀ ਆਵਾਜ਼ ਆ ਰਹੀ ਸੀ।

ਆਪਣੇ ਕਮਰੇ ਦੀ ਬੱਤੀ ਬੰਦ ਕਰਦਿਆਂ ਹੀ ਉਸ ਨੇ ਮਹਿਸੂਸ ਕੀਤਾ ਛਾਤੀ ਤੋਂ ਕੁਝ ਬੋਝ ਘਟ ਗਿਆ ਸੀ। ਸਿਰ ਵੀ ਹੌਲਾ ਹੋ ਰਿਹਾ ਸੀ।

ਬੈੱਡ 'ਤੇ ਡਿੱਗਦਿਆ ਹੀ ਉਸ ਦੀਆਂ ਅੱਖਾਂ ਮਿਚਣ ਲੱਗੀਆਂ। ਨੀਮ-ਬੇਹੋਸ਼ੀ ਛਾਉਣ ਲੱਗੀ। ਪਰ ਉਸ ਨੂੰ ਆਲੇ-ਦੁਆਲੇ ਦਾ ਵੀ ਆਭਾਸ ਸੀ। ਦੁਆਲੇ ਅਰਧ-ਸੁਪਨਿਆਂ ਦੀ ਚਾਦਰ ਤਣ ਗਈ।

ਗੁਲਾਬੀ, ਵਨੀਲਾ, ਚਾਕਲੇਟੀ, ਪਿਸ਼ਤਾ, ਰੰਗ-ਬਿਰੰਗੀਆਂ ਫਰਾਕਾਂ ਪਾਈਂ ਕੁੜੀ ਖੁਸ਼ੀ ਵਿੱਚ ਝੂਮ ਰਹੀ ਸੀ। ਉਸ ਦੇ ਦੰਦ ਲਿਸ਼ਕਾਂ ਮਾਰ ਰਹੇ ਸਨ। ਨਿਸ਼ਾ ਦੇ ਸਿਰ ਉੱਤੇ ਪ੍ਰਭਾਮੰਡਲ ਬਣ ਗਿਆ ਸੀ। ਜਿਹੋ ਜਿਹਾ ਕਨ੍ਹੱਈਆ ਜੀ ਦੇ ਸਿਰ ਪਿੱਛੇ ਸੀ!

ਅਚਾਨਕ ਉਸ ਦੀਆਂ ਪਲਕਾਂ ਖੁੱਲ੍ਹੀਆਂ-ਨੀਂਦ ਜਿਵੇਂ ਪੂਰੀ ਹੋ ਚੁੱਕੀ ਹੋਵੇ! ਬਿਨਾ ਬੱਤੀ ਜਗਾਇਆਂ ਹੀ ਉਹ ਉੱਠੀ, ਤੇ ਸਿੱਧੀ ਰਸੋਈ ਵੱਲ ਤੁਰ ਪਈ।

ਫਰਿੱਜ ਖੋਲ੍ਹਿਆ। ਫਰਿੱਜ ਦੀ ਰੋਸ਼ਨੀ 'ਚ ਉਸ ਨੇ ਆਈਸਕ੍ਰੀਮ ਦੇ ਕੱਪ 'ਚੋਂ ਚਮਚਾ ਭਰਿਆ, ਤੇ ਮੂੰਹ ਵਿੱਚ ਪਾ ਲਿਆ। ਜੀਭ ਸਵਾਦ-ਸਵਾਦ ਹੋ ਗਈ।

ਉਸ ਨੇ ਦੂਜਾ ਚਮਚਾ ਭਰਿਆ। ਫੇਰ ਤੀਜਾ....ਚੌਥਾ!....

ਸਵੇਰੇ ਜਦੋਂ ਨਿਸ਼ਾ ਦੀ ਅੱਖ ਖੁੱਲ੍ਹੀ ਤਾਂ ਕਮਰੇ ਦੇ ਬਾਹਰ ਚਹਿਲ-ਪਹਿਲ ਜਾਰੀ ਸੀ। ਬੈੱਡ 'ਤੇ ਵਿਪਨ ਵਾਲਾ ਪਾਸਾ ਵੀ ਖਾਲੀ ਸੀ। ਉਸ ਨੇ ਡਰੈਸਿੰਗ-ਟੇਬਲ ਦੇ ਸ਼ੀਸ਼ੇ 'ਚ ਨਜ਼ਰ ਮਾਰੀ। ਚਿਹਰਾ ਖਿੜਿਆ ਹੋਇਆ ਸੀ। ਬਿਖਰੇ ਵਾਲਾਂ ਨੂੰ ਸਮੇਟਦੀ ਉਹ ਰਸੋਈ ਵੱਲ ਤੁਰ ਪਈ। ਉਧਰੋਂ ਨੋਨੂੰ ਦੀ ਆਵਾਜ਼ ਆ ਰਹੀ ਸੀ।

ਫਰਿੱਜ ਖੋਲ੍ਹੀਂ ਖੜ੍ਹੀ ਨੋਨੂੰ ਆਪਣੀ ਨਾਨੀ ਨੂੰ ਦੱਸ ਰਹੀ ਸੀ, "ਆਹ ਦੇਖੋ, ਨਾਨੀ ਮੰਮਾ! ਮਨੀ ਚੋਰੀ-ਚੋਰੀ ਮੇਰੀ ਸਾਰੀ ਆਈਸਕ੍ਰੀਮ ਖਾ ਗਿਆ!" ਉਸ ਦੀ ਆਵਾਜ਼ ਰੋਣਹਾਕੀ ਹੋ ਗਈ। "ਭੁੱਖੜ ਕਿਸੇ ਥਾਂ ਦਾ!"

*****

# ਰਿਟਰਨ ਗਿਫ਼ਟ

"ਬਸ, ਨਿਕਲਣ ਹੀ ਲੱਗਦਾਂ!" ਕਹਿ ਕੇ ਵਿਸ਼ਾਲ ਨੇ ਫੋਨ ਕੱਟ ਦਿੱਤਾ।

ਕੈਸ਼ੀਅਰ ਨੇ ਇਕ ਵਾਰ ਫਿਰ ਕੈਬਿਨ 'ਚ ਆ ਕੇ 'ਨਾਂਹ' ਵਿੱਚ ਸਿਰ ਮਾਰਿਆ। "ਹਾਲੀਂ ਵੀ ਫਰਕ ਆ ਰਿਹਾ ਐ!"

"ਪਰ, ਫਰਕ ਪੈ ਕਿੱਥੇ ਗਿਆ?" ਵਿਸ਼ਾਲ ਦੀ ਸੁਰ ਉੱਚੀ ਸੀ। ਕੈਸ਼ੀਅਰ ਦਾ ਡਰ ਤੇ ਸ਼ਰਮ ਨਾਲ ਭਰਿਆ ਚਿਹਰਾ ਹੋਰ ਲਾਲ ਹੋ ਗਿਆ।

ਗੇਟ 'ਤੇ ਬੈਠੇ ਸਿਕਿਓਰਿਟੀ ਗਾਰਡ ਨੇ ਅੰਦਰ ਝਾਤੀ ਮਾਰੀ।

ਵਿਸ਼ਾਲ ਨੂੰ ਵੀ ਅਹਿਸਾਸ ਹੋਇਆ। ਉਸ ਨੇ ਠੰਢੇ ਲਹਿਜੇ 'ਚ ਸਵਾਲ ਦੁਹਰਾਇਆ, "ਮਦਨ!...ਫ਼ਰਕ ਕਿੰਨਾ ਆ ਰਿਹੈ?"

"ਦਸ ਹਜ਼ਾਰ, ਸਰ!" ਢਿੱਲੇ ਮੂੰਹ ਨਾਲ ਬੋਲਦਿਆਂ ਕੈਸ਼ੀਅਰ ਨੇ ਤੀਜੀ ਵਾਰ ਉਹੋ ਹੀ ਜਵਾਬ ਦਿੱਤਾ।

ਵਿਸ਼ਾਲ ਨੇ ਦੋਹਾਂ ਗੱਲ੍ਹਾਂ 'ਚ ਹਵਾ ਭਰ ਕੇ ਫੂਕ ਮਾਰੀ।

ਉਸ ਦੇ ਕੈਬਿਨ ਦੇ ਬਾਹਰ ਡੀਲਿੰਗ ਕਾਊਂਟਰਾਂ ਦੇ ਸਿਰਾਂ ਉੱਪਰ ਲੱਗੀ ਘੜੀ ਦੀਆਂ ਸੂਈਆਂ ਅੱਠ ਤੋਂ ਨੌਂ ਵਜਾਉਣ ਵੱਲ ਤੇਜ਼ੀ ਨਾਲ ਵਧ ਰਹੀਆਂ ਸਨ। ਹਾਲ ਵਿੱਚ ਸਾਰੀਆਂ ਕੁਰਸੀਆਂ ਵਿਹਲੀਆਂ ਹੋ ਚੁੱਕੀਆਂ ਸਨ। ਸਿਰਫ ਉਸ ਦੇ ਕੈਬਿਨ ਅਤੇ ਕੈਸ਼ ਕਾਊਂਟਰ 'ਤੇ ਹੀ ਗਤੀਵਿਧੀ ਦਾ ਅਹਿਸਾਸ ਹੁੰਦਾ ਸੀ। ਸਿਕਿਓਰਿਟੀ ਗਾਰਡ ਕਈ ਵਾਰ ਅੰਦਰ-ਬਾਹਰ ਚੱਕਰ ਲਾ ਚੁੱਕਿਆ ਸੀ।

ਫੋਨ ਦੀ ਘੰਟੀ ਵੱਜੀ।

ਸ਼ਾਰਦਾ ਦਾ ਨਾਮ ਵੇਖ ਕੇ ਉਸ ਨੇ ਕੱਾਲ ਕੱਟ ਦਿੱਤੀ।

ਮੋਬਾਈਲ ਫਿਰ ਵੱਜਿਆ।

"ਸ਼ਾਰਦਾ! ਮੈਂ ਕਿਹਾ ਤਾਂ ਹੈ, ਮੈਂ ਆ ਰਿਹਾਂ!" ਉਸ ਦੇ ਲਹਿਜੇ 'ਚ ਤਲਖ਼ੀ ਸੀ।

"ਗੌਰਵ ਭਾਅ ਜੀ ਦੀ ਟ੍ਰੇਨ ਐ ਗਿਆਰਾਂ ਵਜੇ। ਫੇਰ ਉਹਨਾਂ ਨੇ ਚਲੇ ਜਾਣੈ!...ਥੋੜੇ ਈ ਭੈਣਾਂ-ਭਰਾਵਾਂ ਕਰਕੇ ਫੋਨ ਕਰ ਰਹੀ ਆਂ! ਮੇਰੇ ਨਾਲ ਆਏਂ ਬੋਲਣ ਦੀ ਲੋੜ ਨ੍ਹੀਂ!...!" ਸ਼ਾਰਦਾ ਨੇ ਫੋਨ ਕੱਟ ਦਿੱਤਾ।



"ਓ, ਗੌਡ!"

ਥੋੜ੍ਹੀ ਦੇਰ ਬਾਅਦ ਫੋਨ ਦੀ ਘੰਟੀ ਫਿਰ ਵੱਜੀ।

ਸਕਰੀਨ ਤੇ 'ਗੌਰਵ ਪਾਅ ਜੀ' ਲਿਖਿਆ ਆ ਰਿਹਾ ਸੀ।

"ਹਾਂ, ਵਿਸ਼ਾਲ! ਕਿੰਨਾ ਕੁ ਟੈਮ ਲੱਗਣੈ?"

"ਬਸ, ਭਾਅ ਜੀ! ਆ ਹੀ ਰਿਹਾਂ! ਕੈਸ਼ ਦਾ ਇੱਕ ਰੌਲ਼ਾ.....!"

"ਸੁਣ!...ਦੇਖ, ਮੇਰੀ ਟ੍ਰੇਨ ਦਾ ਟਾਇਮ ਹੋਈ ਜਾਂਦੈ! ਤੂੰ ਆਏਂ ਕਰ, ਸਿੱਧਾ ਰੈਸਟੋਰੈਂਟ ਹੀ ਆ-ਜਾ! ਅਸੀਂ ਚਲਦੇ ਆਂ।"

"ਠੀਕ ਐ, ਭਾਅ ਜੀ!" ਫੋਨ ਕੱਟਦਿਆਂ ਉਸ ਦੀ ਬੇਚੈਨੀ ਕੁੱਝ ਘੱਟ ਹੋਈ। ਪਰ ਦਿਲ ਨੂੰ ਡੋਬੂ ਪਿਆ। "ਪਾਪਾ! ਆਜ ਟਾਈਮ ਪੇ ਆ ਜਾਨਾ ਆਫਿਸ ਸੇ! ਪਿਛਲੀ ਬਾਰ ਕੀ ਤਰਹ ਲੇਟ ਮਤ ਹੋ ਜਾਨਾ! ਨਹੀਂ ਤੋ ਮੈਂ ਆਪ ਸੇ ਬਾਤ ਨਹੀਂ ਕਰੂੰਗੀ!" ਮਿੰਨੀ ਨੇ ਸਵੇਰੇ ਕਿਹਾ ਸੀ। "ਨਹੀਂ, ਬੇਟੇ! ਆਈ ਵਿਲ ਡੈਫੀਨੇਟਲੀ ਕਮ!" ਘਰੋਂ ਨਿੱਕਲਦਿਆਂ ਉਸ ਨੇ ਉਸ ਦਾ ਮੱਥਾ ਚੁੰਮਿਆ ਸੀ।

"ਕਿਹੋ ਜਿਹੀ ਬੈਂਕ ਐ ਥੋਡੀ! ਬੱਚੇ ਦੇ ਜਨਮਦਿਨ 'ਤੇ ਵੀ ਛੁੱਟੀ ਨ੍ਹੀਂ ਮਿਲਦੀ!" ਸ਼ਾਰਦਾ ਨੇ ਕਾਰ 'ਚ ਉਸ ਨੂੰ ਟਿਫਨ ਫੜਾਉਂਦਿਆਂ ਕਿਹਾ ਸੀ।

"ਤੈਨੂੰ ਪਤਾ ਤਾਂ ਹੈ, ਸ਼ਾਰਦਾ! ਅੱਜ ਕਈ ਜ਼ਰੂਰੀ ਕੰਮ ਨਿਪਟਾਉਣੇ ਨੇ! ਮੇਰੇ ਤੋਂ ਬਿਨਾ ਕੰਮ ਖੜ੍ਹ-ਜੂ! ਸਾਰੀ ਜ਼ਿੰਮੇਵਾਰੀ ਬਰਾਂਚ ਮਨੈਜਰ ਦੀ ਹੁੰਦੀ ਐ!" "ਪ੍ਰਾਈਵੇਟ ਬੈਂਕ ਵੀ ਨਾ.....!" ਸ਼ਾਰਦਾ ਅੱਗਿਉਂ ਬੋਲਦੀ-ਬੋਲਦੀ ਰੁਕ ਗਈ ਸੀ।

"ਸਰ! ਪਤਾ ਚੱਲ ਗਿਐ!" ਕੈਸ਼ੀਅਰ ਉਸ ਦੇ ਕੈਬਿਨ 'ਚ ਕਾਹਲੀ ਨਾਲ ਦਾਖ਼ਲ ਹੋਇਆ। "ਗਲਤੀ ਨਾਲ ਇੱਕ ਬੰਦੇ ਦੇ ਖਾਤੇ 'ਚ ਪੈ ਗਏ!"

"ਫੋਨ ਕਰੋ, ਫੇਰ, ਉਹਨੂੰ!"

"ਕੀਤਾ ਸੀ, ਸਰ! ਪਰ ਉਹ ਪੈਰਾਂ 'ਤੇ ਪਾਣੀ ਈ ਨ੍ਹੀਂ ਪੈਣ ਦਿੰਦਾ!"

"ਹੈ ਕੌਣ ਉਹ?" ਉਸ ਨੇ ਭਰਵੱਟੇ ਸਿਕੋੜੇ।

"ਜੇ. ਈ. ਐ ਕੋਈ!"

ਵਿਸ਼ਾਲ ਨੇ ਫੋਨ 'ਤੇ ਇੱਕ ਨੰਬਰ ਡਾਇਲ ਕੀਤਾ।

"ਹੈਲੋ! ਹਾਂ, ਹਰਬੰਸ!...ਠੀਕ ਐ ਸਭ!...ਕਾਹਦਾ ਬਰ-ਡੇ, ਯਾਰ! ਮੈਂ ਤਾਂ ਬੈਂਕ 'ਚ ਫਸਿਆ ਬੈਠਾਂ!...ਸੁਣ! ਥੋਡੇ ਡਪਾਰਟਮੈਂਟ ਦਾ ਜੇ. ਈ. ਐ ਇੱਕ! ਉਹਦੇ ਖਾਤੇ 'ਚ ਗਲਤੀ ਨਾਲ ਦਸ ਹਜ਼ਾਰ ਚਲੇ ਗਏ। ਹੁਣ ਉਹ ਮੋੜ ਨ੍ਹੀਂ ਰਿਹਾ। ਹਾਂ, ਮੇਰਾ ਕੈਸ਼ੀਅਰ ਤੈਨੂੰ ਨਾਮ ਦੱਸਦੈ।" ਉਸ ਨੇ ਫੋਨ ਮਦਨ ਵੱਲ ਵਧਾਇਆ।

ਜਦੋਂ ਉਸ ਨੇ ਮਦਨ ਕੋਲੋਂ ਫੋਨ ਵਾਪਸ ਲਿਆ ਤਾਂ ਸਕਰੀਨ 'ਤੇ ਸ਼ਾਰਦਾ ਦੀਆਂ ਤਿੰਨ-ਚਾਰ ਮਿੱਸ ਕਾਲਾਂ ਦਿਸੀਆਂ। ਫੋਨ ਦੀ ਘੰਟੀ ਫਿਰ ਖੜਕੀ।

ਅਵਾਜ਼ ਪਛਾਣਦਿਆਂ ਉਹ ਬੋਲਿਆ, "ਹਾਂ, ਦੀਦੀ!...ਬਸ, ਉਹ ਪ੍ਰਾੱਬਲਮ

ਸੋਲਵ ਹੋ-ਗੀ ਸਮਝੋ!...ਥੋੜ੍ਹਾ ਜਿਹਾ ਲੱਗ-ਜੂ ਟਾਈਮ!...ਕੋਈ ਨ੍ਹੀਂ ਤੁਸੀਂ ਖਾਣਾ ਖਾ-ਲੋ! ਭਾਅ ਜੀ ਹੁਰਾਂ ਨੇ ਵੀ ਜਾਣਾ ਹੋਣੈ!...ਕੇਕ ਬਾਦ 'ਚੋਂ ਕੱਟ ਲਾਂ-ਗੇ!"

ਮੋਬਾਈਲ ਨੂੰ ਟੇਬਲ 'ਤੇ ਰੱਖਦਿਆਂ ਉਸ ਦਾ ਮਨ ਮਸੋਸਿਆ ਗਿਆ ਸੀ। ਮਿੰਨੀ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਘੁੰਮ ਗਿਆ। "ਪਾਪਾ! ਆਪ ਏਕ ਘੰਟੇ ਮੇਂ ਕਿਤਨੇ ਪੈਸੇ ਕਮਾ ਲੇਤੇ ਹੋ?" ਮਿੰਨੀ ਵੱਲ ਵੇਖਦਿਆਂ ਉਸ ਨੂੰ ਕੁਝ ਸਮਝ ਨਹੀਂ ਸੀ ਆਈ ਕੀ ਜਵਾਬ ਦੇਵੇ।

"ਦੱਸੋ ਨਾ, ਪਾਪਾ!"

"ਪੰਜ ਸੌ!" ਕਾਫੀ ਸੋਚਣ ਤੋਂ ਬਾਅਦ ਉਸ ਨੇ ਐਵੇਂ ਹੀ ਕਹਿ ਦਿੱਤਾ ਸੀ। "ਪਰ, ਤੂੰ ਕਿਉਂ ਪੁੱਛ ਰਹੀ ਐਂ?"

"ਕਿਉਂਕਿ ਮੇਰੇ ਬਰਥ-ਡੇ ਵਾਲੇ ਦਿਨ ਮੁਝੇ ਆਪਕਾ ਏਕ ਘੰਟਾ ਚਾਹਿਯੇ!...ਔਰ ਮੈਂ ਉਸ ਦਿਨ ਆਪ ਕੋ ਰਿਟਰਨ-ਗਿਫਟ ਭੀ ਦੂੰਗੀ!"

ਫੋਨ ਦੀ ਘੰਟੀ ਨੇ ਉਸ ਦੀਆਂ ਸੋਚਾਂ ਦੀ ਲੜੀ ਭੰਗ ਕਰ ਦਿੱਤੀ।

"ਹੈਲੋ!...ਹਾਂ, ਹਰਬੰਸ?...ਹੋ ਗਿਆ? ਥੈਂਕ-ਯੂ, ਯਾਰ!" ਕਹਿ ਕੇ ਉਸ ਨੇ ਫੋਨ ਬੰਦ ਕੀਤਾ, ਤੇ ਇੰਟਰਕੌਮ ਦਾ ਰਿਸੀਵਰ ਚੁੱਕਿਆ।

"ਹਾਂ, ਮਦਨ! ਉਹ ਜੇ. ਈ. ਮੰਨ ਗਿਆ! ਬਸ, ਤੂੰ ਅਡਜਸਟਮੈਂਟ ਕਰ ਦੇ, ਕੱਲ੍ਹ ਆਪਾਂ ਉਹਦੇ ਤੋਂ ਸਾਈਨ ਕਰਵਾ ਲਵਾਂਗੇ।" ਉਸ ਦੇ ਲਹਿਜੇ 'ਚ ਉਤਸ਼ਾਹ ਸੀ।

ਮੋਬਾਈਲ ਫੋਨ ਤੋਂ ਹਾਲੀਂ ਉਹ ਸ਼ਾਰਦਾ ਦੀਆਂ ਮਿੱਸ ਕਾਲਾਂ ਲੱਭ ਹੀ ਰਿਹਾ ਸੀ ਕਿ ਫੋਨ ਦੀ ਰਿੰਗ ਖੜਕੀ। ਸਕਰੀਨ 'ਤੇ 'ਏ. ਡੀ. ਸੀ.' ਲਿਖਿਆ ਆ ਰਿਹਾ ਸੀ।

"ਹੈਲੋ, ਸਰ!....ਓ.ਕੇ. ਸਰ!....ਸਰ, ਜੇ ਸਵੇਰੇ ਬਣਾ ਦੇਈਏ?....ਓ.ਕੇ., ਓ.ਕੇ.! ਨੋ ਪ੍ਰਾੱਬਲਮ, ਸਰ! ਹੋ ਜਾਏਗਾ।"

ਫੋਨ ਕੱਟਦਿਆਂ ਹੀ ਉਹ ਕੁਰਸੀ 'ਤੇ ਡਿੱਗ ਪਿਆ।

ਕੁੱਝ ਸੋਚ ਕੇ ਉਸ ਨੇ ਇੰਟਰਕੌਮ ਦਾ ਬਟਨ ਫਿਰ ਦੱਬਿਆ। "ਹਾਂ, ਮਦਨ!...," ਉਸ ਦੀ ਅਵਾਜ਼ ਵਿੱਚ ਥਕਾਵਟ ਸੀ। "ਯਾਰ! ਏ. ਡੀ. ਸੀ. ਦਾ ਡਰਾਫਟ ਬਣਾਉਣੈ ਹੁਣੇ ਈ!...ਸਵੇਰੇ ਸਾਝਰੇ ਚਾਹੀਦੈ ਉਹਨੂੰ! ਉਹਨੇ ਸਵੇਰੇ ਚੰਡੀਗੜ੍ਹ ਜਾਣੈ ਮੀਟਿੰਗ ਲਈ!...ਐਡਮਿਨਿਸਟ੍ਰੇਸ਼ਨ ਵੱਲੋਂ ਪੇਮੈਂਟ ਜਾਣੀ ਐ ਕੋਈ। ਡਿਟੇਲਜ਼ ਭੇਜਦਾਂ ਮੈਂ ਤੈਨੂੰ," ਅਚਾਨਕ ਉਸ ਦੀ ਅਵਾਜ਼ 'ਚ ਗੁੱਸਾ ਰਲ ਗਿਆ, "ਯਾਰ, ਮੈਂ ਵੀ ਤਾਂ ਬੈਠਾਂ ਤੇਰੇ ਸਾਹਮਣੇ! ਮੇਰੀ ਬੇਟੀ ਦਾ ਬਰ-ਡੇ ਐ ਅੱਜ!....!" ਉਸ ਨੂੰ ਲੱਗਿਆ ਗੱਲ ਕਰਦਿਆਂ ਉਸ ਦੀ ਭੁੱਬ ਨਿੱਕਲ ਜਾਵੇਗੀ।

ਇੰਟਰਕੌਮ ਰੱਖਦਿਆਂ ਹੀ ਉਸ ਨੇ ਆਪਣਾ ਮੂੰਹ ਹੱਥਾਂ 'ਚ ਦੇ ਲਿਆ।

ਮੋਬਾਈਲ ਫੋਨ ਦੀ ਘੰਟੀ ਨੇ ਉਸ ਦੀ ਬਿਰਤੀ ਫੇਰ ਭੰਗ ਕੀਤੀ।

"ਹਾਂ, ਸ਼ਾਰਦਾ?" ਉਸ ਦੀ ਅਵਾਜ਼ ਵਿੱਚ ਠੰਢਾਪਣ ਸੀ, "ਤੁਸੀਂ ਕੱਟ ਲੋ



ਕੇਕ, ਯਾਰ! ਮੇਰੇ ਤੋਂ ਪਹੁੰਚਿਆ ਨ੍ਹੀਂ ਜਾਣਾ!" ਸ਼ਾਰਦਾ ਦੀ ਗੱਲ ਜਾਰੀ ਸੀ। ਪਰ ਉਸ ਨੇ ਕਾੱਲ ਕੱਟ ਦਿੱਤੀ।

ਉਸ ਦੇ ਬਾਹਰ ਨਿੱਕਲਦਿਆਂ ਹੀ ਸਿਕਿਓਰਿਟੀ ਗਾਰਡ ਨੇ ਢਿੱਲਾ ਸਲੂਟ ਮਾਰਿਆ। ਪਰ ਉਹ ਬੇਧਿਆਨਾ ਕਾਰ ਵੱਲ ਤੁਰ ਪਿਆ।

ਘਰ ਦੇ ਪੋਰਚ ਵਿੱਚ ਲਾਈਟਾਂ ਦਾ ਅੱਧ-ਚਾਨਣ ਪੱਸਰਿਆ ਹੋਇਆ ਸੀ। ਡੈਡੀ ਵਾਲੀ ਕਾਰ ਮੌਜੂਦ ਨਹੀਂ ਸੀ।

ਉਸ ਨੇ ਗੇਟ ਦਾ ਲਾਟੂ ਘੁਮਾਇਆ। ਲਿਵਿੰਗ ਰੂਮ 'ਚ ਹਨ੍ਹੇਰਾ ਸੀ। ਬੋਚ ਕੇ ਪੈਰ ਧਰਦਿਆਂ ਉਹ ਬੈੱਡਰੂਮ 'ਚ ਦਾਖ਼ਲ ਹੋਇਆ।

ਹਨ੍ਹੇਰੇ 'ਚ ਬੈੱਡ 'ਤੇ ਹਿਲਜੁਲ ਹੋਈ। ਸ਼ਾਰਦਾ ਦੀ ਮੌਜੂਦਗੀ ਦਾ ਅਹਿਸਾਸ ਹੁੰਦਿਆਂ ਹੀ ਉਸ ਨੇ ਪੁੱਛਿਆ, "ਮਿੰਨੀ?"

"ਉਹ ਆਪਣੀ ਬੂਆ ਕੋਲ ਸੌਂ-ਗੀ ਦੂਜੇ ਕਮਰੇ 'ਚ!"

"ਤੇ ਬਾਕੀ ਜਣੇ?"

"ਪਾਪਾ ਤੇ ਜੀਜਾ ਜੀ ਗੌਰਵ ਭਾਅ ਜੀ ਨੂੰ ਸਟੇਸ਼ਨ ਛੱਡਣ ਗਏ ਨੇ। ਤੁਹਾਡੀ ਰੋਟੀ ਪੈਕ ਕਰਵਾ ਲਿਆਏ ਸੀ ਅਸੀਂ! ਮੈਂ ਦਿੰਨੀ ਆਂ!" ਕਹਿੰਦਿਆਂ ਸ਼ਾਰਦਾ ਨੇ ਉੱਠ ਕੇ ਬੱਤੀ ਜਗਾਈ। ਕੰਧ 'ਤੇ ਲਿਖਿਆ 'ਹੈੱਪੀ ਬਰਥਡੇਅ ਮਿੰਨੀ' ਅਤੇ ਲਟਕਦੀਆਂ ਲੜੀਆਂ ਚਮਕ ਉੱਠੀਆਂ।

ਬੈੱਡ ਤੇ ਬੈਠਦਿਆਂ ਵਿਸ਼ਾਲ ਨੇ ਪੱਟਾਂ 'ਤੇ ਰੱਖਣ ਲਈ ਸਰਹਾਣਾ ਚੁੱਕਿਆ। ਉਸ ਦੀ ਨਜ਼ਰ ਛੇਜੇ 'ਤੇ ਪਏ ਉਨਾਭੀ ਰੰਗ ਦੇ ਐਨਵੈਲਪ 'ਤੇ ਪਈ। ਮਿੰਨੀ ਦੀ ਲਿਖਾਈ ਪਛਾਣਦਿਆਂ ਉਸ ਨੇ ਪੜ੍ਹਿਆ "ਪਾਪਾ ਕਾ ਰਿਟਰਨ ਗਿਫਟ"।

ਖੋਲ੍ਹਿਆ। ਅੰਦਰੋਂ ਪੰਜ ਸੌ ਦਾ ਨੋਟ ਨਿਕਲਿਆ। ਵਿਸ਼ਾਲ ਦੇ ਕਾਲਜੇ ਦਾ ਰੁੱਗ ਭਰਿਆ ਗਿਆ।

ਹਨ੍ਹੇਰੇ 'ਚ ਝਾਕਦਿਆਂ ਵਿਸ਼ਾਲ ਨੇ ਬੈੱਡ ਦੇ ਦੂਜੇ ਸਿਰੇ ਤੋਂ ਸ਼ਾਰਦਾ ਨੂੰ ਸੁਣਾ ਕੇ ਕਿਹਾ, "ਅਗਲੇ ਬਰ-ਡੇ 'ਤੇ ਪਹਿਲਾਂ ਈ ਛੁੱਟੀ ਅਪਲਾਈ ਕਰ ਦੇਣੀ ਐ!"

ਕੰਧ ਵੱਲ ਪਾਸਾ ਪਰਤਦਿਆਂ ਸ਼ਾਰਦਾ ਨੇ ਨੀਵੀਂ ਅਵਾਜ਼ 'ਚ ਜਵਾਬ ਦਿੱਤਾ, "ਸੌਂ-ਜੋ ਹੁਣ! ਸਵੇਰੇ ਆੱਫਿਸ ਜਾਣੈ!"

*****

# ਤਹਿਸੀਲਦਾਰ ਦਾ ਹੱਜ

ਰਜ਼ੀਆ ਨੇ ਇੱਕ ਵਾਰ ਫਿਰ ਸਵਾਲੀਆ ਨਜ਼ਰਾਂ ਨਾਲ ਅਨਵਾਰ ਵੱਲ ਵੇਖਿਆ। ਉਹ ਹਾਲੀਂ ਵੀ ਫਰਸ਼ 'ਤੇ ਟਿਕਟਿਕੀ ਲਾਈਂ ਤੱਕੀ ਜਾ ਰਿਹਾ ਸੀ।

"ਬੰਦੇ ਦਾ ਕੀ ਪਤਾ ਹੁੰਦੈ!...ਸਾਨੂੰ ਜਾਣਾ ਚਾਹੀਦੈ!" ਰਜ਼ੀਆ ਨੇ ਸ਼ਬਦ ਦੁਹਰਾਏ।

ਅਨਵਾਰ ਨੇ ਉਸ ਵੱਲ ਵੇਖਿਆ। ਉਸ ਨੂੰ ਅਜ਼ਰਾ ਦੀ ਸੱਸ ਦੀ ਗੱਲ ਚੇਤੇ ਆ ਗਈ, "ਵੀਰੇ! ਮੈਨੂੰ ਤਾਂ ਮੇਰੀ ਭੈਣ ਨੇ ਈ ਮੋਹ ਲਿਆ! ਜਦੋਂ ਮੈਂ ਉਹਨੂੰ ਦੇਖਿਆ, ਮੈਂ ਤਾਂ ਰਮਜ਼ਾਨ ਦੇ ਅੱਬੇ ਨੂੰ ਕਹਿ-'ਤਾ, ਮੈਂ ਤਾਂ ਰਿਸ਼ਤਾ ਉਥੇ ਈ ਕਰਨੈ, ਚਾਹੇ ਕੁਸ਼ ਹੋ-ਜੇ!"

ਉਦੋਂ ਉਸ ਦੇ ਸ਼ਬਦ ਉਸ ਨੂੰ ਡਿਪਲੋਮੈਟਿਕ ਲੱਗੇ ਸਨ। ਅਜ਼ਰਾ ਦੇ ਸਹੁਰੇ ਨੇ ਵੀ ਤਾਂ ਸਾਰੀ ਪੰਚਾਇਤ 'ਚ ਮਿੰਨਤਾਂ ਕੀਤੀਆਂ ਸਨ! "ਅਸੀਂ ਤਾਂ, ਤਸੀਲਦਾਰ ਸਾਹਬ, ਨੀਵੇਂ ਹੋ ਕੇ ਆਏ ਆਂ ਥੋਡੇ ਕੋਲ!" ਸੱਚਮੁੱਚ ਹੁਣ ਉਸ ਦੇ ਸਾਹਮਣੇ ਰੱਜੋ ਨਹੀਂ, ਰਜ਼ੀਆ ਖੜ੍ਹੀ ਸੀ- ਕਾਲੇ-ਚਿੱਟੇ ਸੰਘਣੇ ਵਾਲ, ਚਿਹਰੇ ਦੁਆਲੇ ਚਾਦਰ ਲਪੇਟੀਂ। ਚਿਹਰੇ 'ਤੇ ਉਤਰਿਆ ਨੂਰ ਡੁੱਲ੍ਹ-ਡੁੱਲ੍ਹ ਪੈਂਦਾ ਸੀ!

ਇਸੇ ਚਿਹਰੇ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਹੱਜ ਲਈ ਪੈਸੇ ਭਰੇ ਸਨ। ਉਹ ਤਾਂ ਉਸ ਦੀ ਰਿਟਾਇਰਮੈਂਟ ਵੇਲੇ ਤੋਂ ਹੀ ਉਸ ਦੇ ਪਿੱਛੇ ਪਈ ਹੋਈ ਸੀ। "ਹੁਣ ਆਪਾਂ ਹੱਜ ਕਰ ਆਈਏ!"

ਮੋਬਾਈਲ ਫੋਨ ਹਾਲੀਂ ਵੀ ਰਜ਼ੀਆ ਦੇ ਹੱਥ 'ਚ ਫੜਿਆ ਹੋਇਆ ਸੀ। "ਆਖ਼ਰਤ 'ਚ ਅਖ਼ਲਾਕ ਈ ਕੰਮ ਆਉਣਗੇ!" ਅਗਲੀ ਗੱਲ ਕਹਿੰਦੀ-ਕਹਿੰਦੀ ਉਹ ਰੁਕ ਗਈ। ਪਰ ਅਧੂਰੇ ਸ਼ਬਦ ਅਨਵਾਰ ਨੇ ਦਿਮਾਗ਼ ਪੂਰੇ ਕਰ ਲਏ ਸਨ, "ਏਹ ਤਸੀਲਦਾਰੀਆਂ ਸਬ ਐਥੇ ਈ ਰਹਿ ਜਾਣੀਆਂ ਨੇ!"

"ਬਸ ਪੁੱਤ, ਇੱਕ ਗੱਲ ਦਾ ਖ਼ਿਆਲ ਰੱਖੀਂ ਕਿਸੇ ਨਾਲ ਧੱਕਾ ਨਾ ਕਰੀਂ!" ਉਸ ਨੂੰ ਹਾਜੀ ਜੀ ਦੇ ਸ਼ਬਦ ਯਾਦ ਆਏ।

ਅੱਬੇ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਹਿ ਤੁਰੇ ਸਨ। ਉਦੋਂ ਅੱਬਾ ਹਾਲੀਂ ਸੁਰਤ 'ਚ ਰਹਿੰਦਾ ਸੀ। ਮੰਜੇ 'ਤੇ ਆਪੇ ਉੱਠ ਕੇ ਬੈਠ ਜਾਂਦਾ ਸੀ। ਟੱਟੀ-ਪਿਸ਼ਾਬ,



ਨਹਾਉਣਾ-ਧੋਣਾ ਆਪੇ ਕਰ ਲੈਂਦਾ ਸੀ।

"ਹਾਜੀ! ਮੁੰਡਾ ਆਪਣਾ ਤਸੀਲਦਾਰ ਬਣ ਗਿਆ!" ਅੱਬੇ ਨੇ ਘਰ ਆਏ ਹਾਜੀ ਜੀ ਨੂੰ ਉੱਚੀ ਸੁਣਾ ਕੇ ਕਿਹਾ ਸੀ। ਨਾਲੇ, ਕੁੰਢੀਆਂ ਮੁੱਛਾਂ ਨੂੰ ਪਲੋਸਿਆ ਸੀ।

"ਕੀ ਕਿਹਾ?...ਤਸੀਲਦਾਰ?" ਮੰਜੇ 'ਤੇ ਬੈਠਿਆਂ ਹਾਜੀ ਜੀ ਨੇ ਕੁੱਬੀ ਪਿੱਠ ਹੋਰ ਝੁਕਾਈ ਸੀ। ਅੱਬੇ ਨੇ ਉਸ ਦੇ ਕੰਨਾਂ ਕੋਲ ਮੂੰਹ ਲਿਜਾ ਕੇ ਅਵਾਜ਼ ਹੋਰ ਉੱਚੀ ਕੀਤੀ ਸੀ, "ਆਹੋ!...ਪਹਿਲਾਂ ਕਾਨੂੰਗੋ ਸੀ ਨਾ!...ਹੁਣ ਤਰੱਕੀ ਕਰਕੇ ਨੈਬ ਤਸੀਲਦਾਰ ਬਣ ਗਿਆ।"

ਹਾਜੀ ਜੀ ਨੇ ਅਸਮਾਨ ਵੱਲ ਹੱਥ ਕੀਤੇ ਸਨ। "ਸ਼ੁਕਰ ਐ!" ਫਿਰ ਉਸ ਨੇ ਅੱਬੇ ਨੂੰ ਸੰਬੋਧਨ ਕੀਤਾ ਸੀ, "...ਸ਼ੁਕਰ ਐ, ਲੰਬੜਦਾਰਾ, ਮਾਲਕ ਦਾ! ਸਾਡੇ ਨਿਆਣਿਆ ਨੂੰ ਖੁਸ਼ੀਆਂ-ਖੇੜੇ ਨਸੀਬ ਹੋਏ!" ਚਿੱਟੀ ਪੱਗ ਹੇਠਾਂ ਲੰਮੀ ਚਿੱਟੀ ਦਾੜ੍ਹੀ ਤੇ ਕੁਤਰੀਆਂ ਮੁੱਛਾਂ ਨਾਲ ਉਸ ਸਮੇਂ ਉਹਦੇ ਚਿਹਰੇ ਤੋਂ ਬਾਬੇ ਫਰੀਦ ਦੀ ਫੋਟੋ ਦਾ ਭੁਲੇਖਾ ਪੈਂਦਾ ਸੀ।

ਇਕੱਲਾ ਹਾਜੀ ਹੀ ਆਖ਼ਰੀ ਉਮਰੇ ਅੱਬੇ ਨੂੰ ਮਿਲਣ ਆਉਂਦਾ ਰਿਹਾ। ਸ਼ਹਿਰ 'ਚ ਕੌਣ ਪੁੱਛਦਾ ਹੈ ਨੰਬਰਦਾਰੀ ਨੂੰ! ਨੰਬਰਦਾਰੀ ਤਾਂ ਭੈਣੀ ਪਿੰਡ 'ਚ ਹੀ ਰਹਿ ਗਈ ਸੀ!...ਹੁਣ ਅਨਵਾਰ ਦੇ ਵੱਡੇ ਭਰਾ ਨੂੰ ਮੁੰਤਕਿਲ ਹੋ ਗਈ ਸੀ।

ਅਨਵਾਰ ਤਾਂ ਜਦੋਂ ਦਾ ਮੁਲਾਜ਼ਮ ਹੋਇਆ ਸੀ, ਉਸ ਨੇ ਪਿੱਛੇ ਪਿੰਡ ਵੱਲ ਤੱਕਿਆ ਹੀ ਨਹੀਂ ਸੀ। ਕੋਠੀ ਪਾ ਲੈਣ ਤੋਂ ਬਾਅਦ ਅੰਮੀ ਨੂੰ ਵੀ ਉਹ ਮਲੇਰਕੋਟਲੇ ਲੈ ਆਇਆ ਸੀ। ਫਿਰ ਅੰਮੀ ਦੇ ਫੌਤ ਹੋਣ ਤੋਂ ਬਾਅਦ ਜਦੋਂ ਅੱਬਾ ਬਹੁਤਾ ਬਿਮਾਰ ਰਹਿਣ ਲੱਗ ਪਿਆ ਤਾਂ ਉਸ ਨੂੰ ਵੀ ਉਸ ਨੇ ਸ਼ਹਿਰ ਲੈ ਆਂਦਾ ਸੀ।

ਟੁੱਟੀ ਸੜਕ ਨਾਲ ਉਸ ਦੇ ਦਿਮਾਗ਼ 'ਚ ਵੀ ਹਲੋਰੇ ਪੈ ਰਹੇ ਸਨ। ਕਦੇ ਅੱਬਾ ਵੀ ਇਸੇ ਰਸਤੇ ਗਿਆ ਹੋਵੇਗਾ ਸ਼ੇਰਪੁਰ ਬੀਬੀ ਦਾ ਰਿਸ਼ਤਾ ਕਰਨ! "ਜਦੋਂ ਹੱਲੇ ਪਏ ਤਾਂ ਓਦੋਂ ਆਮਨਾ ਸਾਡੇ ਕੋਲ ਆਈ ਹੋਈ ਸੀ। ਇਹਦੇ ਮਾਂ-ਬਾਪ ਦੋਹੇਂ ਮਾਰੇ ਗਏ। ਪਰ ਮਲੇਰਕੋਟਲੇ ਕੰਨ੍ਹੀਂ ਕਿਸੇ 'ਚ ਝਾਕਣ ਦਾ ਜੇਰਾ ਨ੍ਹੀਂ ਸੀ!" ਬੀਬੀ ਬਾਰੇ ਅੱਬੇ ਨੇ ਉਸ ਨੂੰ ਕਈ ਵਾਰ ਦੱਸਿਆ ਸੀ। ਬਚਪਨ ਵਿੱਚ ਤਾਂ ਅਨਵਾਰ ਉਸ ਨੂੰ ਆਪਣੀ ਸਕੀ ਭੈਣ ਹੀ ਸਮਝਦਾ ਰਿਹਾ ਸੀ। ਸੁਰਤ ਸੰਭਲਣ 'ਤੇ ਉਸ ਨੂੰ ਪਤਾ ਲੱਗਿਆ ਸੀ ਕਿ ਉਹ ਉਸ ਦੀ ਭੂਆ ਦੀ ਕੁੜੀ ਸੀ!

ਬੀਬੀ ਨੂੰ ਅੱਬੇ ਨੇ ਸ਼ੇਰਪੁਰ ਵਿਆਹ ਦਿੱਤਾ ਸੀ- ਇੱਕ ਦੁਹਾਜੂ ਨਾਲ। ਉਸ ਦੀਆਂ ਅੱਖਾਂ ਅੱਗੇ ਅੱਬੇ ਦੀ ਉਸ ਸਮੇਂ ਦੀ ਤਸਵੀਰ ਉੱਘੜੀ-ਤੇੜ ਚਾਦਰਾ, ਚਿੱਟਾ ਕੁੜਤਾ, ਟੋਰ੍ਹੇ ਵਾਲੀ ਪੱਗ ਤੇ ਕੁੰਢੀਆਂ ਮੁੱਛਾਂ। ਕਿਸ 'ਚ ਹਿੰਮਤ ਹੋਣੀ ਸੀ ਨੰਬਰਦਾਰ ਦੇ ਫੈਸਲੇ ਖ਼ਿਲਾਫ ਬੋਲਣ ਦੀ?

"ਮੈਨੂੰ ਲੱਗਦੈ, ਦੂਜੇ ਪਾਸੇ ਮੁੜਨਾ ਸੀ ਆਪਾਂ!" ਰਜ਼ੀਆ ਦੇ ਬੋਲਾਂ ਨੇ ਉਸ ਦੇ ਖਿਆਲਾਂ ਦੀ ਲੜੀ ਤੋੜ ਦਿੱਤੀ। ਅਨਵਾਰ ਨੇ ਬ੍ਰੇਕ ਲਾਈ।

ਬੈਕ-ਗੇਅਰ ਪਾ ਕੇ ਜ਼ਰਾ ਕੁ ਐਕਸੇਲੇਟਰ ਦੱਬਿਆ।

ਕਦੇ ਉਹ ਅਚੇਤਿਆਂ ਹੀ ਇਸ ਟੀ-ਪੁਆਇੰਟ ਤੋਂ ਸਹੀ ਸੜਕ ਪੈ ਜਾਇਆ ਕਰਦਾ ਸੀ। ਗੱਡੀ ਸ਼ੇਰਪੁਰ ਵਾਲੀ ਸੜਕੇ ਪਾਉਂਦਿਆਂ ਹੀ ਉਸ ਅੱਗੇ ਬੀਬੀ ਦਾ ਚਿਹਰਾ ਘੁੰਮ ਗਿਆ। ਉਸ ਨੂੰ ਵੱਡੇ ਹੋਣ 'ਤੇ ਪਤਾ ਲੱਗਿਆ ਸੀ ਕਿ ਬੀਬੀ ਦਾ ਵੱਡਾ ਮੁੰਡਾ ਉਸ ਦਾ ਆਪਣਾ ਨਹੀਂ, ਉਸ ਦੇ ਘਰਵਾਲੇ ਦੀ ਪਹਿਲੀ ਘਰਵਾਲੀ ਦਾ ਸੀ। ਪਰ ਬੀਬੀ ਨੇ ਬੱਚਿਆਂ 'ਚ ਕੋਈ ਫਰਕ ਨਹੀਂ ਸੀ ਰੱਖਿਆ।

ਪਰ ਮਤਰੇਆ ਤਾਂ ਮਤਰੇਆ, ਬਾਪ ਦੇ ਮਰਨ ਤੋਂ ਬਾਅਦ ਸਕੇ ਪੁੱਤ ਵੀ ਹੌਲੀ-ਹੌਲੀ ਅੱਡ ਹੋ ਗਏ ਸਨ। ਸਿਰਫ ਕੁੜੀ ਨਾਲ ਰਹਿ ਗਈ ਸੀ। ਕਿਸਮਤ ਉਸ ਦੀ ਮਾਂ ਨਾਲੋਂ ਵੀ ਭੈੜੀ ਨਿੱਕਲੀ। ਜਿੱਥੇ ਗੁੱਡੀ ਵਿਆਹੀ ਸੀ, ਉਹ ਮੁੰਡਾ ਨਸ਼ੇ ਕਰਦਾ ਸੀ। ਚਾਰ ਸਾਲਾਂ 'ਚ ਹੀ ਖ਼ਤਮ ਹੋ ਗਿਆ।

ਸ਼ੇਰਪੁਰ ਵੀ ਕਿੰਨਾ ਬਦਲ ਗਿਆ ਸੀ ਪੰਦਰਾਂ ਸਾਲਾਂ ਵਿੱਚ! ਅਨਵਾਰ ਨੇ ਆਲੇ-ਦੁਆਲੇ ਵੇਖਿਆ। ਬਜ਼ਾਰ 'ਚ ਰੌਣਕ ਵਧ ਗਈ ਸੀ!

ਮੇਨ ਸੜਕ ਤੋਂ ਗੱਡੀ ਮੁਹੱਲੇ ਅੰਦਰ ਮੋੜਦਿਆਂ ਹੀ ਅਨਵਾਰ ਨੇ ਬ੍ਰੇਕ ਲਾਈ। ਉਸ ਨੇ ਆਲਾ-ਦੁਆਲਾ ਵੇਖਿਆ।

ਉਸ ਨੂੰ ਇੱਕ ਪ੍ਰਚੂਨ ਦੀ ਪੁਰਾਣੀ ਦੁਕਾਨ ਦਿਸੀ। ਉਸ ਨੇ ਕਾਰ ਦਾ ਸ਼ੀਸ਼ਾ ਖੋਲ੍ਹਿਆ, ਤੇ ਦੁਕਾਨ ਅੰਦਰ ਵੇਖਣ ਦੀ ਕੋਸ਼ਿਸ਼ ਕੀਤੀ। ਅੰਦਰ ਦੋ ਵਿਅਕਤੀ ਗਾਹਕਾਂ ਨੂੰ ਸੌਦਾ ਦੇ ਰਹੇ ਸਨ। ਇੱਕ ਸਿਰੋਂ ਗੰਜਾ ਮੁੱਛਾਂ ਵਾਲਾ ਸੀ। ਦੂਜੇ ਦੀ ਕੱਟੀ ਹੋਈ ਦਾੜ੍ਹੀ ਤੇ ਸਿਰ 'ਤੇ ਅੱਧੇ ਕੁ ਵਾਲ ਸਨ। ਹਾਂ! ਇਹ ਉਹੋ ਹੀ ਦੁਕਾਨਦਾਰ ਸਨ! ਇੰਨੇ ਸਾਲਾਂ 'ਚ ਬਹੁਤਾ ਨਹੀਂ ਬਦਲੇ! ਅਨਵਾਰ ਨੇ ਉਹਨਾਂ ਦੀ ਦੁਕਾਨ ਦੇ ਸਾਹਮਣੇ ਵਾਲੀ ਬੀਹੀ ਵੱਲ ਸਟੇਅਰਿੰਗ ਘੁਮਾਇਆ। ਬੀਬੀ ਦੇ ਘਰ ਅੱਗੇ ਲਿਜਾ ਗੱਡੀ ਦੇ ਬ੍ਰੇਕ ਮਾਰੇ।

ਉਹੋ ਹੀ ਪੁਰਾਣਾ ਲੱਕੜ ਦਾ ਦਰਵਾਜ਼ਾ ਸੀ। ਅਨਵਾਰ ਨੇ ਦਰਵਾਜ਼ੇ 'ਤੇ ਲੱਗੇ ਕੁੰਡੇ ਨੂੰ ਖੜਕਾਇਆ।

ਰਜ਼ੀਆ ਨੇ ਅੱਗੇ ਹੋ ਕੇ ਦਰਵਾਜ਼ਾ ਖੋਲ੍ਹ ਲਿਆ।

ਛੋਟੇ ਜਿਹੇ ਵਿਹੜੇ ਵਿੱਚੋਂ ਮੱਝ ਗਾਇਬ ਸੀ।

ਇੱਕ ਪੰਤਾਲੀ-ਪੰਜਾਹ ਵਰ੍ਹਿਆਂ ਦੀ ਮੋਟੀ ਜਨਾਨੀ ਛੋਟੀ ਜਿਹੀ ਰਸੋਈ ਵਿੱਚੋਂ ਬਾਹਰ ਨਿੱਕਲੀ। ਉਹਨਾਂ ਵੱਲ ਵੇਖਿਆ, ਤੇ ਫਿਰ ਭੱਜ ਕੇ ਰਜ਼ੀਆ ਦੇ ਗਲ ਲੱਗ ਗਈ। "ਮਾਮੀ!" ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਟਪਕ ਪਏ।

ਅੱਖਾਂ ਪੂੰਝਦਿਆਂ ਗੁੱਡੀ ਉਹਨਾਂ ਨੂੰ ਘਰ ਦੇ ਇੱਕੋ-ਇੱਕ ਕਮਰੇ 'ਚ ਲੈ ਗਈ। ਪਾਵਿਆਂ ਵਾਲੇ ਬੈੱਡ ਉੱਤੇ ਪੁਰਾਣੀ ਰਜਾਈ ਵਿੱਚ ਹਿਲ-ਜੁਲ ਹੋਈ। ਅੱਸੀ ਕੁ ਸਾਲਾਂ ਦੀ ਬੁੱਢੀ ਨੇ ਅੱਖਾਂ 'ਤੇ ਜ਼ੋਰ ਪਾਇਆ, ਤੇ ਉੱਠਣ ਦੀ ਨਾਕਾਮ ਕੋਸ਼ਿਸ਼ ਕੀਤੀ। ਰਜ਼ੀਆ ਨੇ ਅੱਗੇ ਹੋ ਕੇ ਉਸ ਨੂੰ ਮੋਢਿਆਂ ਤੋਂ ਫੜਿਆ, "ਪਈ ਰਹਿ, ਬੀਬੀ! ਪਈ ਰਹਿ!" ਤੇ ਉਸ



ਦੀ ਛਾਤੀ 'ਤੇ ਆਪਣਾ ਸਿਰ ਰੱਖ ਦਿੱਤਾ।

ਕਮਰੇ ਅੰਦਰ ਵੜਦਿਆਂ ਹੀ ਅਨਵਾਰ ਨੂੰ ਪੁਰਾਣੇ ਦਿਨ ਚੇਤੇ ਆ ਗਏ। ਸਕੂਲ-ਕਾਲਜ ਦੀਆਂ ਛੁੱਟੀਆਂ 'ਚ ਉਹ ਇਥੇ ਕਿੰਨੇ-ਕਿੰਨੇ ਦਿਨ ਰਹਿ ਜਾਂਦਾ ਸੀ!...ਬੀਬੀ ਦਾ ਕੱਢਿਆ ਖੋਆ!

ਬੈਡ 'ਤੇ ਬੈਠਿਆਂ ਅਨਵਾਰ ਨੇ ਅੱਖਾਂ ਉਤਾਂਹ ਨਾ ਚੁੱਕੀਆਂ। ਉਸ ਅੱਗੇ ਪੰਦਰਾਂ ਸਾਲ ਪਹਿਲਾਂ ਵਾਲਾ ਦ੍ਰਿਸ਼ ਘੁੰਮ ਗਿਆ। ਕੋਠੀ ਵਿੱਚ ਨਿਕਾਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮੁੰਡੇ ਵਾਲੇ ਡਰਾਇੰਗ ਰੂਮ 'ਚ ਬੈਠੇ ਸਨ। ਰੱਜੋ ਨੇ ਅਨਵਾਰ ਨੂੰ ਪਾਸੇ ਬੁਲਾ ਕੇ ਦੱਸਿਆ ਸੀ, "ਗੁੱਡੀ ਏਥੇ ਰਾਜ਼ੀ ਨ੍ਹੀਂ!"

"ਕੀ ਪ੍ਰਾੱਬਲਮ ਐ?" ਉਸ ਦੇ ਮੱਥੇ ਦੀਆਂ ਤਹਿਸੀਲਦਾਰੀ ਨਸਾਂ ਤਣ ਗਈਆਂ ਸਨ। ਬੀਬੀ ਦਾ ਜਵਾਬ ਸੀ, "ਦੇਖ ਅਨਵਾਰ! ਮੇਰਾ ਥੋਡੇ ਸਿਵਾ ਕੌਣ ਐ!...ਠੀਕ ਐ ਕੁੜੀ ਰੰਡੀ ਐ! ਪਰ ਤੂੰ ਮੁੰਡੇ ਦੀ ਉਮਰ ਤਾਂ ਦੇਖ! ਦੁੱਗਣੀ ਉਮਰ ਆਲੇ ਨਾਲ ਵਿਆਹ ਕੇ, ਮੇਰਾ ਮੱਲ, ਦੁਰਾਸੀਸ ਨਾ ਲੈ!"

ਰੱਜੋ ਵੀ ਬੋਲੀ ਸੀ, "ਬੇਵਾ ਔਰਤ ਦਾ ਨਿਕਾਹ ਉਸ ਦੀ ਮਰਜ਼ੀ ਤੋਂ ਬਿਨਾ ਨਹੀਂ ਕਰਨਾ ਚਾਹੀਦਾ! ਨਬੀ ਦੇ ਹੁਕਮਾਂ ਦੇ ਖ਼ਲਾਫ ਐ।"

"ਕੀ ਗੱਲਾਂ ਕਰਦੇ ਓਂ! ਮੈਂ ਗੁੱਡੀ ਦਾ ਕੁਸ਼ ਨ੍ਹੀਂ ਲੱਗਦਾ!...ਮਸਾਂ ਤਾਂ ਰਿਸ਼ਤਾ ਲੱਭਿਐ!...ਕੋਈ ਨ੍ਹੀਂ! ਤੁਸੀਂ ਗੁੱਡੀ ਨੂੰ ਤਿਆਰ ਕਰੋ। ਨਕਾਹ ਤੋਂ ਬਾਦ ਸਭ ਠੀਕ ਹੋ-ਜੂ!"

ਫਿਰ ਜਦੋਂ ਗੁੱਡੀ ਭੜਕੀ ਸੀ, "ਜੇ ਮੈਂ ਰੰਡੀ ਆਂ, ਤਾਂ ਇਹ ਤਾਂ ਨਹੀਂ ਮੈਨੂੰ ਖੂਹ 'ਚ ਧੱਕਾ ਦੇ-ਦੋ!" ਉਸ ਦੀ ਅਵਾਜ਼ ਮੁੰਡੇ ਵਾਲਿਆਂ ਤੱਕ ਪਹੁੰਚ ਰਹੀ ਸੀ। ਤਹਿਸੀਲਦਾਰ ਧਰਤੀ 'ਚ ਗੱਡਿਆ ਗਿਆ ਸੀ ਕਿਧਰੇ!

ਫਿਰ ਉਸ ਅੰਦਰਲੇ ਨੰਬਰਦਾਰ ਨੇ ਮੋਰਚਾ ਸੰਭਾਲਿਆ। "ਦੇਖ ਲਉ, ਬੀਬੀ!...ਜੇ ਤੁਸੀਂ ਆਏਂ ਈ ਕਰਨੈ, ਤਾਂ ਸਾਨੂੰ ਮਰਿਆ ਸਮਝ ਕੇ ਬਾਹਰ ਕਦਮ ਰੱਖਿਓ। ਸੋਚ ਲਓ!"

ਉਸ ਨੂੰ ਉਮੀਦ ਸੀ ਕਿ ਬੀਬੀ ਆਖੇਗੀ, "ਥੋਡੇ ਬਿਨਾ ਮੇਰਾ ਹੈ ਕੌਣ ਐ ਜਗ 'ਤੇ! ਮੈਂ ਥੋਡੇ ਤੋਂ ਬਾਹਰ ਹੋ ਕੇ ਕਿੱਧਰ ਜਾਊਂ?"

ਪਰ ਬੀਬੀ ਹੁਰੀਂ ਸ਼ੇਰਪੁਰ ਵਾਲੀ ਬਸ ਚੜ੍ਹ ਗਈਆਂ ਸਨ।

ਮੁੰਡੇ ਵਾਲੇ ਬਰੰਗ ਮੁੜ ਗਏ ਸਨ।

ਜੇ ਕਿਤੇ ਗੁੱਡੀ ਦੀ ਥਾਂ ਅਜ਼ਰਾ ਹੁੰਦੀ ਤਾਂ ਉਸ ਨੇ ਉਸ ਦਾ ਗਲ ਘੁੱਟ ਦੇਣਾ ਸੀ!

ਪਰ ਗਲਾ ਤਾਂ ਉਸ ਦਾ ਉਹ ਉਦੋਂ ਵੀ ਨਹੀਂ ਸੀ ਘੁੱਟ ਸਕਿਆ ਜਦੋਂ ਉਸ ਨੂੰ ਉਸ ਦੇ ਮਾਮਲੇ ਦਾ ਪਤਾ ਲੱਗਿਆ ਸੀ! ਸਿਰਫ ਘਰ ਹੀ ਸਿਰ 'ਤੇ ਚੁੱਕ ਸਕਿਆ ਸੀ!

ਰਜ਼ੀਆ ਨੇ ਲੱਥੇ ਚਿਹਰੇ ਨਾਲ ਉਸ ਨੂੰ ਸਮਝਾਇਆ ਸੀ, "ਕੁੜੀ ਦਾ ਵਿਆਹ ਕਰ ਦੇਣ ਤੋਂ ਬਿਨਾ ਚਾਰਾ ਨ੍ਹੀਂ ਕੋਈ! ਜੇ ਕੱਲ੍ਹ ਨੂੰ ਕੁਸ਼ ਕਰ ਲਿਆ ਇਹਨੇ!"

"ਪਰ ਮੈਂ ਪੜ੍ਹੀ-ਲਿਖੀ ਕੁੜੀ ਨੂੰ ਇੱਕ ਦੁਕਾਨਦਾਰ ਨਾਲ ਕਿਮੇਂ ਤੋਰ ਦਿਆਂ!...ਮੈਂ ਤਾਂ ਕਿੰਨੇ ਸੁਪਨੇ ਦੇਖੇ ਸੀ, ਇਹਨੂੰ ਪੀ. ਸੀ. ਐਸ. ਕਰਾਊਂ!"

"ਦੁਕਾਨਦਾਰ ਐ ਤਾਂ ਕੀ ਐ, ਨਸ਼ੇ ਤਾਂ ਨ੍ਹੀਂ ਕਰਦਾ! ਆਪਣਾ ਕਮੌਂਦੈ! ਨਾਲੇ, ਜੇ ਇਹ ਕੋਈ ਗੈਰ-ਮੁਸਲਿਮ ਲੱਭ ਲੈਂਦੀ, ਫੇਰ ਆਪਾਂ ਕੀ ਕਰ ਲੈਂਦੇ!"

ਸਾਕਿਬ ਨੇ ਗੈਰ-ਮੁਸਲਿਮ ਕੁੜੀ ਲੱਭ ਹੀ ਤਾਂ ਲਈ ਸੀ! ਫਰਕ ਸਿਰਫ ਏਨਾ ਸੀ ਕਿ ਉਹ ਕੈਨੇਡਾ 'ਚ ਸੀ! ਲੋਕਾਂ ਦੀਆਂ ਨਜ਼ਰਾਂ ਤੋਂ ਉਹਲੇ! ਪਰ ਉਸ ਤੋਂ ਤਾਂ ਅਨਵਾਰ ਨੂੰ ਪਹਿਲਾਂ ਹੀ ਘੱਟ ਉਮੀਦਾਂ ਸਨ!

"ਡੈਡੀ ਮੈਂ ਕਨੇਡਾ ਜਾਣੈ!" ਜਦੋਂ ਉਸ ਨੇ ਅਨਵਾਰ ਨੂੰ ਦੱਸਿਆ ਸੀ ਤਾਂ ਸੋਚ ਕੇ ਉਸ ਨੂੰ ਠੀਕ ਲੱਗਿਆ ਸੀ। ਉਸ ਨੂੰ ਪਤਾ ਸੀ ਇੰਡੀਆ 'ਚ ਇਹਨੇ ਕੁੱਝ ਨਹੀਂ ਸੀ ਕਰਨਾ! ਬਾਪ ਦੀ ਤਹਿਸੀਲਦਾਰੀ ਦੇ ਸਿਰ 'ਤੇ ਕਿੰਨੀ ਕੁ ਦੇਰ ਐਸ਼ ਕੀਤੀ ਜਾ ਸਕਦੀ ਸੀ! ਪਰ ਇਹ ਗੱਲ ਤਾਂ ਬਾਅਦ 'ਚ ਖੁੱਲ੍ਹੀ ਸੀ ਕਿ ਉਹ ਇੱਕ ਬਾਣੀਏ ਦੀ ਕੁੜੀ ਪਿੱਛੇ ਗਿਆ ਸੀ ਕਨੇਡਾ। ਮੱਥੇ 'ਤੇ ਹੱਥ ਮਾਰਨ ਤੋਂ ਇਲਾਵਾ ਅਨਵਾਰ ਪੱਲੇ ਕੁੱਝ ਵੀ ਨਹੀਂ ਸੀ ਰਹਿ ਗਿਆ!

ਫਿਰ ਸਾਕਿਬ ਦਾ ਫੋਨ ਆਇਆ ਸੀ, "ਡੈਡੀ! ਅਸੀਂ ਵਿਆਹ ਕਰਵਾਉਣ ਲੱਗੇ ਆਂ! ਹੁਣ ਇਹ ਮੁਸਲਮਾਨ ਹੋ ਗਈ ਹੈ! ਜੇ ਤੁਸੀਂ ਚਾਹੋਂ ਤਾਂ ਰਿਸੈਪਸ਼ਨ ਇਧਰ ਆ ਕੇ ਕਰ ਲੈਂਦੇ ਆਂ।" ਅਨਵਾਰ ਨੇ ਫੋਨ ਰਜ਼ੀਆ ਨੂੰ ਫੜਾ ਦਿੱਤਾ ਸੀ, "ਏਹਨੂੰ ਕਹਿ, ਏਧਰ ਆ ਕੇ ਮੇਰੇ ਸਿਰ 'ਚ ਸੁਆਹ ਨਾ ਪਾਵੇ!"

ਕਿੰਨੀ ਅਜੀਬ ਪੀੜ੍ਹੀ ਸੀ ਇਹ! ਉਹ ਆਪ ਤਾਂ ਆਪਣੇ ਅੱਬੇ ਅੱਗੇ ਕੁਸਕਦੇ ਨਹੀਂ ਸਨ!

ਪਰ ਸ਼ਾਇਦ ਇਹ ਜ਼ਮਾਨਾ ਹੀ ਹੋਰ ਸੀ! ਡਰ ਹੀ ਰਹਿੰਦਾ ਸੀ ਕਿਧਰੇ ਕੋਈ ਅਦਾਲਤ 'ਚ ਨਾ ਜਾ ਵੜੇ! ਮੁੰਗੋਵਾਲ ਵਾਲੇ ਨਾਇਬ ਤਹਿਸੀਲਦਾਰ ਨੂੰ ਹਾਈ ਕੋਰਟ ਨੇ ਅਜਿਹਾ ਅੜਿੱਕੇ ਲਿਆ ਸੀ ਕਿ ਹਾਲੀਂ ਤੱਕ ਜੇਲ੍ਹ 'ਚੋਂ ਨਹੀਂ ਸੀ ਨਿੱਕਲਿਆ! ਅਦਾਲਤਾਂ ਦੇ ਨੋਟਿਸਾਂ ਦੀ ਪਰਵਾਹ ਹੀ ਨਹੀਂ ਸੀ ਕਰਦਾ ਹੁੰਦਾ! "ਜਿੱਥੇ ਪੰਜ ਕੇਸ ਚਲਦੇ ਨੇ, ਉਥੇ ਛੇਵੇਂ 'ਚ ਵੀ ਹਾਜ਼ਰੀ ਲੱਗ ਜਿਆ ਕਰੂ! ਤਾਂ ਕੀ ਐ?"

ਉਸ ਨੂੰ ਖੁਦ ਨੂੰ ਵੀ ਤਾਂ ਰਿਟਾਇਰਮੈਂਟ ਤੋਂ ਬਾਅਦ ਵੀ ਕੋਰਟ ਦਾ ਕੋਈ ਨਾ ਕੋਈ ਨੋਟਿਸ ਆਇਆ ਹੀ ਰਹਿੰਦਾ ਸੀ।

"ਅਨਵਾਰ! ਤੂੰ ਠੀਕ ਐਂ, ਪੁੱਤ?" ਬੀਬੀ ਦੀ ਮੱਧਮ ਆਵਾਜ਼ ਸੁਣ ਉਸ ਨੇ ਮੂੰਹ ਉਤਾਂਹ ਚੁੱਕਿਆ।

"ਹਾਂ!...ਹਾਂ, ਠੀਕ ਆਂ!...ਤੂੰ ਦੱਸ ਕਿਮੇਂ ਐਂ?"



"ਬੱਸ!...ਦੋ-ਚਾਰ ਦਿਨ ਰਹਿ-ਗੇ!...ਹਾਲੀਂ ਆਪਣੇ ਜੋਗੀ ਹੈਗੀ ਆਂ!"

ਰਜ਼ੀਆ ਨੇ ਆਪਣੀ ਚਾਦਰ ਦੇ ਲੜ ਨਾਲ ਅੱਖਾਂ ਪੂੰਝੀਆਂ।

ਬੀਬੀ ਦੇ ਜ਼ਿੰਦਗੀ-ਵਿਹੂਣੇ ਚਿਹਰੇ ਨੂੰ ਵੇਖਦਿਆਂ ਉਸ ਨੂੰ ਅੱਬੇ ਦੇ ਆਖ਼ਰੀ ਦਿਨ ਯਾਦ ਆਏ। ਅੱਬੇ ਦੀ ਜ਼ੁਬਾਨ ਥਥਲਾਉਣ ਲੱਗ ਪਈ ਸੀ। ਟੱਟੀ-ਪਿਸ਼ਾਬ ਕਈ ਵਾਰ ਵਿੱਚੇ ਹੀ ਨਿੱਕਲ ਜਾਂਦਾ ਸੀ।

"ਬੱਸ, ਮੈਨੂੰ ਤਾਂ ਇਸੇ ਦਾ ਈ ਫਿਕਰ ਐ!...ਮੇਰੇ ਪਿੱਛੋਂ ਕੀ ਬਣੂੰ?" ਬੀਬੀ ਨੇ ਚਾਹ ਵਾਲੀ ਟਰੇਅ ਫੜੀਂ ਖੜ੍ਹੀ ਗੁੱਡੀ ਵਾਲ ਇਸ਼ਾਰਾ ਕੀਤਾ।

ਉਠਣ ਲੱਗਿਆਂ ਰਜ਼ੀਆ ਨੇ ਬੀਬੀ ਦੀ ਹਥੇਲੀ ਵਿੱਚ ਰੁਪਈਏ ਰੱਖੇ। ਬੀਬੀ ਨੇ ਬੋਲਣ ਲਈ ਮੂੰਹ ਖੋਲ੍ਹਿਆ ਤਾਂ ਉਸ ਨੇ ਉਸ ਦੀ ਮੁੱਠੀ ਬੰਦ ਕਰ ਕੇ ਉਸ ਦਾ ਮੋਢਾ ਦੱਬਿਆ।

ਕਮਰਿਉਂ ਬਾਹਰ ਆ ਕੇ ਲੱਕੜ ਦੇ ਗੇਟ ਵੱਲ ਵਧਦਿਆਂ ਅਨਵਾਰ ਇਕਦਮ ਰੁਕਿਆ। ਉਸ ਨੇ ਜੇਬ 'ਚੋਂ ਦੋ ਹਜ਼ਾਰ ਦਾ ਨੋਟ ਕੱਢਿਆ ਤੇ ਪਿੱਛੇ ਮੁੜ ਕੇ ਵੇਖਿਆ। ਪਿੱਛੇ ਖੜ੍ਹੀ ਗੁੱਡੀ ਵੱਲ ਮੁੜ ਕੇ ਉਸ ਨੇ ਰੁਪਈਏ ਉਸ ਦੀ ਮੁੱਠੀ ਵਿੱਚ ਘੁਟ ਦਿੱਤੇ।

"ਨਹੀਂ, ਮਾਮਾ ਜੀ!...," ਕਹਿੰਦਿਆਂ ਗੁੱਡੀ ਦੀ ਅਵਾਜ਼ ਡੋਲੀ। ਅਨਵਾਰ ਦੇ ਮੋਢਿਆਂ 'ਤੇ ਸਿਰ ਰੱਖਦਿਆਂ ਉਸ ਦੇ ਹਉਕੇ ਨਿੱਕਲ ਗਏ।

ਅਨਵਾਰ ਨੇ ਉਸ ਦਾ ਸਿਰ ਥਾਪੜਿਆ। ਛੋਟੀ ਜਿਹੀ ਗੁੱਡੀ ਉਸ ਦੇ ਦਿਮਾਗ ਵਿੱਚ ਘੁੰਮ ਗਈ ਜਦੋਂ ਸਾਹਮਣੀ ਪ੍ਰਚੂਨ ਦੀ ਦੁਕਾਨ ਤੋਂ ਉਹ ਉਸ ਨੂੰ ਟਾਫੀਆਂ ਲੈ ਕੇ ਦਿੰਦਾ ਸੀ, "ਆਪਣੀ ਅੰਮੀ ਨੂੰ ਨਾ ਦੱਸੀਂ! ਨ੍ਹੀਂ ਤਾਂ ਮਾਰੂਗੀ!" ਉਸ ਨੂੰ ਕੁੱਛੜ ਚੁੱਕੀਂ ਸਾਰੇ ਮੁਹੱਲੇ ਦਾ ਗੇੜਾ ਕਢਵਾ ਕੇ ਲਿਆਉਂਦਾ ਸੀ।

ਕਾਰ ਦੇ ਰਫਤਾਰ ਫੜਦਿਆਂ ਹੀ ਰਜ਼ੀਆ ਬੋਲੀ, "ਚਲ, ਚੰਗਾ ਹੋਇਆ! ਬੀਬੀ ਨੂੰ ਮਿਲ ਲਏ! ਹੁਣ ਹੱਜ ਕਰਨ ਲੱਗਿਆਂ ਦਿਲ 'ਤੇ ਭਾਰ ਤਾਂ ਨ੍ਹੀਂ ਰਹੂ!"

ਅਨਵਾਰ ਚੁੱਪ ਰਿਹਾ। ਕੁੱਝ ਦੇਰ ਬਾਅਦ ਉਹ ਬੋਲਿਆ, "...ਪਤਾ ਨ੍ਹੀਂ ਹੱਜ ਕਬੂਲ ਹੋਊ ਕਿ ਨਾ?...ਬੰਦੇ ਨੂੰ ਪਤਾ ਵੀ ਨ੍ਹੀਂ ਹੁੰਦਾ, ਉਹਨੇ ਕੀਹਦੇ-ਕੀਹਦੇ ਨਾਲ ਧੱਕਾ ਕੀਤਾ ਹੁੰਦੈ!...!" ਰਜ਼ੀਆ ਨੇ ਉਸ ਦੇ ਚਿਹਰੇ ਵੱਲ ਵੇਖਿਆ। ਫਰੰਟ ਸ਼ੀਸ਼ੇ ਦੇ ਪਾਰ ਝਾਕਦਿਆਂ ਅਨਵਾਰ ਦੀਆਂ ਅੱਖਾਂ ਵਿੱਚ ਹੰਝੂ ਅਟਕੇ ਹੋਏ ਸਨ।

*****

# ਪ੍ਰਸਨਲ ਰਿਲੇਸ਼ਨ

"ਮੈਡਮ, ਦੋਪਹਿਰ ਕੋ ਕਯਾ ਬਨਾਨਾ ਹੈ ? ਬਤਾ ਕੇ ਜਾਨਾ !" ਸੁਨੈਨਾ ਨੇ ਮੇਰੀ ਬਿਰਤੀ ਭੰਗ ਕਰ ਦਿੱਤੀ ਹੈ। ਜੇ ਮੈਂ ਛੇਤੀ ਪਰੈੱਸ ਨਾ ਚੁੱਕਦੀ ਤਾਂ ਬਲੇਜ਼ਰ ਮੱਚ ਜਾਣਾ ਸੀ।

ਮੇਰੀ ਅਵਾਜ਼ ਵਿੱਚ ਖਿਝ ਰਲ਼ ਗਈ ਹੈ। "ਦੇਖ ਲੈ, ਸੁਨੈਨਾ ! ਜਿਹੜਾ ਕੁਸ਼ ਦਿਸਦੈ, ਬਣਾ ਲੈ ! ਮੈਨੂੰ ਤਿਆਰ ਹੋ ਲੈਣ ਦੇ !...ਫਰਿੱਜ 'ਚ ਗੋਭੀ ਤੇ ਗਾਜਰਾਂ ਪਈਆਂ ਨੇ ! ਜੋ ਸਾਹਬ ਕਹੇਂਗੇ, ਉਹ ਬਣਾ-ਲੀਂ !"

ਤਿਆਰ ਹੁੰਦਿਆਂ ਮੇਰਾ ਹਰ ਕਦਮ ਪਹਿਲੇ ਨਾਲੋਂ ਭਾਰੀ ਹੁੰਦਾ ਜਾ ਰਿਹਾ ਹੈ। ਉੱਠਣ ਤੋਂ ਲੈ ਕੇ ਬਾਥਰੂਮ ਜਾਣ ਤੱਕ, ਕੱਪੜੇ ਪਰੈੱਸ ਕਰਨ ਤੋਂ ਲੈ ਕੇ ਜੁਰਾਬਾਂ ਲੱਭਣ ਤੱਕ, ਹਰ ਵਾਰ ਆਪਣੇ ਆਪ ਨੂੰ ਖਿੱਚਣਾ ਪੈ ਰਿਹਾ ਹੈ।

ਡੋਰ-ਬੈੱਲ ਵੱਜੀ ਹੈ।

"ਕੀ ਐ !?" ਮੇਰੇ ਮੂੰਹੋਂ ਨਿੱਕਲੀ ਅਵਾਜ਼ ਚੀਕ਼ ਬਣ ਗਈ ਹੈ। ਮੈਂ ਖ਼ੁਦ 'ਤੇ ਕੰਟਰੋਲ ਕੀਤਾ ਹੈ। "ਦੇਖੀਂ, ਸੁਨੈਨਾ ! ਕੌਣ ਐ ?"

"ਮੈਡਮ, ਗਾੜੀ ਧੋਨੇ ਵਾਲਾ ਸਕੂਟੀ ਕੀ ਚਾਬੀ ਦੇ ਕੇ ਗਯਾ ਹੈ ! ਬੋਲਾ, ਸਕੂਟੀ ਸਾਫ਼ ਕਰ ਦੀ ਹੈ।"

ਸੁਨੈਨਾ ਦੀ ਚਿੰਤਾ-ਮੁਕਤ ਅਵਾਜ਼ ਨੇ ਮੇਰੀ ਛਾਤੀ 'ਚ ਧੁਖ਼ਦਾ ਕੋਲਾ ਰੱਖ ਦਿੱਤਾ ਹੈ। ਨੀਰਵ ਦਾ ਸੂਰ ਵਰਗਾ ਚਿੱਟਾ ਚਿਹਰਾ ਮੇਰੀਆਂ ਅੱਖਾਂ ਅੱਗੋਂ ਲੰਘ ਗਿਆ ਹੈ। "ਮੈਡਮ ! ਏਹ ਮੇਰਾ ਪ੍ਰਸਨਲ ਮਾਮਲਾ ਐ ! ਜੇ ਤੁਸੀਂ ਏਸ 'ਚ ਨਾ ਪਉਂ ਤਾਂ ਚੰਗੈ !"

"ਪਰ, ਸਰ ! ਸੈਕਸੁਅਲ ਹਰਾਸਮੈਂਟ ਪ੍ਰਸਨਲ ਮਾਮਲਾ ਨ੍ਹੀਂ ਐ !" ਮੈਂ ਚਿਹਰੇ 'ਤੇ ਮਜ਼ਬੂਤੀ ਲਿਆਂਦੀ।

"ਪਹਿਲਾਂ ਉਹਨੂੰ ਤਾਂ ਪੁੱਛ-ਲੋ, ਹਰਾਸਮੈਂਟ ਐ ਕਿ ਅਫੇਅਰ ਐ !...ਜੇ ਤੁਸੀਂ ਮੇਰੇ 'ਤੇ ਪ੍ਰਸਨਲ ਅਟੈਕ ਕਰਨੇ ਨੇ ਤਾਂ ਤੁਸੀਂ ਕਿਤੇ ਹੋਰ ਜਾੱਬ ਦੇਖ ਲਉ !"

ਤੇ ਮੈਂ ਉੱਠ ਕੇ ਉਸ ਦੇ ਕੈਬਿਨ ਵਿੱਚੋਂ ਬਾਹਰ ਆ ਗਈ।

"ਦੀਦੀ ! ਚਾਹ ਪੀਂਦੇ-ਪੀਂਦੇ ਮੇਰੇ ਪੱਟਾਂ 'ਤੇ ਹੱਥ....! ਪਹਿਲਾਂ ਕਈ ਵਾਰ ਡਿਨਰ ਲਈ ਵੀ ਪੁੱਛ ਚੁੱਕਿਐ। ਮੈਂ ਹੱਸ ਛੱਡਿਆ ਹਰ ਵਾਰ !...।" ਆਸ਼ੂ ਦੀਆਂ ਅੱਖਾਂ



ਭਰੀਆਂ ਹੋਈਆਂ ਸਨ।

"ਮੇਰੇ ਹੁੰਦਿਆਂ ਤੈਨੂੰ ਡਰਨ ਦੀ ਲੋੜ ਨੀਂ ! ਆਪਾਂ ਪੁਲਸ 'ਚ ਕੰਪਲੇਂਟ ਕਰਦੇ ਆਂ !" ਮੈਂ ਉਸ ਦੇ ਸਿਰ 'ਤੇ ਹੱਥ ਫੇਰਿਆ।

"ਪਰ ਦੀਦੀ !... ?" ਉਸ ਦੀਆਂ ਸਿਸਕੀਆਂ ਨਿੱਕਲ ਗਈਆਂ। ਬੈੱਡ 'ਤੇ ਪਏ ਉਸ ਦੇ ਪਾਪਾ ਦਾ ਚਿਹਰਾ ਮੇਰੀਆਂ ਅੱਖਾਂ ਅੱਗੋਂ ਲੰਘ ਗਿਆ।

"ਤੇਰੇ ਭਰਾ ਨੂੰ ਕਹਿ ਤਾਂ ! ਜਿਹੜੇ ਲਫ਼ੰਗਿਆਂ ਨਾਲ ਉਹ ਤੁਰਿਆ ਰਹਿੰਦੈ, ਉਹ ਐਨੇ ਜੋਗੇ ਵੀ ਨ੍ਹੀਂ, ਪਈ ਏਹ ਨੂੰ ਘੂਰ ਈ ਦੇਣ !"

"ਟੀਕਿਆਂ ਨੇ ਤਾਂ ਖਾਧੇ ਪਏ ਨੇ ਸਾਰੇ ! ਨਸ਼ਿਆਂ ਪਿੱਛੇ ਘਰਦਿਆਂ ਨਾਲ ਈ ਲੜਨ ਜੋਗੇ ਨੇ, ਬੱਸ !" ਉਸ ਨੇ ਅੱਖਾਂ 'ਤੇ ਰੁਮਾਲ ਫੇਰਿਆ।

"ਤੂੰ ਓਦੋਂ ਈ ਥੱਪੜ ਕਿਓਂ ਨ੍ਹੀਂ ਮਾਰਿਆ ਇਹਦੇ ?" ਮੈਂ ਸ਼ਬਦ ਤਾਂ ਬੋਲੇ, ਪਰ.....!

"ਦੀਦੀ ! ਜੇ ਮੈਂ ਕੁਸ਼ ਕਹਿੰਦੀ ਤਾਂ ਇਹਨੇ ਮੇਰੀ ਛੁੱਟੀ ਕਰ ਦੇਣੀ ਸੀ !"

ਸੁਣ ਕੇ ਰਮਨਿਤਾ ਦਾ ਗੋਲ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ। ਹਾਸੇ ਦਾ ਛਣਕਾਟਾ ਬਿਖੇਰਦਾ। ਨਾਲ ਹੀ ਹੱਸਦੀਆਂ ਅੱਖਾਂ ਨਾਲ ਰਜੇਸ਼ ਦੀ ਭੇਦ ਭਰੀ ਅਵਾਜ਼ ਯਾਦ ਆਈ। "ਮੈਡਮ ! ਮਸਾਂ ਖਹਿੜਾ ਛੁਡਵਾਇਐ ਨੀਰਵ ਨੇ ਉਹ-'ਤੋਂ !"

ਆੱਫ਼ਿਸ 'ਚ ਮੇਰਾ ਦੂਜਾ-ਤੀਜਾ ਦਿਨ ਸੀ। ਮੈਂ ਪਰਸ ਕਾਊਂਟਰ 'ਤੇ ਰੱਖਿਆ। "ਰਜੇਸ਼ ਭਯਾ ! ਚਾਹ ਈ ਪਿਲਾ ਦੋ ! ਜਲਦੀ 'ਚ ਅੱਜ ਘਰੋਂ ਪੀਤੀ ਈ ਨ੍ਹੀਂ !"

ਰਮਨਿਤਾ ਦੇ ਟੇਬਲ ਤੋਂ ਹਾਸਾ ਗੂੰਜਿਆ। ਉਸ ਦੇ ਦੰਦਾਂ ਦੀ ਚਮਕ ਵਿਚਕਾਰੋਂ ਸ਼ਬਦ ਨਿੱਕਲੇ। "ਚਾਹ, ਦੀਦੀ, ਆਪਾਂ ਓਹ ਤੋਂ ਪੀਆਂਗੇ, ਜਿਹਦੇ ਕਰਕੇ ਛੱਡ ਕੇ ਆਏ ਆਂ !" ਉਸ ਨੇ ਇੰਟਰਕਾੱਮ ਦਾ ਰਿਸੀਵਰ ਕੰਨ ਨੂੰ ਲਾਇਆ। "ਸਰ ਜੀ, ਚਾਹ ਅਸਾਂ ਤੁਾਡੇ ਨਾਲ ਪੀਣੀ ਜੇ !"

"ਚਲੋ !" ਮੈਨੂੰ ਮੁਖ਼ਾਤਬ ਹੁੰਦਿਆਂ ਉਹ ਨੀਰਵ ਦੇ ਕੈਬਿਨ ਵੱਲ ਤੁਰ ਪਈ। ਮੈਂ ਆਪਣੀ ਸੀਟ 'ਤੇ ਹੀ ਬੈਠੀ ਰਹੀ।

ਰਜੇਸ਼ ਨੀਰਵ ਦੇ ਕੈਬਿਨ ਵਿੱਚੋਂ ਨਿਕਲਿਆ। ਟਰੇਅ ਵਿੱਚ ਬਾਕੀ ਪਿਆ ਇੱਕੋ-ਇੱਕ ਕੱਪ ਮੇਰੇ ਟੇਬਲ 'ਤੇ ਰੱਖ ਗਿਆ।

ਰਮਨਿਤਾ ਜਦੋਂ ਕੈਬਿਨ ਵਿੱਚੋਂ ਨਿੱਕਲੀ ਤਾਂ ਉਸ ਦੀਆਂ ਗੋਰੀਆਂ ਗੱਲ੍ਹਾਂ ਲਾਲ ਭਾਹ ਮਾਰ ਰਹੀਆਂ ਸਨ। ਉਹ ਚੁੱਪਚਾਪ ਸੀਟ 'ਤੇ ਬੈਠ ਗਈ। ਉਸ ਨੇ ਕੰਪਿਊਟਰ 'ਤੇ ਅੱਖਾਂ ਟਿਕਾਉਣ ਦੀ ਕੋਸ਼ਿਸ਼ ਕੀਤੀ। ਕੁੱਝ ਪਲਾਂ ਬਾਅਦ ਆਪਮੁਹਾਰੇ ਉਸ ਦਾ ਹਾਸਾ ਛਣਕਿਆ।

ਜਦੋਂ ਵੀ ਰਮਨਿਤਾ ਅੰਦਰ ਹੁੰਦੀ ਤਾਂ ਨੀਰਵ ਦੇ ਕੈਬਿਨ ਦਾ ਦਰਵਾਜ਼ਾ ਘੰਟਿਆਂ-ਬੱਧੀ ਬੰਦ ਰਹਿੰਦਾ।

ਪਹਿਲੇ ਦਿਨ ਆਸ਼ੂ ਨੀਰਵ ਦੇ ਕੈਬਿਨ ਵਿੱਚ ਗਈ। ਰਮਨਿਤਾ ਕੰਪਿਊਟਰ 'ਤੇ ਮਾਊਸ ਨਾਲ ਛੇੜਛਾੜ ਕਰਦੀ ਰਹੀ। ਉਸ ਦਾ ਸੱਜਾ ਗੋਡਾ ਬੇਚੈਨੀ ਨਾਲ ਹਿੱਲਣ ਲੱਗਿਆ। ਕੁੱਝ ਦੇਰ ਬਾਅਦ ਉਸ ਨੇ ਹੱਥ ਵਿੱਚ ਫਾਈਲ ਫੜੀ ਤੇ ਨੀਰਵ ਦੇ ਕੈਬਿਨ ਵੱਲ ਤੁਰ ਪਈ।

ਉਸ ਦਿਨ ਤੋਂ ਬਾਅਦ ਜਦੋਂ ਵੀ ਨੀਰਵ ਆਸ਼ੂ ਨੂੰ ਕੈਬਿਨ ਵਿੱਚ ਬੁਲਾਉਂਦਾ ਤਾਂ ਉਹ ਕਿਸੇ ਨਾ ਕਿਸੇ ਬਹਾਨੇ ਉਸ ਦੇ ਪਿੱਛੇ ਚਲੀ ਜਾਂਦੀ। ਕਾਊਂਟਰ 'ਤੇ ਨਾਲ ਬੈਠੀ ਆਸ਼ੂ ਨੂੰ ਟੋਕਦੀ ਰਹਿੰਦੀ। "ਆਹ ਕੀ ਗੰਦ ਪਾਇਐ ਫਾਈਲ 'ਤੇ!... ਬਿਲ ਐਵੇਂ ਬਣਾਈਦੈ ?...ਟਾਈਪਿੰਗ ਤਾਂ ਸਿੱਖ ਲੈ ਪਹਿਲਾਂ... ਆ-ਗੀ ਨੌਕਰੀ ਕਰਨ!"

ਆਸ਼ੂ ਦੇ ਪਤਲੇ ਚਿਹਰੇ ਤੋਂ ਬੇਚਾਰਗੀ ਝਲਕਦੀ। ਕਈ ਵਾਰ ਉਸ ਦੀਆਂ ਮੋਟੀਆਂ ਅੱਖਾਂ ਵਿੱਚ ਪਾਣੀ ਸਿੰਮ ਆਉਂਦਾ।

ਉਸ ਦਿਨ ਨੀਰਵ ਦੇ ਕੈਬਿਨ ਵਿੱਚੋਂ ਰਮਨਿਤਾ ਦੇ ਉੱਚੀ ਬੋਲਣ ਦੀ ਅਵਾਜ਼ ਆਈ। ਬਾਹਰ ਆ ਕੇ ਉਸ ਨੇ ਆਪਣੀ ਕੁਰਸੀ 'ਤੇ ਸਰੀਰ ਨੂੰ ਸੁੱਟਿਆ। ਲੱਗਦਾ ਸੀ ਜਿਵੇਂ ਉਸ ਨੂੰ ਸਾਹ ਚੜ੍ਹਿਆ ਹੋਵੇ।

"ਕੀ ਹੋਇਆ, ਦੀਦੀ ?... ?" ਆਸ਼ੂ ਨੇ ਉਸ ਨੂੰ ਪਾਣੀ ਦਾ ਗਲਾਸ ਫੜਾਇਆ।

"ਚਲ, ਤੈਨੂੰ ਡਾਕਟਰ ਦੇ ਲੈ ਕੇ ਚੱਲਾਂ!" ਮੈਂ ਉਸ ਦੀ ਬਾਂਹ ਫੜੀ। ਪਰ ਉਹ ਅੱਖਾਂ ਬੰਦ ਕਰੀਂ ਕੁਰਸੀ 'ਤੇ ਨਿਢਾਲ ਪਈ ਰਹੀ। ਮੈਂ ਤੇ ਆਸ਼ੂ ਨੇ ਇਕ-ਦੂਜੇ ਵੱਲ ਵੇਖਿਆ।

ਕੁੱਝ ਦੇਰ ਬਾਅਦ ਰਮਨਿਤਾ ਨੇ ਆਪਣਾ ਪਰਸ ਫੜਿਆ ਤੇ ਦਰਵਾਜ਼ੇ ਵੱਲ ਤੁਰ ਪਈ। ਮੈਂ ਪਿੱਛੋਂ ਅਵਾਜ਼ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਉਹ ਪੌੜੀਆਂ ਉੱਤਰ ਚੁੱਕੀ ਸੀ।

ਸ਼ਾਮ ਨੂੰ ਮੈਂ ਉਸ ਦਾ ਨੰਬਰ ਡਾਇਲ ਕੀਤਾ। ਸਵਿੱਚ ਆੱਫ਼ ਸੀ।

ਅਗਲੇ ਦਿਨ ਵੀ ਉਹ ਨਹੀਂ ਆਈ।

"ਇਹ ਨੇ ਹਟਾ 'ਤਾ ਉਹਨੂੰ!" ਰਜੇਸ਼ ਨੇ ਨੀਰਵ ਦੇ ਕੈਬਿਨ ਵੱਲ ਅੱਖ ਦਾ ਇਸ਼ਾਰਾ ਕੀਤਾ।

ਬਾਥਰੂਮ ਦਾ ਦਰਵਾਜ਼ਾ ਬੰਦ ਵੇਖ ਕੇ ਮੇਰਾ ਦਿਲ ਕਰਦਾ ਹੈ ਮੈਂ ਦਰਵਾਜ਼ੇ 'ਤੇ ਲੱਤ ਮਾਰਾਂ। "ਕਿੰਨਾ ਟਾਈਮ ਲਾਊਂਗੇ ?"

ਮੋਹਿਤ ਦੀ ਉੱਚੀ ਅਵਾਜ਼ ਆਈ ਹੈ। "ਨਹਾ ਤਾਂ ਲੈਣ ਦਿਆ ਕਰ ਅਰਾਮ ਨਾਲ!"

ਮੇਰੀਆ ਤਿਓੜੀਆਂ ਕਸੀਆਂ ਗਈਆਂ ਹਨ। "ਮੈਂ ਲੇਟ....!"

ਮੈਂ ਕੁਰਸੀ 'ਤੇ ਬੈਠ ਗਈ ਹਾਂ। ਤੌਲੀਆ ਮੋਢੇ ਤੋਂ ਲਾਹ ਕੇ ਗੋਦੀ ਵਿੱਚ ਰੱਖ ਲਿਆ ਹੈ। ਇਸ ਬੰਦੇ ਨਾਲ ਵੀ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ! "ਘਰਵਾਲਿਆਂ



ਨਾਲ ਈ ਲੜਨ ਜਾਣਦੀਆਂ ਓਂ! ਬਾੱਸ ਨੂੰ ਵੀ ਕਦੇ ਅੱਖਾਂ ਦਿਖਾ ਦਿਆ ਕਰੋ!" ਤੂੰ-ਤੂੰ ਮੈਂ-ਮੈਂ ਦੌਰਾਨ ਮੋਹਿਤ ਦਾ ਇਹ ਪੈੱਟ ਡਾਇਲਾੱਗ ਹੁੰਦਾ ਹੈ।

ਜਦੋਂ ਮੈਂ ਆਸ਼ੂ ਦੀ ਗੱਲ ਕੀਤੀ ਤਾਂ ਇਸ ਦਾ ਸਪੱਸ਼ਟ ਜਵਾਬ ਸੀ, "ਉਹ ਆਪ ਕਿਉਂ ਨ੍ਹੀਂ ਕਹਿੰਦੀ ਓਹਨੂੰ ?"

"ਮੋਹਿਤ! ਉਹ ਨੂੰ ਨੌਕਰੀ ਦਾ ਡਰ ਐ! ਮਾਂ-ਬਾਪ ਵਚਾਰੇ ਬਿਮਾਰ ਰਹਿੰਦੇ ਨੇ! ਓਸੇ ਦੇ ਸਿਰ 'ਤੇ ਤਾਂ ਘਰ ਚਲਦਾ ਓਹਨਾਂ ਦਾ!" ਮੋਹਿਤ ਨੇ ਪਾਸਾ ਲੈ ਕੇ ਬੈੱਡ ਦੇ ਦੂਜੇ ਪਾਸੇ ਮੂੰਹ ਕਰ ਲਿਆ। ਫਿਰ ਮੇਰੇ ਵੱਲ ਗਰਦਨ ਘੁਮਾ ਕੇ ਬੋਲਿਆ, "ਤੂੰ ਕੋਈ ਪੰਗਾ ਨ੍ਹੀਂ ਲੈਣਾ! ਆਪਾਂ ਵੀ ਕਿਹੜਾ ਲੈਂਡ-ਲਾੱਰਡ ਆਂ! ਘਰ ਦੀਆਂ ਸਾਰੀਆਂ ਕਿਸ਼ਤਾਂ ਬਾਕੀ ਨੇ ਅਜੇ! ਪਹਿਲਾਂ ਰਿਜ਼ਾਈਨ ਦੇ ਕੇ ਡੇਢ ਸਾਲ ਤੂੰ ਘਰ ਬੈਠੀ ਰਹੀ ਐਂ! ਦੇਖ ਲੈ, ਕਿੰਨੇ ਔਖੇ ਹੋਏ ਸੀ!"

"ਹੋਰ ਮੈਂ ਓਸ ਗੰਜੇ ਨੂੰ ਜੱਫ਼ੀ ਪਾ ਲੈਂਦੀ...?" ਮੇਰੇ ਮੂੰਹੋਂ ਕੁੱਝ ਹੋਰ ਨਿੱਕਲ ਰਿਹਾ ਸੀ। ਪਰ ਮੈਂ ਸ਼ਬਦਾਂ 'ਤੇ ਕੰਟਰੋਲ ਕੀਤਾ।

ਜਦੋਂ ਵੀ ਕਪੂਰ ਗੰਜਾ ਕਿਸੇ ਕੁੜੀ ਨੂੰ ਹਗ ਕਰਦਾ ਸੀ ਤਾਂ ਉਸ ਦੇ ਸਰੀਰ ਨੂੰ ਅਜੀਬ ਤਰ੍ਹਾਂ ਘੁੱਟਦਾ ਸੀ। ਉਸ ਦੇ ਕੈਬਿਨ ਵਿੱਚ ਬੈਠਿਆਂ ਮੈਨੂੰ ਉਸ ਦੀ ਤੱਕਣੀ ਵਿੱਚੋਂ ਵਹਿਸ਼ੀਪਣ ਨਜ਼ਰ ਆਉਂਦਾ ਸੀ।

ਉਸ ਦਿਨ ਉਹ ਮੇਰੀ ਸੀਟ ਅੱਗੋਂ ਲੰਘਣ ਲੱਗਿਆਂ ਅਚਾਨਕ ਰੁਕ ਗਿਆ। "ਲਾਲ ਰੰਗ ਤੇਰੇ 'ਤੇ ਬਹੁਤ ਜਚਦੈ!" ਮਰਦਾਨਾ ਹਵਾੜ ਮਹਿਸੂਸ ਕਰ ਮੈਂ ਕੰਪਿਊਟਰ ਤੋਂ ਨਜ਼ਰ ਚੁੱਕੀ। ਕਪੂਰ ਗੰਜੇ ਦਾ ਮੋਟਾ ਢਿੱਡ ਫੂੰਕਾਰੇ ਮਾਰ ਰਿਹਾ ਸੀ। ਜਦੋਂ ਤੱਕ ਮੈਂ ਸਥਿਤੀ ਨੂੰ ਸਮਝਦੀ, ਉਹ ਆਪਣੇ ਕੈਬਿਨ ਵੱਲ ਤੁਰ ਗਿਆ ਸੀ।

"ਤੂੰ ਉਸ ਦੇ ਥੱਪੜ ਕਿਉਂ ਨ੍ਹੀਂ ਮਾਰਿਆ ? ਚੱਲ, ਆਪਾਂ ਵੂਮੈਨ ਕਮੇਟੀ ਕੋਲ ਸ਼ਿਕਾਇਤ ਕਰਦੇ ਆਂ!" ਲਲਿਤਾ ਨੇ ਮੈਨੂੰ ਬਾਹੋਂ ਖਿੱਚਿਆ।

"ਮਿਸਟਰ ਕਪੂਰ ਇਜ਼ ਸੱਚ ਏ ਨਾਈਸ ਪਰਸਨ! ਅੱਜ ਤੱਕ ਤਾਂ ਕਿਸੇ ਕੁੜੀ ਨੇ ਕੋਈ ਕੰਪਲੇਂਟ ਨ੍ਹੀਂ ਕੀਤੀ!" ਕਮੇਟੀ ਦੀ ਮੈਂਬਰ ਮੈਨੂੰ ਕਹਿ ਰਹੀ ਸੀ।

"ਪਾਪਾ ਦੀ ਉਮਰ ਦਾ ਬੰਦਾ! ਸਾਰੇ ਏਨੀ ਤਰੀਫ਼ ਕਰਦੇ ਨੇ!....ਮੈਨੂੰ ਡਿਸੀਜ਼ਿਵ ਨਹੀਂ ਹੋਣਾ ਚਾਹੀਦਾ!....ਫਿਰ, ਨਾਲ਼ੇ, ਇਸ ਦੇ ਪਰਿਵਾਰ ਦਾ ਕੀ ਕਸੂਰ ਐ! ਮੇਰੀ ਕੰਪਲੇਂਟ ਕਰਕੇ ਉਹਨਾਂ ਦਾ ਵੀ ਨੁਕਸਾਨ ਹੋਊ!" ਮੈਂ ਸਿਰ ਮਾਰ ਕੇ ਬੁਰੇ ਖਿਆਲਾਂ ਨੂੰ ਛੰਡਦੀ।

ਪਰ ਉਸ ਦਿਨ ਤੋਂ ਬਾਅਦ ਮੈਂ ਦਫ਼ਤਰ ਲਾਲ ਸੂਟ ਪਾ ਕੇ ਨਹੀਂ ਗਈ।

ਮੈਂ ਗੰਜੇ ਦੇ ਕੈਬਿਨ ਵਿੱਚ ਲੈਟਰ ਲਈ ਮੈਟਰ ਨੋਟ ਕਰ ਰਹੀ ਸੀ। "ਕੱਚ ਦੀਆਂ ਚੂੜੀਆਂ ਤਾਂ ਟੁੱਟ ਕੇ ਚੁਭ ਸਕਦੀਆਂ ਨੇ ਤੇਰੇ!"

ਮੈਂ ਨੋਟ ਪੈਡ 'ਤੇ ਮੈਟਰ ਲਿਖਣਾ ਜਾਰੀ ਰੱਖਿਆ।

"...ਮੈਂ ਜੈਪੁਰ ਤੋਂ ਹਾਥੀ-ਦੰਦ ਦੀਆਂ ਲਿਆਇਆ ਸੀ।....!"

ਅਚਾਨਕ ਮੇਰਾ ਪੈੱਨ ਰੁਕ ਗਿਆ। ਉਸ ਦਾ ਹੱਥ ਟੇਬਲ ਉੱਤੋਂ ਚੂੜੀਆਂ ਦੇ ਨਾਲ-ਨਾਲ ਮੇਰੀ ਚਮੜੀ ਨੂੰ ਵੀ ਛੂਹ ਗਿਆ ਸੀ।

ਧੜਕਦੇ ਦਿਲ ਨਾਲ ਮੈਂ ਖੜ੍ਹੀ ਹੋ ਗਈ। "ਸਰ! ਮੈਂ ਲੈਟਰ ਟਾਈਪ ਕਰਕੇ ਲਿਆਈ....!"

"ਯੂ ਆਰ ਏ ਟਰੱਬਲ-ਮੇਕਰ! ਤੈਨੂੰ ਥੋੜ੍ਹੀ-ਥੋੜ੍ਹੀ ਗੱਲ ਤੋਂ ਈ ਪ੍ਰਾੱਬਲਮ ਰਹਿੰਦੀ ਐ!...ਏਸ ਤਰ੍ਹਾਂ ਦੀਆਂ ਕੰਪਲੇਂਟਸ ਨਾਲ ਸਾਡੇ ਬਿਜ਼ਨਸ 'ਤੇ ਅਸਰ ਪੈਂਦੈ!" ਅੱਜ ਵੀ ਕਮੇਟੀ ਮੈਂਬਰ ਦੇ ਸ਼ਬਦ ਮੇਰੇ ਦਿਮਾਗ ਵਿੱਚ ਤਾਜ਼ੇ ਹਨ। ਨਾਲ ਹੀ ਗੰਜੇ ਦੇ ਕੈਬਿਨ ਵਿੱਚੋਂ ਆ ਰਿਹਾ ਕੁੜੀਆਂ ਦਾ ਹਾਸਾ ਕੰਨਾਂ ਵਿੱਚ ਗੂੰਜਣ ਲੱਗ ਪੈਂਦਾ ਹੈ।

ਮੋਹਿਤ ਨੂੰ ਵੀ ਪਤਾ ਨ੍ਹੀਂ ਪੁਰਾਣੇ ਜ਼ਖ਼ਮ ਉਚੇੜ ਕੇ ਕੀ ਮਿਲਦਾ! ਮੈਂ ਬੱਤੀ ਬੁਝਾਈ ਤੇ ਪਰਲੇ ਪਾਸੇ ਮੂੰਹ ਕਰ ਕੇ ਪੈ ਗਈ।

ਨੀਰਵ ਦੇ ਕੈਬਿਨ ਦਾ ਪਹਿਲਾ ਦਿਨ ਮੇਰੀਆਂ ਅੱਖਾਂ ਅੱਗੋਂ ਲੰਘ ਗਿਆ। "ਸਰ, ਇੱਕ ਗੱਲ ਹੋਰ...!"

ਮੈਂ ਉਸ ਦੀ ਸੱਜੀ ਅੱਖ 'ਤੇ ਪਾਏ ਜ਼ੋਰ ਨੂੰ ਸੰਬੋਧਿਤ ਹੋਈ। "ਮੇਰੇ ਤੋਂ ਕਿਸੇ ਤਰ੍ਹਾਂ ਦੀ ਫੇਵਰ ਦੀ ਆਸ ਨਾ ਰੱਖਿਉ!.... ਪਹਿਲਾਂ ਵਾਲੀ ਜਾੱਬ 'ਚ ਵੀ ਮੈਂ ਕੋਈ ਕੰਪ੍ਰੋਮਾਈਜ਼ ਨ੍ਹੀਂ ਸੀ ਕੀਤਾ!"

ਨੀਰਵ ਨੇ ਦੋਵੇਂ ਅੱਖਾਂ ਨੂੰ ਨੱਕ ਵੱਲ ਫੋਕਸ ਕਰਕੇ ਮੈਨੂੰ ਘੂਰਿਆ। ਫਿਰ ਇਕਦਮ ਚਿਹਰਾ ਢਿੱਲਾ ਛੱਡ ਕੇ ਉਸ ਨੇ ਠਹਾਕਾ ਮਾਰਿਆ। "ਡੌਂਟ ਵੱਰੀ! ਮੈਂ ਤਾਂ ਆਪ ਏਸ ਹੱਕ 'ਚ ਆਂ ਕਿ ਕੁੜੀਆਂ ਨੂੰ ਬੋਲਡ 'ਤੇ ਇੰਡੀਪੈਂਡੈਂਟ ਹੋਣਾ ਚਾਹੀਦੈ!...ਉਹ ਕੀ ਪਹਿਨਣ, ਕਿਸ ਨਾਲ ਰਿਲੇਸ਼ਨ ਰੱਖਣ, ਏਹ ਉਹਨਾਂ ਦਾ ਪ੍ਰਸਨਲ ਮੈਟਰ ਐ!"

"ਸਰ! ਮੈਂ ਪ੍ਰਸਨਲ ਰਿਲੇਸ਼ਨ ਵੀ ਨ੍ਹੀਂ....!"

"....ਡੌਂਟ ਵੱਰੀ!" ਆਖਦਿਆਂ ਉਸ ਨੇ ਅੱਖਾਂ ਕੰਪਿਊਟਰ ਦੀ ਸਕ੍ਰੀਨ 'ਤੇ ਫੋਕਸ ਕਰ ਲਈਆਂ।

"ਮੈਡਮ ਜੀ!"

"ਕੀ ਐ, ਸੁਨੈਨਾ?" ਉਸ ਦੀ ਅਵਾਜ਼ ਨਾਲ ਮੇਰੇ ਬੁੱਲ੍ਹਾਂ 'ਤੇ ਫਿਰ ਰਹੀ ਲਿਪਸਟਿਕ ਆਪਣਾ ਰਾਹ ਭੁੱਲ ਗਈ ਹੈ।

"ਟਿਫ਼ਨ ਪੈਕ ਕਰ ਦੀਆ ਹੈ!...! ਦੋਪਹਿਰ ਕਾ ਖਾਨਾ ਅਭੀ ਬਨਾ ਕਰ ਮਾਈਕ੍ਰੋ ਮੇਂ ਰਖ ਦੂੰ? ਆਜ ਜਾਨਾ ਹੈ ਕਹੀਂ!"

"ਜਾ, ਮਰ ਪਰ੍ਹਾਂ!" ਮੈਂ ਬੁੜਬੁੜਾਈ ਹਾਂ। ਇਸ ਨੂੰ ਮੈਂ ਆਖਿਆ ਸੀ, "ਸਾਹਬ ਨੂੰ ਖਾਨਾ ਡਾਲ ਕੇ ਦੇ ਦਿਆ ਕਰ।"

"ਮੈਡਮ ਜੀ! ਮੈਨੇ ਭੀ ਬੱਚੋਂ ਕੋ ਸਕੂਲ ਭੇਜਨਾ ਹੋਤਾ ਹੈ!"



ਵੈਸੇ ਤਾਂ ਚੰਗਾ ਹੈ! ਜਦੋਂ ਵੀ ਮੋਹਿਤ ਰਸੋਈ ਵਿੱਚ ਵੜਦਾ ਹੈ, ਇਸ ਦੇ ਮੋਢੇ ਸੁੰਗੜ ਜਾਂਦੇ ਹਨ। ਦੁਪਹਿਰ ਵੇਲੇ ਮੇਰੇ ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਚਲਦੇ ਰਹਿੰਦੇ ਹਨ। ਕਈ ਵਾਰ ਮੈਂ ਵੀਡੀਓ-ਕਾੱਲ ਵੀ ਕਰ ਲੈਂਦੀ ਹਾਂ। "ਮੋਹਿਤ! ਕੀ ਕਰ ਰਹੇ ਓਂ?"

"ਖਾਨਾ ਖਾ ਰਿਹਾ ਆਂ। ਹੋਰ ਕੀ?"

"ਸੁਨੈਨਾ ਚਲੀ ਗਈ ਜਾਂ ਨਾਂਹ?"

"ਏਥੇ ਈ ਐ ਹਲੀਂ ਤਾਂ! ...ਕੀ ਗੱਲ, ਕੁਝ ਕਹਿਣਾ ਐ ਓਹ ਨੂੰ?"

"ਨਹੀਂ, ਵੈਸੇ ਈ...!" ਮੈਂ ਆਖ ਕੇ ਫੋਨ ਕੱਟ ਦਿਆ ਕਰਦੀ ਹਾਂ। ਪਰ ਮੇਰੀਆਂ ਅੱਖਾਂ ਅੱਗੇ ਮੋਹਿਤ ਤੇ ਸੁਨੈਨਾ ਦੀ ਕੋਲ-ਕੋਲ ਖੜ੍ਹਿਆਂ ਦੀ ਤਸਵੀਰ ਬਣ ਜਾਇਆ ਕਰਦੀ ਹੈ।

"ਏ! ਤੂੰ ਰੋਟੀ ਬਣਾਉਣ ਆਉਂਦੀ ਐਂ ਕਿ ਵਿਆਹ ਤੇ ਆਉਂਦੀ ਐਂ?" ਮੈਂ ਉਸ ਦਿਨ ਸੁਨੈਨਾ ਨੂੰ ਟੋਕਿਆ ਵੀ ਸੀ।

ਸੁਣ ਕੇ ਮੋਹਿਤ ਨੇ ਰਸੋਈ ਵਿੱਚ ਖੜ੍ਹੀ ਸੁਨੈਨਾ ਵੱਲ ਗ਼ੌਰ ਨਾਲ ਵੇਖਿਆ ਸੀ।

"ਤੁਸੀਂ ਅਖ਼ਬਾਰ 'ਚ ਧਿਆਨ ਰੱਖੋ! ਤੁਸੀਂ ਸਾਡੀਆਂ, ਲੇਡੀਜ਼, ਦੀਆਂ ਗੱਲਾਂ ਤੋਂ ਕੀ ਲੈਣੈ?"

ਮੋਹਿਤ ਗਰਦਨ ਸੁੱਟ ਕੇ ਮੁੜ ਅਖ਼ਬਾਰ ਪੜ੍ਹਨ ਲੱਗ ਪਿਆ ਸੀ। ਸੁਨੈਨਾ ਦਾ ਹਾਸਾ ਛਣਕਿਆ ਸੀ।

"ਮੈਡਮ! ਪਤੈ ਹੈ, ਯਹ ਸ਼ਰਮਾ ਬੋਲਤਾ, ਤੁਮ ਆਜ ਬੜੀ ਸੁੰਦਰ ਲਗ ਰਹੀ ਹੋ!...ਮੈਂ ਤੋ ਜਲਦੀ-ਜਲਦੀ ਰੋਟੀ ਬਨਾ ਕੇ ਆ ਗਈ! ਮੁਝੇ ਤੋ ਬਹੁਤ ਬੁਰਾ ਲਗਾ!...ਮੈਨੇ ਥੱਪੜ ਲਗਾ ਦੇਨਾ ਹੈ ਉਸਕੇ!...!"

ਮੈਂ ਉਸ ਦੇ ਡਿਜ਼ਾਈਨਦਾਰ ਸਲਵਾਰ-ਕਮੀਜ਼ ਵੱਲ ਵੇਖਿਆ।

ਅਗਲੇ ਦਿਨ ਸ਼ਾਮ ਨੂੰ ਵਾਪਸੀ ਵੇਲੇ ਮੈਨੂੰ ਗਲੀ ਵਿੱਚ ਇਕੱਠ ਦਿਸਿਆ। ਮੈਂ ਸਕੂਟੀ ਦੇ ਬ੍ਰੇਕ ਦੱਬੇ।

"ਸਮਝਾ ਲੇ ਉਸ ਕੋ! ਮੈਂ ਉਸ ਕੀ ਹੱਡੀ-ਪਸਲੀ ਏਕ ਕਰ ਦੂੰਗੀ!" ਸੁਨੈਨਾ ਸ਼ਰਮੇ ਦੇ ਗੇਟ ਵੱਲ ਮੂੰਹ ਕਰ ਕੇ ਚੀਖ਼ ਰਹੀ ਸੀ। ਚਾਰ-ਪੰਜ ਜਨਾਨੀਆਂ ਤੇ ਮਰਦ ਖੜ੍ਹੇ ਵੇਖ ਰਹੇ ਸਨ। ਗੇਟ ਅੰਦਰੋਂ ਮਿਸੇਜ਼ ਸ਼ਰਮਾ ਦੀ ਅਵਾਜ਼ ਆ ਰਹੀ ਸੀ, "ਤੂੰ ਵੀ ਤਾਂ ਸਜ-ਧਜ ਕੇ ਐਵੇਂ ਆਉਨੀ ਐਂ, ਜਿਵੇਂ...!" ਖੰਘ ਕਾਰਨ ਉਸ ਦੀ ਅਵਾਜ਼ ਥਿੜਕ ਗਈ।

"...ਅਰੇ! ਜਵਾਨ ਬੱਚੋਂ ਕੀ ਤੋ ਸ਼ਰਮ ਕਰ ਲੋ!...ਵੋਹ ਬਾਹਰ ਚਲੇ ਗਏ ਤੋ ਇਸ ਕੋ ਰੰਗ-ਰਲੀਆਂ ਸੁਝਨੇ ਲਗੀਂ! ਅਪਨੇ ਖਸਮ ਕੋ ਤੋ ਕਯਾ ਰੋਕਨਾ, ਉਲਟਾ ਤੁਮ...!"

ਮੈਂ ਸਕੂਟੀ ਦੀ ਰੇਸ ਦਿੱਤੀ। ਘਰ ਅੰਦਰ ਪੈਰ ਰੱਖਦਿਆਂ ਮੈਂ ਇੱਕ ਵਾਰ ਫਿਰ

ਪਿੱਛੇ ਮੁੜ ਕੇ ਵੇਖਿਆ। ਕੁੱਝ ਬੰਦੇ ਤੇ ਜਨਾਨੀਆਂ ਸੁਨੈਨਾ ਨੂੰ ਸਮਝਾ ਰਹੇ ਸਨ। ਬਾਕੀ ਦੇਹਲੀ 'ਤੇ ਖੜ੍ਹੇ ਮਿਸੇਜ਼ ਸ਼ਰਮਾ ਨਾਲ ਗੱਲ ਕਰ ਰਹੇ ਸਨ।

ਮੈਂ ਬਲੇਜ਼ਰ ਦੇ ਬਟਨ ਬੰਦ ਕੀਤੇ ਹਨ ਤੇ ਟਰਾਊਜ਼ਰ 'ਤੇ ਨਜ਼ਰ ਮਾਰੀ ਹੈ। ਕੋਈ ਸਿਲਵਟ ਨਹੀਂ ਹੈ। ਮੈਂ ਇੱਕ ਵਾਰ ਫਿਰ ਵਾਲਾਂ ਵਿੱਚ ਕੰਘਾ ਫੇਰਿਆ ਹੈ।

ਕੰਘਾ ਸਿਰ ਦੇ ਅੱਧ-ਵਿਚਕਾਰ ਰੁਕ ਗਿਆ ਹੈ। ਕੱਲ੍ਹ ਸ਼ਾਮ ਵਾਲਾ ਨਜ਼ਾਰਾ ਮੁੜ ਮੇਰੀਆਂ ਅੱਖਾਂ ਅੱਗੇ ਸਾਕਾਰ ਹੋ ਗਿਆ ਹੈ।

"ਚੱਲੀਏ ?" ਨੀਰਵ ਨੇ ਨੀਵੀਂ ਅਵਾਜ਼ ਵਿੱਚ ਆਸ਼ੂ ਦੇ ਟੇਬਲ 'ਤੇ ਜਾ ਕੇ ਕਿਹਾ। ਉਸ ਨੇ ਦੋਵੇਂ ਹੱਥ ਆਪਣੇ ਬਲੇਜ਼ਰ ਦੇ ਉੱਪਰੋਂ ਪੈਂਟ ਦੀਆਂ ਜੇਬਾਂ ਵਿੱਚ ਪਾਏ ਹੋਏ ਸਨ। ਉਸ ਦਾ ਮਫ਼ਲਰ ਆਸ਼ੂ ਦੇ ਟੇਬਲ 'ਤੇ ਲਟਕ ਰਿਹਾ ਸੀ।

ਮੈਂ ਆਸ਼ੂ ਵੱਲ ਵੇਖਿਆ। ਉਸ ਨੇ ਨੀਵੀਂ ਪਾਈ ਰੱਖੀ। ਹਥਲੇ ਕਾਗ਼ਜ਼ ਦਰਾਜ਼ ਵਿੱਚ ਰੱਖੇ ਤੇ ਕੰਪਿਊਟਰ ਦੇ ਸਵਿੱਚ ਬੰਦ ਕੀਤੇ। ਨੀਰਵ ਜਾਂ ਮੇਰੇ ਨਾਲ ਨਜ਼ਰਾਂ ਮਿਲਾਏ ਵਗੈਰ ਉਸ ਨੇ ਦਰਵਾਜ਼ੇ ਵੱਲ ਵੱਡੇ ਕਦਮ ਪੁੱਟੇ।

ਉਸ ਦੇ ਪਿੱਛੇ ਤੁਰਦਿਆਂ ਨੀਰਵ ਨੇ ਮੇਰੇ ਵੱਲ ਵੇਖਿਆ। ਉਸ ਦੇ ਬੁੱਲ੍ਹਾਂ ਵਿੱਚੋਂ ਜੇਤੂ ਮੁਸਕੁਰਾਹਟ ਝਲਕੀ। ਪੌੜੀਆਂ ਵੱਲ ਜਾਂਦਿਆਂ ਦੋਵੇਂ ਮੇਰੀਆਂ ਅੱਖਾਂ ਤੋਂ ਓਝਲ ਹੋ ਗਏ।

ਮੈਂ ਟਿਫ਼ਨ ਵੱਲ ਹੱਥ ਵਧਾਇਆ ਹੈ ਤਾਂ ਰਸੋਈ ਵਿੱਚ ਭਾਂਡੇ ਖਣਕਾਉਂਦੀ ਸੁਨੈਨਾ ਦਾ ਲਾਲ ਘੱਗਰਾ ਮੇਰੀ ਨਜ਼ਰ ਪਿਆ ਹੈ।

ਮੋਟਰਸਾਈਕਲ ਦੇ ਸਟਾਰਟ ਹੋਣ ਦੀ ਅਵਾਜ਼ ਆਈ ਹੈ। ਮੈਂ ਖਿੜਕੀ ਵਿੱਚੋਂ ਬਾਹਰ ਵੇਖਿਆ ਹੈ। ਹੈਲਮਟ ਪਾਈਂ ਮੋਹਿਤ ਗਲੀ ਵਿੱਚੋਂ ਲੰਘ ਗਿਆ ਹੈ। ਮੇਰੀ ਸਕੂਟੀ ਦਾ ਚਿੱਟਾ ਰੰਗ ਚਮਕਿਆ ਹੈ।

ਮੈਂ ਇੱਕ ਵਾਰ ਫਿਰ ਰਸੋਈ ਵਿੱਚ ਗੁਣਗੁਣਾ ਰਹੀ ਸੁਨੈਨਾ ਵੱਲ ਵੇਖਦੀ ਹਾਂ। ਫਿਰ ਸਕੂਟੀ ਵੱਲ ਵੇਖਦੀ ਹਾਂ।

*****



# ਸਾਈਲੈਂਟ ਅਟੈਕ

ਕੁਲਾਂ ਤੋਂ ਬਾਅਦ ਬਹੁਤੇ ਲੋਕ ਘਰਾਂ ਨੂੰ ਚਲੇ ਗਏ ਤੇ ਬਾਕੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਥੇ ਹੀ ਰੁਕ ਗਏ। ਜਿੰਨ੍ਹਾਂ ਨੂੰ ਬਾਅਦ 'ਚ ਪਤਾ ਲੱਗਿਆ ਸੀ, ਉਹ ਵੀ ਹੁਣ ਆ ਰਹੇ ਸਨ। ਜਿਹੜਾ-ਜਿਹੜਾ ਆਈ ਜਾ ਰਿਹਾ ਸੀ, ਉਹ ਮਕਾਨ ਦੇ ਬਾਹਰ ਵਿਛੀਆਂ ਦਰੀਆਂ ਉੱਤੇ ਅਮਜਦ ਦੁਆਲੇ ਘੇਰਾ ਘੱਤ ਕੇ ਬੈਠੇ ਲੋਕਾਂ ਵਿੱਚ ਸ਼ਾਮਿਲ ਹੋਈ ਜਾ ਰਿਹਾ ਸੀ।

"ਅਤਬਾਰ ਈ ਨ੍ਹੀਂ ਔਂਦਾ ਹਮੀਦ ਦਾ ਤਾਂ! ਨਾ ਕੋਈ ਬਿਮਾਰੀ-ਠਮਾਰੀ!" ਬੈਠਿਆਂ ਵਿੱਚੋਂ ਇੱਕ ਨੇ ਨੀਵੀਂ ਆਵਾਜ਼ ਵਿੱਚ ਗੱਲ ਕੀਤੀ।

"ਕੱਲ੍ਹ ਤਾਂ ਠੀਕ-ਠਾਕ ਸੀ!" ਦੂਜੇ ਨੇ ਕਿਹਾ।

"ਲੈ! ਹਾਲੀਂ ਰਾਤ ਅਸੀਂ ਬਿਪਨ ਜੀ ਕੇ ਵਿਆਹ 'ਚ 'ਕੱਠੇ ਰੋਟੀ ਖਾਧੀ ਐ!"

"ਰਾਤ ਅਸੀਂ ਚੰਗੇ-ਭਲੇ ਵਿਆਹ ਤੋਂ ਦੋਸਤਾਂ ਨਾਲ ਹਾਸਾ-ਮਜ਼ਾਕ ਕਰਦੇ ਆਏ ਆਂ! ਸਵੇਰੇ ਟੈਲੀਫ਼ੂਨ ਆ ਗਿਐ, ਅਖੇ, ਆਹ ਗੱਲ ਹੋ-ਗੀ!"

"ਅਮਜਦ!" ਕਿਸੇ ਨੇ ਆਵਾਜ਼ ਦਿੱਤੀ। "ਅੰਦਰ ਬਾਈ ਜੀ ਬੁਲਾ ਰਹੇ ਨੇ!"

ਜਦੋਂ ਅਮਜਦ ਕਮਰੇ ਅੰਦਰ ਦਾਖ਼ਲ ਹੋਇਆ ਤਾਂ ਅੰਦਰ ਕਈ ਬੰਦੇ ਇਕੱਠੇ ਹੋਏ ਬੈਠੇ ਸਨ। ਬਾਈ ਜੀ, ਉਹਨਾਂ ਦੇ ਭਰਾ, ਅਮਜਦ ਦੇ ਤਾਇਆ ਜੀ। ਉਸ ਨੂੰ ਵੇਖ ਕੇ ਉਹਨਾਂ ਨੇ ਚੱਲ ਰਹੀ ਗੱਲਬਾਤ ਬੰਦ ਕਰ ਦਿੱਤੀ।

ਅਮਜਦ ਉਹਨਾਂ ਸਾਹਮਣੇ ਦਰੀ ਤੇ ਬੈਠ ਕੇ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਝਾਕਿਆ।

ਬਾਈ ਜੀ ਨੇ ਬੋਲਣ ਤੋਂ ਪਹਿਲਾਂ ਆਪਣਾ ਗਲਾ ਸਾਫ ਕੀਤਾ। "ਦੇਖ, ਅਮਜਦ! ਇਹ ਘੜੀ ਹੈ ਤਾਂ ਨਹੀਂ ਐਹੋ-ਜ੍ਹੀ ਗੱਲ ਕਰਨ ਆਲੀ! ਪਰ, ਪੁੱਤ! ਜਿੰਨਾ ਟੈਮ ਲੰਘੀ ਜਾਊਗਾ, ਉਂਨਾ ਈ ਆਪਣੇ ਲਈ ਫੈਸਲਾ ਲੈਣਾ ਔਖਾ ਹੋ-ਜੂਗਾ! ਵਿਆਹ ਦੀ ਤਰੀਕ 'ਚ ਸਿਰਫ ਹਫ਼ਤਾ ਰਹਿੰਦੈ! ਮੁੰਡੇ ਆਲਿਆਂ ਨੇ ਪੁੱਛਿਐ, ਪਈ, ਕੀ ਕਰਨੈ-ਅੱਗੇ ਪਾਉਣੈ, ਜਾਂ ਕਿਮੇਂ ਕਰਨੈ!...ਹੁਣ ਫੈਸਲਾ ਤੈਂ ਕਰਨੈ!"

"ਵੈਸੇ ਤਾਂ, ਪੁੱਤ, ਮੁੰਡੇ ਆਲੇ ਆਪਣੇ ਤੋਂ ਬਾਹਰ ਨ੍ਹੀਂ! ਪਰ ਉਹਨਾਂ ਨੇ ਹੱਥ ਜੋੜ ਕੇ ਮਿੰਨਤ ਕੀਤੀ ਐ! ਕਾਰਡ ਉਹਨਾਂ ਦੇ ਸਾਰੇ ਵੰਡੇ ਗਏ ਨੇ। ਪੈਲਸ ਬੁੱਕ ਐ।

ਸਾਰੀ ਖਰੀਦਦਾਰੀ ਉਹ ਕਰ ਚੁੱਕੇ ਨੇ। ਹਲਵਾਈ ਵਗੈਰਾ ਨੂੰ ਸਾਈ ਫੜਾਈ ਹੋਈ ਐ।" ਬਾਈ ਜੀ ਦਾ ਭਰਾ ਬੋਲਿਆ।

ਅੱਗੋਂ ਬਾਈ ਜੀ ਨੇ ਗੱਲ ਦਾ ਸਿਰਾ ਫੜਿਆ, "ਦੇਖ, ਅਸੀਂ ਤਾਂ ਉਹਨਾਂ ਨੂੰ ਇੱਕ ਵਾਰ ਕਹਿ ਦਿੱਤਾ ਸੀ, ਪਈ, ਸਾਡੇ ਤੇ ਤਾਂ ਦੁੱਖ ਦਾ ਪਹਾੜ ਡਿੱਗ ਪਿਐ! ਸਾਨੂੰ ਨਫ਼ੇ-ਨੁਕਸਾਨ ਦਾ ਕੁਸ਼ ਨ੍ਹੀਂ! ਪਰ ਅਗਲੇ ਮਹੀਨੇ ਰੋਜ਼ੇ ਸ਼ੁਰੂ ਹੋ ਜਾਣੇ ਨੇ, ਤੇ ਉਸ ਤੋਂ ਬਾਅਦ ਮੁੰਡੇ ਦੇ ਦਾਦਾ-ਦਾਦੀ ਨੇ ਹੱਜ ਤੇ ਜਾਣੈ!...ਹੁਣ ਮਸਾਂ ਆਪਾਂ ਨੇ ਤਰੀਕ ਲਈ ਸੀ! ਫੇਰ ਪਤਾ ਨ੍ਹੀਂ ਮੁੰਡੇ ਆਲੇ ਕਦੋਂ ਮੰਨਣ!"

"ਆਪਾਂ ਨੇ ਤਾਂ ਆਪਣੇ ਘਰ 'ਚ ਕੁਸ਼ ਨ੍ਹੀਂ ਕਰਨਾ! ਬੱਸ, ਦੋ-ਚਾਰ ਜਣੇ ਨਿਕਾਹ ਲੈ ਜਾਣਗੇ। ਮੁੰਡੇ ਆਲੇ ਆਪਣੇ ਘਰ ਜੋ ਮਰਜ਼ੀ ਕਰਨ!"

ਗੱਲ ਮੁੱਕਦਿਆਂ ਹੀ ਅਮਜਦ ਨੂੰ ਸਾਰਿਆਂ ਦੀਆਂ ਨਜ਼ਰਾਂ ਆਪਣੇ ਚਿਹਰੇ ਤੇ ਚੁਭੀਆਂ।

"ਜੇ ਤੁਸੀਂ ਫੈਸਲਾ ਕਰ ਈ ਲਿਐ, ਫੇਰ ਮੇਰੇ ਤੋਂ ਕੀ ਪੁੱਛਦੇ ਓ?" ਅਮਜਦ ਕਹਿਣਾ ਚਾਹੁੰਦਾ ਸੀ, ਪਰ ਨਾਲ ਹੀ ਉਸ ਦੇ ਮਨ ਦਾ ਦੂਜਾ ਕੋਨਾ ਬੋਲਿਆ, "ਜੇ ਮੈਂ ਮਨ੍ਹਾਂ ਕਰ 'ਤਾ, ਤਾਂ ਸਾਰਾ ਸ਼ਰੀਕਾ ਗੱਲ ਮੇਰੇ ਸਿਰ ਸੁੱਟੂ! ਅਖੇ, ਅਮਜਦ ਨੇ ਰਿਸ਼ਤਾ ਖਰਾਬ ਕਰਵਾ 'ਤਾ!"

ਅਮਜਦ ਨੇ ਸਲਾਹ-ਮਸ਼ਵਰੇ ਲਈ ਆਲੇ-ਦੁਆਲੇ ਵੇਖਿਆ। ਪਰ ਉਸ ਨੂੰ ਸਿਰਫ ਬਾਹਰੋਂ ਔਰਤਾਂ ਦੇ ਰੋਣ ਦੀਆਂ ਆਵਾਜ਼ਾਂ ਹੀ ਸੁਣਾਈ ਦਿੱਤੀਆਂ।

"ਨਾਲੇ, ਪੁੱਤ! ਹਮੀਦ ਦੀ ਯਾਦ ਤਾਂ ਕਦੇ ਵੀ ਨ੍ਹੀਂ ਭੁੱਲਣੀ! ਨਾ ਹਫ਼ਤੇ ਨੂੰ, ਨਾ ਮਹੀਨਿਆਂ ਨੂੰ!" ਤਾਇਆ ਜੀ ਨੇ ਨੀਵੀਂ ਪਾਈਂ ਕਮਰੇ 'ਚ ਪਸਰੀ ਚੁੱਪ ਨੂੰ ਤੋੜਿਆ।

"ਦੇਖ ਲਓ, ਫੁੱਫੜ ਜੀ, ਜਿਮੇਂ ਥੋਨੂੰ ਠੀਕ ਲੱਗਦੈ!" ਬਾਈ ਜੀ ਵੱਲ ਵੇਖਦਿਆਂ ਅਮਜਦ ਇੰਨਾ ਹੀ ਕਹਿ ਸਕਿਆ।

"ਨਹੀਂ, ਪੁੱਤ! ਦੇਖ, ਤੇਰੀ ਮੰਮੀ ਨੂੰ ਤਾਂ ਏਸ ਹਾਲਤ 'ਚ ਪੁੱਛ ਨ੍ਹੀਂ ਸਕਦੇ! ਫੈਸਲਾ ਤਾਂ ਤੇਰੀ ਮਰਜ਼ੀ ਨਾਲ ਈ ਹੋਣੈ!" ਬਾਈ ਜੀ ਦਾ ਭਰਾ ਇੱਕ ਵਾਰ ਫਿਰ ਬੋਲਿਆ।

"ਮੇਰੀ ਮਰਜ਼ੀ ਥੋਡੇ ਨਾਲ ਈ ਐ!" ਕਹਿ ਕੇ ਅਮਜਦ ਬਾਹਰ ਆ ਗਿਆ।

ਬਾਹਰ ਫਿਰ ਅਫ਼ਸੋਸ ਕਰਨ ਵਾਲੇ ਲੋਕ ਉਸ ਦੁਆਲੇ ਘੇਰਾ ਬਣਾ ਕੇ ਬੈਠ ਗਏ।

"ਹਾਰਟ ਆਲੀ ਪਹਿਲਾਂ ਸ਼ਿਕਾਇਤ ਤਾਂ ਹੈ ਨ੍ਹੀਂ ਸੀ ਕੋਈ!"

"ਓ, ਬੱਸ ਜੀ! ਬੰਦੇ 'ਚ ਹੈ ਕੁਸ਼ ਨ੍ਹੀਂ! ਐਵੀਂ ਮੇਰੀ-ਮੇਰੀ ਲਾਈ ਐ!"

ਰਾਤ ਜਦੋਂ ਹਮੀਦ ਬਿਪਨ ਜੀ ਦੀ ਕੁੜੀ ਦੇ ਵਿਆਹ ਤੋਂ ਆਇਆ ਸੀ ਤਾਂ ਸਿੱਧਾ ਆਪਣੇ ਕਮਰੇ ਵਿੱਚ ਵੜ ਗਿਆ ਸੀ। ਕਈ ਦਿਨਾਂ ਤੋਂ ਉਹ ਕਮਜ਼ੋਰੀ ਮਹਿਸੂਸ ਕਰ ਰਿਹਾ ਸੀ। ਲੇਟਣ ਤੋਂ ਕੁਝ ਸਮੇਂ ਬਾਅਦ ਉਸ ਨੂੰ ਸੀਨੇ 'ਚ ਘੁਟਣ ਮਹਿਸੂਸ ਹੋਣ



ਲੱਗ ਪਈ ਸੀ।

"ਪੱਖਾ ਥੋੜ੍ਹਾ ਤੇਜ਼ ਕਰਦੇ।" ਉਸ ਨੇ ਮਰੀਅਮ ਨੂੰ ਕਿਹਾ ਸੀ।

ਮਰੀਅਮ ਨੇ ਉਸ ਵੱਲ ਹੈਰਾਨਕੁੰਨ ਨਜ਼ਰਾਂ ਨਾਲ ਵੇਖਿਆ ਸੀ। "ਮਰਨੈ ਤੁਸੀਂ ਪੱਖਾ ਤੇਜ਼ ਕਰਕੇ? ਹਾਲੀਂ ਫਰਵਰੀ ਖ਼ਤਮ ਨ੍ਹੀਂ ਹੋਈ!...ਐਨਾ ਕੁ ਵੀ ਮੈਂ ਥੋਡੇ ਕਰਕੇ ਚਲਾ ਰੱਖਿਐ!" ਤੇ ਉਸ ਨੇ ਬੱਤੀ ਬੁਝਾ ਦਿੱਤੀ ਸੀ।

ਹਨ੍ਹੇਰੇ ਵਿੱਚ ਤੱਕਦਿਆਂ ਹਮੀਦ ਬੋਲਿਆ ਸੀ, "ਕੁੜੀਆਂ ਵੀ ਕਿਸਮਤ ਦੀਆਂ ਪੁੜੀਆਂ ਈ ਹੁੰਦੀਆਂ ਨੇ!"

"ਕੀ ਹੋਇਆ?"

"ਬਿਪਨ ਜੀ ਦੀ ਕੁੜੀ ਦੀ ਗੱਲ ਐ!...ਏਨੀ ਪੜ੍ਹੀ-ਲਿਖੀ ਕੁੜੀ, ਮੁੰਡਾ ਉਹਦੇ ਮੂਹਰੇ ਕੁਸ਼ ਵੀ ਨ੍ਹੀਂ! ਐਨਾ ਪੈਸਾ ਲਾਇਆ ਵਿਆਹ ਤੇ! ਇੱਕ ਸਿਰਫ਼ ਜੁਆਈ ਨੂੰ ਸੋਨੇ ਦੀ ਛਾਂਪ ਪਵਾਉਣ ਪਿੱਛੇ ਮੁੰਡੇ ਆਲੇ ਮੂੰਹ ਬਗਾੜ ਕੇ ਬੈਠ-ਗੇ!" ਉਸ ਦੀਆਂ ਅੱਖਾਂ ਸਾਹਮਣੇ ਤਿਓੜੀਆਂ ਭਰੇ ਮੱਥੇ ਅਤੇ ਸਹਿਮ ਭਰੀਆਂ ਅੱਖਾਂ ਨਾਲ ਏਧਰ-ਓਧਰ ਭੱਜੇ ਫਿਰਦੇ ਬਿਪਨ ਜੀ ਘੁੰਮ ਗਏ ਸੀ।

"ਬਾਣੀਆਂ ਦੇ ਤਾਂ ਇਹ ਰਵਾਜ਼ ਕਾਫ਼ੀ ਐ!" ਮਰੀਅਮ ਨੀਵੀਂ, ਪਰ ਨਿਸ਼ਚਿੰਤ, ਆਵਾਜ਼ ਵਿੱਚ ਬੋਲੀ ਸੀ।

"ਹੁਣ ਤਾਂ ਮੁਸਲਮਾਨਾਂ 'ਚ ਵੀ ਏਹ ਚੀਜ਼ ਆਈ ਜਾ ਰਹੀ ਐ!....!" ਹਮੀਦ ਚਾਹੁੰਦਾ ਹੋਇਆ ਵੀ ਅਗਲੇ ਸ਼ਬਦ ਨਹੀਂ ਬੋਲਿਆ ਸੀ।

ਮਰੀਅਮ ਦੇ ਸਾਹਾਂ ਦੀ ਆਵਾਜ਼ ਡੂੰਘੀ ਹੁੰਦੀ-ਹੁੰਦੀ ਘੁਰਾੜਿਆਂ ਵਿੱਚ ਬਦਲ ਗਈ ਸੀ।

ਹਮੀਦ ਹਨ੍ਹੇਰੇ ਵਿੱਚ ਘੁੰਮ ਰਹੇ ਪੱਖੇ ਦਾ ਸਫੈਦ ਝਲਕਾਰਾ ਵੇਖਦਾ ਰਿਹਾ ਸੀ।

ਪੱਖੇ ਦੇ ਚੱਕਰਾਂ ਵਿਚਾਲਿਉਂ ਰੁਕੱਈਆ ਦਾ ਚਿਹਰਾ ਉੱਭਰਿਆ ਸੀ। ਲਾੜੀ ਦੇ ਕੱਪੜਿਆਂ ਵਿੱਚ ਸਜਿਆ ਹੋਇਆ-ਬਿਪਨ ਜੀ ਦੀ ਕੁੜੀ ਵਾਂਗ।

"ਮਾਮੂੰ! ਉਸ ਦਿਨ ਆਲੀ ਕਹਾਣੀ ਸੁਣਾਓ!" ਛੋਟੀ ਜਿਹੀ ਰੁਕੱਈਆ ਉਸ ਦੇ ਸੱਜੇ ਮੋਢੇ ਤੇ ਸਿਰ ਰੱਖੀਂ ਕਹਿ ਰਹੀ ਸੀ। ਛੋਟੇ ਜਿਹੇ ਅਮਜਦ ਨੇ ਵੀ ਉਸ ਦੁਆਲੇ ਬਾਂਹ ਵਲ ਲਈ ਸੀ। "ਨਹੀਂ, ਡੈਡੀ! ਮੈਨੂੰ ਸੁਣਾਓ!"

"ਮੇਰੇ ਮਾਮੂੰ ਨੇ! ਮੈਨੂੰ ਸੁਣਾਉਣਗੇ।"

"ਮੇਰੇ ਡੈਡੀ ਨੇ! ਮੈਨੂੰ ਸੁਣਾਉਣਗੇ।" ਤੇ ਅਮਜਦ ਨੇ ਹੱਥ ਦੇ ਜ਼ੋਰ ਨਾਲ ਹਮੀਦ ਦਾ ਚਿਹਰਾ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਸੀ।

ਰੁਕੱਈਆ ਚੁੱਪ ਕਰ ਗਈ ਸੀ।

"ਓ, ਯਾਰ! ਤੈਨੂੰ ਤਾਂ ਮੈਂ ਰੋਜ਼ ਈ ਕਹਾਣੀ ਸੁਣਾਉਂਦਾ ਆਂ! ਇਹ ਤਾਂ ਅੱਜ ਦਾ ਦਿਨ ਈ ਆਈ ਹੋਈ ਐ!...ਚਲੋ, ਮੈਂ ਦੋਹਾਂ ਨੂੰ ਈ ਕਹਾਣੀ ਸੁਣਾਉਂਨਾਂ!"

ਰੁਕੱਈਆ ਦੇ ਚਿਹਰੇ ਤੇ ਮੁਸਕੁਰਾਹਟ ਪਰਤ ਆਈ ਸੀ। "ਮਾਮੂੰ! ਉਸੇ ਦਿਨ ਆਲੀ!"

ਫਿਰ ਉਸ ਨੂੰ ਰੁਕੱਈਆ ਦੀ ਥਾਂ ਆਬਿਦਾ ਤੇ ਅਮਜਦ ਦੀ ਥਾਂ ਆਪਣਾ-ਆਪ ਮਹਿਸੂਸ ਹੋਇਆ ਸੀ... ਦੋਵੇਂ ਅੱਬੇ ਦੁਆਲੇ ਲੇਟੇ ਹੋਏ। "ਇੱਕ ਸੀ ਕਾਂ, ਤੇ ਇੱਕ ਸੀ ਚਿੜੀ....!"

ਅੱਬੇ ਦੇ ਨੰਗੇ ਢਿੱਡ ਦੇ ਵਾਲਾਂ ਦਾ ਅਹਿਸਾਸ ਹਮੀਦ ਦੇ ਜ਼ਿਹਨ 'ਚ ਤਾਜ਼ਾ ਹੋ ਗਿਆ ਸੀ।

"ਜੇ ਤੁਸੀਂ ਮੇਰੇ ਭਾਈ ਨੂੰ ਨ੍ਹੀਂ ਖਲ੍ਹਾਉਂਦੀਆਂ, ਤਾਂ ਫੇਰ ਮੈਂ ਵੀ ਨ੍ਹੀਂ ਖੇਲ੍ਹਦੀ!" ਆਬਿਦਾ ਆਪਣੀਆਂ ਸਹੇਲੀਆਂ ਨਾਲ ਬਹਿਸ ਕਰ ਰਹੀ ਸੀ।

"ਪਰ ਮੁੰਡੇ ਥੋੜ੍ਹੋ ਨਾ ਗੁੱਡੀਆਂ ਨਾਲ ਖੇਲ੍ਹਣਗੇ!"

ਬਾਅਦ ਵਿੱਚ ਹਮੀਦ ਨੂੰ ਗੁੱਡੀ ਦੇ ਲਾੜੇ ਦਾ ਬਾਪ ਬਣਾ ਦਿੱਤਾ ਗਿਆ ਸੀ।

"ਕੀ ਇਹ ਸਭ ਰਿਸ਼ਤੇ ਐਮੇਂ ਈ ਖ਼ਤਮ ਹੋ ਜਾਣਗੇ?" ਹਮੀਦ ਸੋਚ ਰਿਹਾ ਸੀ। ਉਸ ਨੂੰ ਮਰੀਅਮ ਦੇ ਸ਼ਬਦ ਚੇਤੇ ਆ ਰਹੇ ਸਨ, "ਪਹਿਲਾਂ ਤੁਸੀਂ ਬਥੇਰੀ ਮਨਮਾਨੀ ਕਰ-ਲੀ! ਹੁਣ ਮੇਰੇ ਬੱਚੇ ਬੜੇ ਹੋ-ਗੇ! ਹੁਣ ਮੈਂ ਇੱਕ ਕਦਮ ਵੀ ਉਹਨਾਂ ਤੋਂ ਬਾਹਰ ਨ੍ਹੀਂ ਰੱਖਣਾ!"

ਸੁੱਤੀ ਹੋਈ ਮਰੀਅਮ ਦੇ ਘੁਰਾੜੇ ਤੇਜ਼ ਹੋਈ ਜਾ ਰਹੇ ਸਨ।

"ਡੈਡੀ, ਲੋਕ ਮਤਲਬੀ ਹੁੰਦੇ ਨੇ!"

"ਪਰ, ਯਾਰ, ਅਮਜਦ! ਅਸੀਂ ਲੋਕ ਥੋੜ੍ਹੋ ਈ ਆਂ! ਕੁੜੀ ਦੇ ਵਿਆਹ ਵੇਲੇ ਸੌ ਲੋੜ ਹੁੰਦੀ ਐ, ਪੈਸੇ ਦੀ!"

"ਜੇ ਲੋੜ ਐ ਤਾਂ ਫੁੱਫੜ ਜੀ ਕਰਨ, ਜਾਂ ਰੁਕੱਈਆ ਦੇ ਚਾਚੇ-ਤਾਏ ਕਰਨ! ਆਪਾਂ ਤਾਂ ਨਾਨਕਿਆਂ ਆਲਾ ਜੋ ਬਣਦੈ, ਉਹੀ ਕਰਾਂਗੇ!"

"ਯਾਰ, ਬਾਈ ਜੀ ਹੁਰੀਂ ਏਨੇ ਜੋਗੇ ਨਹੀਂ ਹੈਗੇ! ਆਪਾਂ ਨੂੰ ਰੱਬ ਨੇ ਸਭ ਕੁਝ ਦਿੱਤੈ! ਜੇ ਲੱਖ-ਡੇਢ ਲੱਖ ਲਾ ਵੀ ਦਿਆਂਗੇ, ਤਾਂ ਵੀ ਕੀ ਐ!"

"ਜ਼ਰੂਰ ਆਬਿਦਾ ਬੂਆ ਨੇ ਇਹਨਾਂ ਨੂੰ ਫੋਨ ਕੀਤਾ ਹੋਣੈ! ਏਹ ਦੱਸਦੇ ਨ੍ਹੀਂ!"

"ਪਹਿਲਾਂ ਵੀ ਉਹ ਸਾਡੇ ਘਰ ਏਸੇ ਤਰ੍ਹਾਂ ਕਲੇਸ਼ ਪਵਾਉਂਦੀ ਰਹੀ ਐ! ਸਾਰਾ ਠੇਕਾ ਤੁਸੀਂ ਲਿਆ ਹੋਇਐ? ਕਦੇ ਆਪਣੇ ਭਰਾ ਦਾ, ਕਦੇ ਭੈਣ ਦਾ!...ਹੁਣ ਇਹ ਪੈਸੇ ਮੇਰੇ ਬੱਚਿਆਂ ਦੇ ਨੇ!" ਮਰੀਅਮ ਵੀ ਬੋਲੀ ਸੀ।

ਸੁਣ ਕੇ ਹਮੀਦ ਦੇ ਮੂੰਹੋਂ ਨਿੱਕਲਿਆ ਸੀ, "ਤੁਸੀਂ ਦੋਹਾਂ ਨੇ ਤਾਂ ਮੇਰੇ 'ਤੇ ਅਟੈਕ ਈ ਕਰ ਦਿੱਤੈ!"

"ਡੈਡੀ, ਖ਼ਬਰਦਾਰ! ਜੇ ਤੁਸੀਂ ਇੱਕ ਪੈਸਾ ਵੀ ਬੂਆ ਨੂੰ ਦਿੱਤਾ ਤਾਂ! ਅਸੀਂ ਜੋ ਸ਼ਗਨ ਦੇਣੈ, ਉਹ ਸਭ ਦੇ ਸਾਹਮਣੇ ਦਿਆਂਗੇ!"



"ਜੇ ਬਹੁਤੈ, ਤਾਂ ਅਸੀਂ ਵਿਆਹ ਈ ਨ੍ਹੀਂ ਜਾਣਾ!" ਮਰੀਅਮ ਦੀ ਗੱਲ ਸੁਣ ਕੇ ਹਮੀਦ ਬੇਵੱਸੀ ਮਹਿਸੂਸ ਕਰਨ ਲੱਗ ਪਿਆ ਸੀ।

"ਮਰੀਅਮ... ਮਰੀਅਮ...!!"

"ਹੂੰ?"

"ਮੈਨੂੰ ਸਾਹ ਔਖਾ ਆ ਰਿਹੈ!"

ਮਰੀਅਮ ਨੇ ਬੱਤੀ ਜਗਾਈ ਸੀ। ਹਮੀਦ ਦਾ ਚਿਹਰਾ ਤ੍ਰੇਲੀਆਂ ਨਾਲ ਭਿੱਜਿਆ ਹੋਇਆ ਸੀ।

"ਅਮਜਦ...!" ਆਵਾਜ਼ ਮਾਰਦਿਆਂ ਮਰੀਅਮ ਭੱਜ ਕੇ ਕਮਰੇ 'ਚੋਂ ਬਾਹਰ ਨਿਕਲੀ ਸੀ।

ਐਮਰਜੈਂਸੀ ਵਾਰਡ ਵਿੱਚ ਡਾਕਟਰ ਨੇ ਵਾਰ-ਵਾਰ ਨਬਜ਼ ਤੇ ਛਾਤੀ ਵੇਖਣ ਤੋਂ ਬਾਅਦ ਅਖੀਰ ਨਾਂਹ ਵਿੱਚ ਸਿਰ ਮਾਰ ਦਿੱਤਾ ਸੀ...।

ਮੁੰਡੇ ਵਾਲਿਆਂ ਦੀ ਰਿਸੈਪਸ਼ਨ ਦੇ ਸ਼ੋਰ-ਸ਼ਰਾਬੇ 'ਚ ਕਿਸੇ ਨੇ ਪਿੱਛਿਉਂ ਅਮਜਦ ਦੇ ਮੋਢੇ ਤੇ ਹੱਥ ਧਰਿਆ। "ਤੇਰੇ ਡੈਡੀ ਬਾਰੇ ਸੁਣ ਕੇ ਬੜਾ ਅਫ਼ਸੋਸ ਹੋਇਆ! ਉਮਰ ਤਾਂ ਉਹਨਾਂ ਦੀ ਹਾਲੀਂ ਕੁਸ਼ ਵੀ ਨ੍ਹੀਂ ਸੀ!... ਦਿਲ ਦੀ ਪ੍ਰਾਬਲਮ ਸੀ ਕੋਈ -ਬਲਾੱਕੇਜ ਵਗੈਰਾ?"

"ਨਹੀਂ, ਅੰਕਲ! ਦਿਲ ਦੀ ਪਹਿਲਾਂ ਤਾਂ ਕਦੇ ਕੋਈ ਸ਼ਿਕਾਇਤ ਈ ਨ੍ਹੀਂ ਹੋਈ!" ਅਮਜਦ ਨੂੰ ਪਿਛਲੇ ਇੱਕ ਹਫ਼ਤੇ ਤੋਂ ਇਹ ਜਵਾਬ ਰਟ ਗਿਆ ਸੀ। "...ਸ਼ੂਗਰ ਜ਼ਰੂਰ ਸੀ ਉਹਨਾਂ ਨੂੰ! ਰਾਤ ਨੂੰ ਬਿਪਨ ਅੰਕਲ ਦੀ ਬੇਟੀ ਦੇ ਵਿਆਹ ਤੇ ਗਏ ਸੀ। ਸ਼ਾਇਦ ਉਥੇ ਮਿੱਠਾ ਵੱਧ ਖਾ ਲਿਆ! ਬੱਸ! ਸਾਈਲੈਂਟ ਅਟੈਕ ਆਇਐੱ-ਦਿਲ ਦਾ! ਸਾਨੂੰ ਤਾਂ ਹੋਰ ਕੋਈ ਕਾਰਨ ਸਮਝ ਨ੍ਹੀਂ ਆਇਆ!"

*****

# ਉੱਚਾ ਜਨਮ

"ਰਾਮ ਲਖਨ! ਹਲੀਂ ਤੱਕ ਚਾਹ ਨ੍ਹੀਂ ਆਈ, ਯਾਰ!" ਕਹਿੰਦਿਆਂ ਤੇਜੇ ਮਿਸਤਰੀ ਨੇ ਮੇਖ ਤੇ ਪਹਿਲਾਂ ਨਾਲੋਂ ਤੇਜ਼ ਸੱਟ ਮਾਰੀ।

"ਇਹੀ ਤਾਂ, ਮਿੱਸਰੀ ਜੀ, ਮੈਂ ਸੋਚੀ ਜਾਂਦਾ ਹੈਗਾਂ!" ਪੈਰਾਂ ਭਾਰ ਬੈਠਾ ਰਾਮ ਲਖਨ ਗੋਡਿਆਂ 'ਚ ਕੂਹਣੀਆਂ ਫਸਾਈਂ ਬੋਲਿਆ।

"ਚਲ ਫੇਰ, ਪ੍ਰਸ਼ਾਦੇ ਈ ਛਕ ਲਈਏ!...," ਕਹਿੰਦਿਆਂ ਉਸ ਨੇ ਹਥੌੜੀ ਪਾਸੇ ਰੱਖੀ, ਤੇ ਨਵੇਂ ਬਣੇ ਅਟੈਚਡ ਬਾਥਰੂਮ 'ਚ ਵੜ ਗਿਆ।

ਵਾਸ਼ ਬੇਸਿਨ ਦੀ ਟੂਟੀ ਖੋਲ੍ਹ ਪਹਿਲਾਂ ਉਸ ਨੇ ਆਪਣੇ ਹੱਥ ਧੋਤੇ, ਤੇ ਫਿਰ ਸ਼ੀਸ਼ੇ 'ਚ ਆਪਣੀ ਪੱਗ ਨੂੰ ਨਿਹਾਰਿਆ। "ਫਿੱਟ ਐ!"

ਢਿੱਲੇ ਪੇਚਾਂ ਵਾਲੀ ਭਾਰੀ ਪੱਗ 'ਚ ਫਸਾਈ ਪੈਂਸਲ ਠੀਕ ਕਰਦਿਆਂ ਉਸ ਅੱਗੇ ਬੇਬੇ ਦਾ ਚਿਹਰਾ ਮੂਰਤੀਮਾਨ ਹੋ ਗਿਆ।

ਛੋਟੇ ਹੁੰਦਿਆਂ ਪਹਿਲੀ ਵਾਰ ਬੰਨ੍ਹੀ ਪੱਗ ਜਦੋਂ ਉਸ ਨੇ ਬੇਬੇ ਨੂੰ ਦਿਖਾਈ ਸੀ, ਤਾਂ ਉਸ ਦੇ ਮੂੰਹੋਂ ਆਪਮੁਹਾਰੇ ਨਿੱਕਲ ਗਿਆ ਸੀ, "ਨੀ! ਮੇਰਾ ਡੀ. ਸੀ. ਪੁੱਤ!"

"ਜੇ ਅੱਜ ਬੇਬੇ ਜਿਉਂਦੀ ਹੁੰਦੀ!!" ਉਸ ਨੂੰ ਦਾਦੀ ਦੀਆਂ ਉਸ ਬਾਰੇ ਛੋਟੇ ਹੁੰਦੇ ਦੀਆਂ ਦੱਸੀਆਂ ਗੱਲਾਂ ਯਾਦ ਆਈਆਂ। "ਤੈਨੂੰ ਪਤੈ! ਆਪਣੇ ਖਾਨਦਾਨ ਦੇ ਸਾਰੇ ਜਵਾਕ ਘਰੇ ਈ ਪੈਦਾ ਹੋਏ ਨੇ, ਇੱਕ ਤੈਨੂੰ ਛੱਡ ਕੇ! ਤੂੰ ਤਾਂ ਭਜਾਇਆ ਵੀ ਸਾਨੂੰ ਪਟਿਆਲੇ!"

"ਪਟਿਆਲੇ!?" ਹੁਣ ਵੀ ਤੇਜੇ ਨੂੰ ਹੈਰਾਨੀ ਹੁੰਦੀ ਸੀ।

"ਹੋਰ!! ਪਟਿਆਲੇ, ਰਾਜੇ ਦੇ ਸ਼ਹਿਰ 'ਚ! ਉਹ ਵੀ ਬੜੇ ਪਰਾਈਬੇਟ ਅਸਪਤਾਲ 'ਚ!... ਹੋਰ!!...ਮਾਂ ਤੇਰੀ ਦੀ ਤਬੀਤ ਖਰਾਬ ਹੋ-ਗੀ। ਤੇਰੇ ਨਾਨੇ ਨੂੰ ਲੈ ਕੇ ਭੱਜਣਾ ਪਿਆ! ਜਦ ਕੌਣ ਜਾਂਦਾ ਤੀ ਅਸਪਤਾਲਾਂ 'ਚ! ਉਹ ਨੂੰ ਡਰ ਤੀ, ਭਾਈ! ਔਲਾਦ ਤਾਂ ਕੁੜੀ ਦੇ ਸਹੁਰਿਆਂ ਦੀ ਅਮਾਨਤ ਹੁੰਦੀ ਐ!

"ਜਦੋਂ ਪਤਾ ਲੱਗਿਆ ਤਾਂ ਮਗਰੇ ਮਠਿਆਈ ਲੈ ਕੇ ਮੈਂ ਤੇ ਤੇਰਾ ਡੈਡੀ ਭੱਜ-ਪੇ!...ਫੇਰ, ਅਸਪਤਾਲ ਆਲੇ ਤੈਨੂੰ ਦੇਖਣ ਨਾ ਦੇਣ!...ਮਸ਼ੀਨਾਂ 'ਚ ਰੱਖਿਆ ਹੋਇਆ ਤੀ ਤੂੰ! ਨਰਸ ਨੂੰ ਪੈਸੇ ਦੇ ਕੇ ਦੇਖਿਆ, ਤਾਂ ਸਾਡੇ ਕਾਲਜੇ ਠੰਡ ਪਈ!"



"ਵਾਰਡ ਨੰਬਰ ਜਾਂ ਕਮਰਾ ਨੰਬਰ ਯਾਦ ਐ, ਬੇਬੇ, ਤੈਨੂੰ?"

"ਉਹ ਤੇਰੇ ਡੈਡੀ ਨੂੰ ਪਤਾ ਤੀ, ਭਾਈ!"

"ਤੈਨੂੰ ਪਤੈ, ਮੇਰਾ ਜਨਮ ਪਟਿਆਲੇ ਹੋਇਆ ਸੀ, ਬੜੇ ਅਸਪਤਾਲ 'ਚ!" ਉਸ ਨੇ ਟਿਫਨ ਖੋਲ੍ਹਦਿਆਂ ਰਾਮ ਲਖਨ ਵੱਲ ਵੇਖਿਆ।

"ਅੱਛਾ ਮਿੱਸਰੀ ਜੀ?" ਰਾਮ ਲਖਨ ਸਟੀਲ ਦੇ ਡੱਬਿਆਂ ਨੂੰ ਖੁੱਲ੍ਹਦਿਆਂ ਵੇਖਦਾ ਰਿਹਾ।

"ਹੋਰ ਕੀ? ਉਂਨੀ ਸੌ ਪਚਾਸੀ 'ਚ!" ਹਥੇਲੀ ਦੇ ਨਾਲ-ਨਾਲ ਉਸ ਨੇ ਭਰਵੱਟੇ ਵੀ ਫੈਲਾਏ, "ਤੇਰੇ ਅਰਗੇ ਨੂੰ ਤਾਂ ਓਥੇ ਵੜਨ ਬੀ ਨ੍ਹੀਂ ਦੇਂਦੇ!"

ਰਾਮ ਲਖਨ ਕੁਝ ਨਾ ਬੋਲਿਆ। ਉਹ ਖਿੜਕੀ ਦੇ ਇੱਕ ਪੱਲੇ 'ਤੇ ਹਥੌੜੀ ਅਜ਼ਮਾਉਣ ਲੱਗਿਆ ਹੋਇਆ ਸੀ।

ਹਸਪਤਾਲ ਦੀ ਬਹੁ-ਮੰਜ਼ਿਲਾ ਇਮਾਰਤ ਤੇਜੇ ਦੀਆਂ ਅੱਖਾਂ ਅੱਗੇ ਘੁੰਮ ਗਈ। ਮੇਨ ਰੋਡ 'ਤੇ ਬਣੀ ਇਮਾਰਤ ਨੂੰ ਚਲਦੀ ਬਸ 'ਚੋਂ ਵੇਖਦਿਆਂ ਕਈ ਵਾਰ ਉਸ ਦਾ ਅੰਦਰ ਜਾਣ ਨੂੰ ਵੀ ਦਿਲ ਕੀਤਾ ਸੀ। ਪਰ ਹੌਸਲਾ ਕਦੇ ਨਹੀਂ ਸੀ ਪਿਆ।

"ਤੂੰ ਰੋਟੀ ਨ੍ਹੀਂ ਖਾਣੀ, ਓਏ?"

"ਨਾਂਹ, ਮਿੱਸਰੀ ਜੀ! ਮੈਂ ਤਾਂ ਕੰਮ ਤੋਂ ਵਿਹਲਾ ਹੋ ਕੇ ਘਰ ਜਾ ਕੇ ਈ ਖਾਂਦਾ ਹੁੰਨਾਂ ਹੈਗਾਂ ਜੀ!"

"ਅਗਰ ਲੇ ਕੇ ਨਹੀਂ ਆਇਆ, ਤਾਂ ਮੇਰੇ ਸੇ ਲੈ-ਲਾ!...ਜਾਹ, ਜਾ ਕੇ ਹੱਥ ਧੋ ਆ!"

"ਨਹੀਂ ਮਿੱਸਰੀ ਜੀ! ਖਾਓ ਤੁਸੀਂ! ਮੈਂ ਘਰ ਜਾ ਕੇ ਈ ਖਾਊਂ!"

"ਤੈਨੂੰ ਪਤੈ! ਘਰ ਸਾਡੇ, ਚਾਹੇ ਕੋਈ ਪਿੰਡੋਂ ਆਉਂਦਾ, ਚਾਹੇ ਬਾਹਰੋਂ ਰੋਟੀ-ਚਾਹ ਤੋਂ ਬਿਨਾ ਨਹੀਂ ਸੀ ਜਾਂਦਾ ਕਦੇ! ਘਰੇ ਹਰ ਟੈਮ ਲੰਗਰ ਲੱਗਿਆ ਰਹਿੰਦਾ ਸੀ!"

ਮਾਰਬਲ ਦੇ ਫਰਸ਼ ਤੇ ਖਿੰਡੇ ਬੂਰ ਦੇ ਪਰਲੇ ਪਾਸੇ ਜਾ ਰਾਮ ਲਖਨ ਨੇ ਦੂਜੀ ਖਿੜਕੀ ਦਾ ਪੱਲਾ ਚੁੱਕ ਲਿਆ।

ਬਾਥਰੂਮ 'ਚੋਂ ਹੱਥ ਧੋ ਕੇ ਨਿਕਲਦਿਆਂ ਤੇਜਾ ਉਸ ਨੂੰ ਪੱਲੇ ਦੀ ਇੱਕ ਬਾਹੀ ਨੂੰ ਦੂਜੀ 'ਚ ਪਾਉਂਦਿਆਂ ਵੇਖਦਾ ਰਿਹਾ। ਉਸ ਨੂੰ ਖਿੜਕੀ ਦੇ ਪੱਲੇ ਨਾਲ ਘੁਲਦਿਆਂ ਵੇਖ ਤੇਜੇ ਨੇ ਉਸ ਕੋਲੋਂ ਝਪੱਟਾ ਮਾਰ ਕੇ ਪੱਲਾ ਫੜ ਲਿਆ, "ਲਿਆ ਉਰ੍ਹਾਂ! ਤੇਰੇ ਵੱਸ ਦਾ ਰੋਗ ਨ੍ਹੀਂ ਏਹ!"

ਪੈਰਾਂ ਭਾਰ ਬੈਠਾ ਰਾਮ ਲਖਨ ਘੁੱਗੂ ਬਣੀਂ ਉਸ ਨੂੰ ਤੇਸੀ ਨਾਲ ਬਾਹੀ ਦੇ ਛਿੱਲੜ ਉਧੇੜਦਿਆਂ ਵੇਖਦਾ ਰਿਹਾ।

"ਤੁਸੀਂ ਲੋਕ ਨ੍ਹਾਂ ਟਕਨੀਕ ਸੇ ਨ੍ਹੀਂ ਚਲਤੇ!...ਐਮੇਂ ਈ ਜਦੋਂ ਲੌਕ-ਡਾਊਨ ਹੋਇਆ, ਤਾਂ ਉੱਠ ਕੇ ਤੁਰ ਪੇ ਪੈਦਲ ਈ! ਦੱਸ! ਸੈਂਕੜੇ ਕਿਲੋਮੀਟਰ ਵਾਟ ਪੈਦਲ ਚਲ

ਕੇ ਕਿਮੇਂ ਤੈਅ ਹੁੰਦੀ ਐ, ਭਲਾਂ ?"

"ਨਹੀਂ, ਮਿੱਸਰੀ ਜੀ ! ਹੋਰ ਅਸੀਂ ਲੋਗ ਕਰਦਾ ਭੀ ਕੀ, ਭਲਾਂ ! ਐਥੇ ਭੁੱਖ ਨਾਲ ਈ ਮਰਨਾ ਸੀਗਾ ! ਏਸ ਤੋਂ ਚੰਗਾ, ਆਪਣੇ ਘਰ ਪਹੁੰਚ ਕੇ ਮਰੋ !"

"ਤੂੰ ਤਾਂ ਕਮਲੀ ਬਾਤੇਂ ਕਰਦੈਂ, ਰਾਮ ਲਖਨ ! ਅਬ ਮੇਰੇ ਕੋ ਦੇਖ ! ਪਟਿਆਲੇ ਦੇ ਬੜੇ ਅਸਪਤਾਲ 'ਚ ਪੈਦਾ ਹੋਇਆ ਸੀ ਮੈਂ !...!" ਉਸ ਨੇ ਤੇਸੀ 'ਤੇ ਹਥੌੜੀ ਮਾਰਨੀ ਬੰਦ ਕਰ ਦਿੱਤੀ। "ਵਧੀਆ ਕੰਮ ਚੱਲ ਪਿਆ ਸੀ ਪਲਾਈਆਂ ਦਾ ! ਪਰ ਨਾਲ ਦਾ ਪਾਟਨਰ ਠੱਗੀ ਮਾਰ ਗਿਆ ! ਪੂਰੇ ਪੰਦਰਾਂ ਲਾਖ ਦੀ ! ਕਿਤਨੇ ਕੀ ?" ਉਸ ਨੇ ਪੱਕਾ ਕਰਨ ਲਈ ਰਾਮ ਲਖਨ ਵੱਲ ਵੇਖਿਆ।

"ਪੰਦਰਾਂ ਲਾਖ ਕੀ।"

"ਹਾਂਅਅ ! ਪੂਰੇ ਪੰਦਰਾਂ ਲਾਖ ਕੀ !" ਦੋਵੇਂ ਹੱਥਾਂ ਦੀਆਂ ਉਂਗਲਾਂ ਖੜ੍ਹੀਆਂ ਕਰਨ ਨਾਲ ਵੀ ਜਦੋਂ ਉਸ ਨੂੰ ਪੰਦਰਾਂ ਪੂਰੇ ਹੁੰਦੇ ਨਾ ਦਿਸੇ ਤਾਂ ਉਸ ਨੇ ਹਥੇਲੀਆਂ ਛੱਡ ਕੇ ਗੱਲ ਅੱਗੇ ਵਧਾਈ। "ਕਯਾ ਕਰਤਾ ?...ਮਰ ਜਾਂਦਾ ?...ਮਸਾਂ-ਮਸਾਂ ਸੁੱਖਾਂ ਸੁੱਖ ਕੇ ਲਿਆ ਥਾ ਮੈਂ !"

ਇੱਕ ਮਿੰਟ ਦੇ ਵਕਫੇ ਤੋਂ ਬਾਅਦ ਵੀ ਜਦੋਂ ਰਾਮ ਲਖਨ ਕੁੱਝ ਨਾ ਬੋਲਿਆ ਤਾਂ ਉਸ ਨੇ ਭਰਵੱਟੇ ਉੱਪਰ-ਹੇਠਾਂ ਹਿਲਾ ਕੇ ਆਪਣੀ ਗੱਲ ਦਾ ਪ੍ਰਭਾਵ ਚੈੱਕ ਕੀਤਾ। ਪਰ ਰਾਮ ਲਖਨ ਉਸ ਵੱਲ ਖਾਲੀ ਅੱਖਾਂ ਨਾਲ ਵੇਖਦਾ ਰਿਹਾ।

"ਅਗਰ ਮਿੱਸਰੀ ਜੀ, ਚਾਏ ਮਿਲ ਜਾਏ ਨਾ...!"

"ਹੁਣ ਕਿੰਨੇ ਸੁਨੇਹੇ ਤਾਂ ਭੇਜ ਚੁੱਕੇ ਹੇਠਾਂ ! ਹਮ ਮਿਸਤਰੀ ਹੈ ਮਿਸਤਰੀ ! ਵਿਹਲ ਨ੍ਹੀਂ ਮਿਲਦੀ ਥੀ ! ਚਾਹਾਂ-ਰੋਟੀਆਂ ਦੀ ਕੋਈ ਕਮੀ ਨ੍ਹੀਂ ਆਤੀ ਥੀ ਹਮੇਂ !

"ਭਾਈ ਸਾਹਬ ! ਆਈ. ਟੀ. ਆਈ. ਸੇ ਪੜ੍ਹਿਆ ਹੋਇਆ ਹੈ ਹਮ !...ਕੋਈ ਨੌਕਰੀ ਨ੍ਹੀਂ ਮਿਲੀ। ਨਾ ਬਾਹਰ ਕਾ ਜੁਗਾੜ ਬਨਯਾ ਕੋਈ ! ਕਯਾ ਕਰਤੇ ! ਮਰ ਜਾਤੇ ?...ਕਰ-ਲੀ ਠੇਕੇਦਾਰੀ ਸ਼ੁਰੂ ! ਏਕ ਕੋਠੀ ਕਾ ਠੇਕਾ ਪੂਰਾ ਹੋਤਾ ਨ੍ਹੀਂ ਥਾ, ਦਸ ਔਰ ਆ ਜਾਤੇ ਥੇ ! ਲੌਕ-ਡਾਊਨ ਸੇ ਪਹਲੇ ਲੋਕ ਮਿੰਨਤਾਂ ਕਰਤੇ ਥੇ ਮੇਰੀਆਂ !

"ਯਹ ਤੋ ਗੁਰਵਾਲੀ ਕਹਿਨੇ ਲੱਗ ਪਈ, ਬਈ, ਬਿਹਲੇ ਬੈਠ ਕੇ ਕਿਆ ਹੋਗਾ ! ਜੈਸਾ ਕਾਮ ਮਿਲਤਾ ਹੈ, ਕਰ ਲੋ !...ਹਮ ਨੇ ਤੋ ਕਭੀ ਦਿਹਾੜੀ ਕੀਤੀ ਹੀ ਨ੍ਹੀਂ ਸੀ !....!

"ਯਹਾਂ ਤੋ, ਮਿੱਸਰੀ ਜੀ, ਕਿਸੀ ਨੇ ਜਾਤ ਭੀ ਨ੍ਹੀਂ ਪੂਛੀ !"

ਤੇਜਾ ਉਸ ਦੀ ਗੱਲ ਦਾ ਜਵਾਬ ਦੇਣ ਲੱਗਿਆ, ਪਰ ਪੌੜੀਆਂ 'ਚ ਕਦਮਾਂ ਦੀ ਅਵਾਜ਼ ਸੁਣ ਮੁੜ ਹਥੌੜੀ ਚਲਾਉਣ ਲੱਗ ਪਿਆ।

ਪੌੜੀਆਂ 'ਚੋਂ ਤੀਹ-ਪੈਂਤੀ ਵਰ੍ਹਿਆਂ ਦੀ ਇੱਕ ਔਰਤ ਪ੍ਰਗਟ ਹੋਈ। ਉਸ ਨੇ ਮੂੰਹ ਤੇ ਨੱਕ ਦੁਆਲੇ ਚੁੰਨੀ ਲਪੇਟੀ ਹੋਈ ਸੀ। ਚੁੰਨੀ ਦੀ ਸਥਿਤੀ ਨੂੰ ਹੋਰ ਪੱਕਾ ਕਰਨ



ਲਈ ਉਸ ਨੇ ਅੱਗੇ ਹੱਥ ਰੱਖਿਆ ਹੋਇਆ ਸੀ।

ਕਮਰੇ 'ਚ ਵੜਦਿਆਂ ਹੀ ਉਹ ਉਹਨਾਂ ਦੋਹਾਂ ਕੋਲੋਂ ਆਪਣਾ-ਆਪ ਬਚਾਉਂਦੀ ਹੋਈ ਬਾਲਕੋਨੀ 'ਚ ਚਲੀ ਗਈ।

ਉਸ ਨੂੰ ਵਾਪਸ ਆਉਂਦਿਆਂ ਵੇਖ ਤੇਜੇ ਨੇ ਰਾਮ ਲਖਨ ਨੂੰ ਕੂਹਣੀ ਮਾਰੀ।

"ਮੈਡਮ ਜੀ ! ਚਾਏ ਭੇਜ ਦੋ, ਦੋ ਕੱਪ !"

ਔਰਤ ਨੇ ਦੂਰੋਂ ਹੀ ਰਾਮ ਲਖਨ ਵੱਲ ਰੁਕ ਕੇ ਵੇਖਿਆ, ਤੇ ਵਗੈਰ ਕੋਈ ਜਵਾਬ ਦਿੱਤਿਆਂ ਪੌੜੀਆਂ ਵੱਲ ਚਲੀ ਗਈ।

"ਰਾਮ ਲਖਨ ! ਚਾਹ ਤਾਂ ਪੀਤੀ ਸੀ, ਬਈ ਮੈਂ ਇੱਕ ਜਗ੍ਹਾ !...ਸਾਡੇ ਪਿੰਡ ਦਾ ਮੁੰਡਾ ਤਸੀਲਦਾਰ ਲੱਗਿਆ ਹੋਇਆ ਸੀ। ਕੋਠੀ ਬਣਦੀ ਸੀ ਓਹਦੀ !...ਉਹ ਕਹੇ ਮੈਂ ਕੋਠੀ ਦਾ ਸਾਰਾ ਕੰਮ ਕਰੌਣਾ ਈ ਤੇਰੇ ਤੋਂ ਐ ! ਤੇ ਮੇਰੇ ਕੋਲ ਟੈਮ ਨ੍ਹਾਂ ! ਪਰ ਪਿੰਡ ਦੀ ਲਿਹਾਜ ਪਗੌਣੀ ਪਈ !...ਤੂੰ ਦੇਖ ਲੈ, ਬਈ, ਚਾਹ ਦੀ ਛਬੀਲ ਈ ਲਾ-'ਤੀ ਉਹਨਾਂ ਨੇ ! ਅਰ, ਚਾਹ ਵੀ ਸੁਆਦ ਏਨੀ ਬਈ, ਤੂੰ ਪੀਤੀ ਨ੍ਹੀਂ ਹੋਣੀ ਕਦੇ !"

"ਮਿੱਸਰੀ ! ਤਸੀਲਦਾਰ ਕੇ ਸਾਥ ਹੈਗੀ ਥੋਡੀ ?"

"ਤਸੀਲਦਾਰ !?...ਮੈਂ ਕਿਹਾ, ਬੜੇ-ਬੜੇ ਅਫਸਰਾਂ ਦੀਆਂ ਕੋਠੀਆਂ 'ਚ ਕੰਮ ਕੀਤੈ ਮੈਂ !...ਆਹ ਤਾਂ ਕਰੋਨੇ ਨੇ ਮਾਰ ਲੇ ! ਨਹੀਂ ਤਾਂ, ਮੈਂ ਕਿੱਥੋਂ ਇੱਕਾ-ਦੁੱਕਾ ਕਮਰੇ ਦਾ ਕੰਮ ਫੜਦਾ ਸੀ ਭਲਾਂ !"

ਕੁੱਝ ਸਮਾਂ ਲੰਘਣ ਤੋਂ ਬਾਅਦ ਔਜ਼ਾਰਾਂ ਦੀ ਠੱਕ-ਠੱਕ ਦੌਰਾਨ ਤੇਜੇ ਨੂੰ ਇਕਦਮ ਫੇਰ ਚੇਤੇ ਆਇਆ, "ਰਾਮ ਲਖਨ, ਚਾਹ ਨ੍ਹੀਂ ਆਈ, ਜਾਰ !"

"ਹੋਰ ਮਿੱਸਰੀ ਜੀ ! ਮੇਰਾ ਤਾਂ ਆਪ ਸ਼ਰੀਰ ਟੁੱਟਦਾ ਪਿਆ ਹੈਗਾ !"

ਕੁੱਝ ਸਮਾਂ ਹੋਰ ਲੰਘਣ ਤੋਂ ਬਾਅਦ ਜਦੋਂ ਪੌੜੀਆਂ 'ਚ ਕਦਮਾਂ ਦੀ ਅਵਾਜ਼ ਸੁਣਾਈ ਦਿੱਤੀ, ਤਾਂ ਔਜ਼ਾਰਾਂ 'ਤੇ ਚਲਦੇ ਹੱਥ ਹੋਰ ਤੇਜ਼ ਹੋ ਗਏ।

ਦੋਹਾਂ ਨੂੰ ਖਾਲੀ ਹੱਥ ਪ੍ਰਗਟ ਹੋਇਆ ਤੀਹ-ਪੈਂਤੀ ਸਾਲਾਂ ਦਾ ਆਦਮੀ ਦਿਖਾਈ ਦਿੱਤਾ। ਮਾਸਕ ਵਾਲੇ ਚਿਹਰੇ ਨੂੰ ਧਿਆਨ ਨਾਲ ਵੇਖਣ ਤੇ ਤੇਜੇ ਨੂੰ ਸਮਝ ਲੱਗੀ ਕਿ ਉਹ ਘਰ ਦਾ ਮਾਲਕ ਸੀ।

"ਹੋਰ, ਕਿਮੇਂ ਚੱਲ ਰਿਹੈ ਕੰਮ ?" ਵਿਅਕਤੀ ਨੇ ਦੂਰੋਂ ਖੜ੍ਹਿਆਂ ਹੀ ਪੁੱਛਿਆ।

"ਕੰਮ ਤਾਂ ਠੀਕ ਐ, ਬਾਊ ਜੀ ! ਪਰ ਚਾਹ ਤਾਂ ਪਲਾ ਦਿਓ !" ਤੇਜਾ ਬੋਲਿਆ।

ਨਾਲ ਹੀ ਰਾਮ ਲਖਨ ਨੇ ਵੀ ਹਾਮੀ ਭਰੀ, "ਕਿਤਨੀ ਬਾਰ ਸੁਨੇਹਾ ਭੇਜਿਆ ਹੈਗਾ, ਪਰ ਚਾਹ ਨ੍ਹੀਂ ਆਈ ਅਭੀ ਤੱਕ !"

"ਚਾਹ ਤਾਂ, ਯਾਰ, ਥੋਨੂੰ ਪਤਾ ਈ ਐ...," ਵਿਅਕਤੀ ਕੁੱਝ ਝਿਜਕਿਆ, "ਕੋਵਿਡ ਚੱਲ ਰਿਹੈ !"

ਫਿਰ ਜਿਵੇਂ ਉਸ ਨੂੰ ਕੱਝ ਫੁਰਨਾ ਫੁਰਿਆ ਹੋਵੇ, "ਚਾਹ-ਚੂਹ ਤਾਂ ਤੁਸੀਂ

ਆਪਣੇ ਘਰੋਂ ਲੈ ਆਇਆ ਕਰੋ!"

ਤੇਜਾ ਤੇ ਰਾਮ ਲਖਨ ਉਸ ਵੱਲ ਬਿੱਟ-ਬਿੱਟ ਵੇਖਦੇ ਰਹਿ ਗਏ। ਤੇਜੇ ਨੇ ਸੰਦ ਛੱਡ ਕੇ ਜਿਵੇਂ ਮੋਰਚਾ ਸੰਭਾਲਿਆ ਹੋਵੇ, "ਬਾਊ! ਤੇਰੀ ਚਾਹ ਨਾਲ ਕਿਹੜਾ ਕਰੋਨਾ ਹੋਣ ਲੱਗਿਐ, ਭਲਾਂ?"

"ਗੱਲ ਮਿਸਤਰੀ ਇਹ ਨ੍ਹੀਂ...!" ਵਿਅਕਤੀ ਨੇ ਗੱਲ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਪਰ ਤੇਜੇ ਦਾ ਸੁਰ ਹੋਰ ਉੱਚਾ ਹੋ ਗਿਆ। "ਤੂੰ ਸਾਡੇ ਘਰ ਆਈਂ ਕਦੇ! ਜੇ ਤੈਨੂੰ ਚਾਹ-ਰੋਟੀ ਨਾਲ ਨਾਂਹ ਰਜਾ 'ਤਾ! ਚਾਹੇ ਮਹੀਨਾ ਬੈਠਾ ਰਹੀਂ! ਕਰੋਨਾ 'ਚ ਲੰਗਰ ਚਲਦਾ ਰਿਹੈ ਘਰ ਸਾਡੇ! ਆਹ, ਜਿਹੜੇ ਗਰੀਬ (ਉਸ ਨੇ ਰਾਮ ਲਖਨ ਵੱਲ ਇਸ਼ਾਰਾ ਕੀਤਾ) ਥੋਡੇ ਅਰਗਿਆਂ ਨੇ ਕੱਢ 'ਤੇ ਸੀ, ਅਸੀਂ ਈ ਸਾਂਭੇ ਨੇ!....!" ਬੋਲਦਿਆਂ ਤੇਜਾ ਸੰਦਾਂ ਵੱਲ ਤੁਰ ਪਿਆ।

"ਕਿਸੇ ਹੋਰ ਤੋਂ ਕਰਵਾ-ਲੀਂ ਕੰਮ ਆਪਣਾ!" ਕਹਿੰਦਿਆਂ ਉਹ ਇੱਕ-ਇੱਕ ਕਰਕੇ ਔਜ਼ਾਰ ਥੈਲੇ 'ਚ ਪਾਉਣ ਲੱਗ ਪਿਆ।

ਜਦੋਂ ਉਹ ਬਾਬੂ ਕੋਲੋਂ ਲੰਘਣ ਲੱਗਿਆ, ਤਾਂ ਮੂਕ ਖੜ੍ਹਾ ਬਾਬੂ ਉਸ ਤੋਂ ਸਮਾਜਿਕ ਦੂਰੀ ਬਣਾਉਣੀ ਭੁੱਲ ਗਿਆ।

ਪੌੜੀਆਂ ਉੱਤਰਦਿਆਂ ਤੇਜਾ ਪਿੱਛੇ ਵੱਲ ਮੁੜ ਕੇ ਝਾਕਿਆ। ਉਸ ਦੀਆਂ ਲਾਲ ਅੱਖਾਂ ਵੇਖ ਕੇ ਬਾਬੂ ਦੋ ਕਦਮ ਹੋਰ ਪਿੱਛੇ ਹੋ ਗਿਆ।

"ਤੇਜ ਪ੍ਰਤਾਪ ਸਿਹੁੰ ਨੌਂ ਐ ਮੇਰਾ! ਐਨੀ ਕੁ ਦਿਹਾੜੀ 'ਤੇ ਤਾਂ ਮੈਂ ਕਦੇ ਉਈਂ ਨ੍ਹੀਂ ਸੀ ਕੰਮ ਕੀਤਾ!" ਦੋ ਪੌੜੀਆਂ ਹੋਰ ਉੱਤਰ ਕੇ ਉਸ ਨੇ ਦੁਬਾਰਾ ਚਿਹਰਾ ਪਿੱਛੇ ਘੁਮਾਇਆ, "ਪਟਿਆਲ਼ੇ ਦੇ ਬੜੇ ਅਸਪਤਾਲ 'ਚ ਜਨਮ ਹੋਇਆ ਐ ਮੇਰਾ!"

*****



# ਤਿੰਨ ਚਿਹਰੇ

ਉਸ ਨੇ ਚਿਹਰਾ ਚੁੱਕ ਕੇ ਵੇਖਿਆ। ਅਸਿਸਟੈਂਟ ਉਸ ਦੇ ਮੇਜ਼ ਅੱਗੇ ਪ੍ਰਸ਼ਨ-ਚਿੰਨ੍ਹ ਬਣਿਆ ਖੜ੍ਹਾ ਸੀ।

ਸਾਹਮਣੇ ਪਈਆਂ ਕੁਰਸੀਆਂ ਖਾਲੀ ਸਨ। ਮਿਲਣ ਵਾਲੇ ਸਾਰੇ ਜਾ ਚੁੱਕੇ ਸਨ।

ਉਸ ਨੇ ਟੇਬਲ ਸਟੈਂਡ 'ਤੇ ਪਈ ਅਰਜ਼ੀ ਵੱਲ ਵੇਖਿਆ। ਹੇਠਲਾ ਨਾਂ ਦੁਬਾਰਾ ਪੜ੍ਹਿਆ।

ਨਾਮ....? ਸੋਚਦਿਆਂ ਉਸ ਦੀ ਨਜ਼ਰ ਕੰਧ 'ਤੇ ਪਈ।

ਉਸ ਦੇ ਮਨ ਦਾ ਇੱਕ ਕੋਨਾ ਇੰਨੇ ਸਾਲਾਂ ਤੋਂ ਉਸੇ ਪਲ ਦੀ ਉਡੀਕ ਕਰ ਰਿਹਾ ਸੀ। ਪਰ ਪਹਿਲਾਂ ਵੀ ਉਸ ਨੂੰ ਕਈ ਵਾਰ ਉਹਨਾਂ 'ਚੋਂ ਕਿਸੇ ਇੱਕ ਦਾ ਝਲਕਾਰਾ ਪਿਆ ਸੀ। ਉਹ ਫੈਸਲਾ ਨਹੀਂ ਸੀ ਕਰ ਸਕਿਆ-ਕੀ ਇਹ ਉਹੋ ਹੀ ਸੀ ਜਾਂ ਉਸ ਨੂੰ ਭੁਲੇਖਾ ਲੱਗਿਆ ਸੀ?

ਕਰੀਮ ਰੰਗ ਦਾ ਸੂਤੀ ਸੂਟ ਤੇ ਪੈਰੀਂ ਸਪੋਰਟਸ ਸ਼ੂਜ਼-ਉਸ ਨੂੰ ਪਹਿਲੀ ਨਜ਼ਰੇ ਇਹ ਤਾਂ ਪਤਾ ਲੱਗ ਗਿਆ ਸੀ ਕਿ ਉਹ ਕੋਈ ਮਾਸਟਰਨੀ ਸੀ। ਉਸ ਦੇ ਦਿਮਾਗ਼ ਵਿੱਚ ਘੰਟੀ ਵੀ ਵੱਜੀ ਸੀ-ਚੋਣ ਡਿਊਟੀ ਕਟਵਾਉਣ ਲਈ ਕਹੇਗੀ!

ਜਦੋਂ ਤੋਂ ਉਸ ਨੇ ਸਰਵਿਸ ਜੁਆਇਨ ਕੀਤੀ ਸੀ, ਉਹ ਔਰਤਾਂ ਦੇ ਚਿਹਰੇ ਪਛਾਣਨ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ। ਦਿਮਾਗ਼ 'ਤੇ ਜ਼ੋਰ ਪਾਉਂਦਾ। ਕਈ ਵਾਰ ਉਸ ਨੂੰ ਬਾਅਦ ਵਿੱਚ ਪਛਤਾਵਾ ਵੀ ਹੁੰਦਾ ਕਿ ਉਹ ਦਫ਼ਤਰ ਆਈ ਕਿਸੇ ਔਰਤ ਨੂੰ ਕਿੰਨੀ ਦੇਰ ਤੱਕਦਾ ਰਿਹਾ ਸੀ।

ਜਦੋਂ ਉਸ ਨੇ ਉਸ ਨੂੰ ਦਫ਼ਤਰ ਅੰਦਰ ਪੈਰ ਧਰਦਿਆਂ ਵੇਖਿਆ ਸੀ, ਤਾਂ ਉਸ ਦੀਆਂ ਅੱਖਾਂ ਥਾਏਂ ਟਿਕ ਗਈਆ ਸਨ। ਕੀ ਇਹ ਉਹੋ ਹੀ ਸੀ? ਉਸ ਦਾ ਧਿਆਨ ਉਸ ਦੇ ਸਿਰ ਵੱਲ ਗਿਆ। ਕਾਲੇ ਵਾਲਾਂ ਵਿੱਚ ਫੈਲੇ ਬੱਗੇ ਵਾਲ। ਉਸ ਨੂੰ ਆਪਣੀ ਦਾੜ੍ਹੀ ਦੇ ਕੋਨਿਆਂ 'ਤੇ ਉੱਗੇ ਚਿੱਟੇ ਵਾਲ ਚੁਭੇ।

ਹੁਣ ਵੀ ਕਦੇ-ਕਦਾਈਂ ਪੂਰਾ ਨਜ਼ਾਰਾ ਉਸ ਦੀਆਂ ਅੱਖਾਂ ਅੱਗੇ ਸਾਕਾਰ ਹੋ ਜਾਂਦਾ ਸੀ। ਤਿੰਨਾਂ ਵਿੱਚੋਂ ਇੱਕ ਕੁੜੀ ਉਸ ਦੀ ਮੇਜ਼ ਅੱਗੇ ਵਿਲਕਦੀ ਹੋਈ, "ਮੇਰੇ ਪਤੀ ਨੂੰ ਬਚਾ ਲਓ! ਮੈਨੂੰ ਥੋਡੀ ਕਾਬਲੀਅਤ ਦਾ ਨ੍ਹੀਂ ਸੀ ਪਤਾ! ਮੇਰੇ ਕੋਲੋਂ ਉਸ ਦਿਨ ਗਲਤੀ

ਹੋ-ਗੀ!" ਉਸ ਦੀਆਂ ਬਾਕੀ ਦੋ ਸਹੇਲੀਆਂ ਉਸ ਦੇ ਪਿੱਛੇ ਖੜ੍ਹੀਆਂ ਹੋਈਆਂ!

ਜੇ ਉਹ ਆਈ.ਏ.ਐਸ. ਕਰ ਗਿਆ ਹੁੰਦਾ ਤਾਂ ਹੁਣ ਤੱਕ ਡੀ.ਸੀ. ... ਸਗੋਂ ਹੁਣ ਤੱਕ ਸੈਕਟਰੀ ਬਣ ਗਿਆ ਹੁੰਦਾ!

ਉਸ ਨੂੰ ਤਿੰਨੋ ਚਿਹਰੇ ਯਾਦ ਸਨ! ਉਸ ਨੂੰ ਉਸ ਦਿਨ ਦਾ ਪੂਰਾ ਨਜ਼ਾਰਾ ਵੀ ਯਾਦ ਸੀ। ਕਿਤਾਬਾਂ ਦੀ ਦੁਕਾਨ। ਉਹ ਕਾਊਂਟਰ ਦੇ ਬਾਹਰਲੇ ਸਿਰੇ 'ਤੇ ਨਤੀਜਾ ਵੇਖ ਰਿਹਾ ਸੀ। ਉਹ ਤਿੰਨੋ ਕਾਊਂਟਰ ਦੇ ਅੰਦਰਲੇ ਸਿਰੇ 'ਤੇ ਖੜ੍ਹੀਆਂ ਗੱਲਾਂ ਕਰ ਰਹੀਆਂ ਸਨ- ਸ਼ਾਇਦ ਉਹ ਆਪਣਾ ਨਤੀਜਾ ਵੇਖ ਚੁੱਕੀਆਂ ਸਨ।

ਦੁਕਾਨਦਾਰ ਨੇ ਗਜ਼ਟ ਵਿੱਚ ਉਸ ਦੇ ਰੋਲ ਨੰਬਰ ਅੱਗੇ ਉਂਗਲ ਰੱਖੀ ਸੀ। ਨੰਬਰ ਸੁਣ ਕੇ ਉਸ ਦੇ ਦਿਲ ਨੂੰ ਡੋਬੂ ਪਿਆ ਸੀ।ਅੰਦਰੋਂ ਕੁੜੀਆਂ ਦਾ ਠਹਾਕਾ ਗੂੰਜਿਆ ਸੀ। ਉਸ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ ਸੀ। ਜਿਵੇਂ ਕਲਾਸ ਵਿੱਚ ਸਭ ਦੇ ਸਾਹਮਣੇ ਉਸ ਦੀ ਪੈਂਟ ਖੁੱਲ੍ਹ ਕੇ ਡਿੱਗ ਪਈ ਹੋਵੇ!

ਗਜ਼ਟ ਵਿੱਚੋਂ ਉਸ ਨੂੰ ਕੁੱਝ ਨਹੀਂ ਸੀ ਦਿਸ ਰਿਹਾ। ਕੀ ਉਹ ਉਸੇ ਵੇਲੇ ਉਥੋਂ ਭੱਜ ਲਿਆ ਸੀ, ਜਾਂ ਉਸ ਦਾ ਭੱਜਣ ਨੂੰ ਸਿਰਫ ਮਨ ਕੀਤਾ ਸੀ? ਉਹ ਕਦੋਂ ਘਰ ਪੁੱਜਿਆ ਸੀ? ਉਸ ਨੂੰ ਕੁੱਝ ਯਾਦ ਨਹੀਂ।ਉਸ ਨੂੰ ਸਿਰਫ ਤਿੰਨ ਗੋਰੇ ਚਿਹਰੇ ਯਾਦ ਸਨ- ਠਹਾਕਾ ਮਾਰ ਕੇ ਹੱਸਦੇ ਹੋਏ!

ਉਹਨਾਂ ਦੇ ਚਿਹਰਿਆਂ ਨੇ ਉਸ ਦੀ ਕਈ ਰਾਤਾਂ ਦੀ ਨੀਂਦ ਹਰਾਮ ਕੀਤੀ ਸੀ। ਤਿੰਨ ਗੋਰੇ ਚਿਹਰੇ-ਹੱਸਦੇ ਹੋਏ-ਤੇ ਉਸ ਦੀ ਅੱਖ ਖੁੱਲ੍ਹ ਜਾਂਦੀ ਸੀ। ਦਿਲ ਤੇਜ਼ੀ ਨਾਲ ਧੜਕ ਰਿਹਾ ਹੁੰਦਾ ਸੀ।

ਸਵੇਰੇ ਛਾਤੀ ਦਾ ਬੋਝ ਕੁਝ ਘਟਿਆ ਮਹਿਸੂਸ ਹੁੰਦਾ।ਮੂੰਹ ਧੋਣ ਤੋਂ ਚਾਹ ਪੀਣ ਤੱਕ ਉਸ ਦਾ ਮਨ ਉਸ ਦੇ ਕੰਨ ਵਿੱਚ ਫੂਕ ਮਾਰ ਜਾਂਦਾ, "ਤੈਨੂੰ ਚਿੰਤਾ ਐ ਕੋਈ!" ਤੇ ਉਹੋ ਹੀ ਤਿੰਨ ਚਿਹਰੇ...! ਉਸ ਦੇ ਦਿਲ ਨੂੰ ਡੋਬੂ ਪੈਣ ਲੱਗਦੇ।

ਉਸ ਦੀਆਂ ਅੱਖਾਂ ਕੋਈ ਰੱਸਾ ਭਾਲਦੀਆਂ। ਸਰੀਰ ਪੱਖੇ ਨਾਲ ਝੂਲ ਜਾਣਾ ਚਾਹੁੰਦਾ। ਤਿੰਨੋ ਚਿਹਰੇ ਹੱਸਦੇ ਰਹਿੰਦੇ!

"ਤਾਂ ਕੀ ਹੋ ਗਿਆ! ਨੰਬਰ ਈ ਘੱਟ ਆਏ ਨੇ! ਫੇਲ੍ਹ ਤਾਂ ਨ੍ਹੀਂ ਹੋ ਗਿਆ!" ਡੈਡੀ ਨੇ ਕਈ ਵਾਰ ਕਿਹਾ ਸੀ।

"ਪਰ ਇੰਨੇ ਘੱਟ ਨੰਬਰ?"

"ਫੇਰ ਕੀ ਹੋਇਆ! ਨਾੱਨ-ਮੈਡੀਕਲ ਦੀ ਪੜ੍ਹਾਈ ਔਖੀ ਐ ਥੋੜ੍ਹੀ ਜਿਹੀ! ਦਸਵੀਂ ਤੱਕ ਤਾਂ ਤੂੰ ਕਲਾਸ 'ਚੋਂ ਫਸਟ ਈ ਆਉਂਦਾ ਰਿਹੈਂ!"

ਕਈ ਵਾਰ ਉਹ ਸੈਕੰਡ ਵੀ ਆਇਆ ਸੀ। ਪਰ ਕੁੜੀਆਂ ਦਾ ਹਾਸਾ!

ਸ਼ਾਇਦ ਛੇਵੀਂ 'ਚ ਸੀ ਉਦੋਂ ਉਹ...!

"ਕੋਈ ਨ੍ਹੀਂ! ਜੇ ਨਿੱਕਰ ਨ੍ਹੀਂ ਲਿਆਇਆ, ਤਾਂ ਵੀ ਕੀ ਐ? ਬਾਕੀ ਨਿਆਣੇ



ਵੀ ਆਏਂ ਈ ਨਹਾ ਰਹੇ ਨੇ! ਤੂੰ ਵੀ ਜਾ ਵੜ!" ਭੂਆ ਦੇ ਆਖਣ 'ਤੇ ਉਹ ਪੈਂਟ ਲਾਹ ਕੇ ਮੀਂਹ 'ਚ ਵੜ ਗਿਆ ਸੀ। ਵਿਹੜੇ 'ਚੋਂ ਲੰਘਦਿਆਂ ਭੂਆ ਦੀ ਗੁਆਂਢਣ ਨੇ ਉਸ ਵੱਲ ਵੇਖ ਕੇ ਦੰਦ ਕੱਢੇ ਸਨ।

ਉਸ ਨੇ ਸੌਣ ਲੱਗਿਆਂ ਕਿੰਨੀ ਵਾਰ ਅੱਖਾਂ ਬੰਦ ਕਰਕੇ ਗੁਆਂਢਣ ਦੇ ਦੰਦਾਂ 'ਤੇ ਮੁੱਕਾ ਮਾਰਿਆ ਸੀ!

ਪਰ ਇਹਨਾਂ ਤਿੰਨ ਹਾਸਿਆਂ ਦਾ ਛਣਕਾਟਾ। ਜਿਵੇਂ ਉਸ ਦੇ ਸਕੂਲ ਵਾਲੇ ਚਪੜਾਸੀ ਨੇ ਘੰਟੀ ਦੀ ਥਾਂ ਹਥੌੜਾ ਤਿੰਨ ਵਾਰ ਉਸ ਦੇ ਸਿਰ ਵਿੱਚ ਮਾਰਿਆ ਹੋਵੇ!

ਇੰਜਨੀਅਰਿੰਗ ਕਾਲਜ।ਹੋਸਟਲ ਵਿੱਚ ਸੀਨੀਅਰ ਦਾ ਉਹ ਕਮਰਾ।ਸੀਨੀਅਰ ਮੁੰਡੇ ਦੇ ਵਾਲ ਖਿੱਲਰੇ ਹੋਏ। "ਲਾਸਟ ਟਰਾਈ ਐ ਮੇਰੀ ਯੂ. ਪੀ. ਐਸ. ਸੀ. ਦੀ! ਜੇ ਕਲੀਅਰ ਹੋ ਗਿਆ ਤਾਂ ਠੀਕ ...!" ਸੀਨੀਅਰ ਉਸ ਨੂੰ ਕਹਿ ਰਿਹਾ ਸੀ।

ਹੋਸਟਲ-ਨਾਈਟ ਦੌਰਾਨ ਉਹੋ ਹੀ ਸੀਨੀਅਰ ਉਸ ਨੂੰ ਕਹਿ ਰਿਹਾ ਸੀ, "ਹੋ ਸਕਦੈ ਮੈਨੂੰ ਆਈ. ਪੀ. ਐਸ. ਮਿਲ ਜਾਵੇ! ਨਹੀਂ ਫਿਰ, ਆਈ. ਆਰ. ਐਸ. ਤਾਂ ਪੱਕੀ ਹੈ ਹੀ!"

ਸੁਣ ਕੇ ਉਸ ਦੀਆਂ ਅੱਖਾਂ ਅੱਗੇ ਇੱਕ ਤਸਵੀਰ ਸਾਕਾਰ ਹੋਈ-ਉਹਨਾਂ 'ਚੋਂ ਇੱਕ ਕੁੜੀ ਦੇ ਇਲਾਕੇ ਵਿੱਚ ਉਹ ਡੀ.ਸੀ.। ਉਹ ਕੁੜੀ ਉਸ ਦੇ ਦਫ਼ਤਰ ਅੰਦਰ ਹਾੜ੍ਹੇ ਕੱਢਦੀ ਹੋਈ, "ਮੇਰੇ ਪਤੀ ਨੂੰ ਛੱਡ ਦਿਉ! ਥੋਨੂੰ ਰੱਬ ਦਾ ਵਾਸਤਾ! ਮੇਰੇ ਨਾਲ ਪੜ੍ਹੇ ਹੋਣ ਦਾ ਲਿਹਾਜ਼ ਕਰੋ!" ਤੇ ਉਹ ਫੋਨ ਕੰਨ ਨਾਲ ਲਾਉਂਦਾ ਹੋਇਆ। "ਐਸ. ਐਸ. ਪੀ. ਨਾਲ ਗੱਲ ਕਰਵਾਉ ਮੇਰੀ।"

ਉਹ ਜਨਰਲ ਸਟੱਡੀਜ਼ ਦੀ ਕਿਤਾਬ ਚੁੱਕਦਾ ਤਾਂ ਉਸ ਦਾ ਅੰਦਰ ਮਿਠਾਸ ਨਾਲ ਭਰ ਜਾਂਦਾ। ਉਸ ਦੀਆਂ ਅੱਖਾਂ ਸਾਹਮਣੇ ਤਿੰਨ ਕਿਰਪਾਨਾਂ ਸਾਣ੍ਹ 'ਤੇ ਤੇਜ਼ ਹੋ ਰਹੀਆਂ ਹੁੰਦੀਆਂ!

ਯੂ. ਪੀ. ਐਸ. ਸੀ. ਦੀ ਪ੍ਰੀਲਿਮਨਰੀ ਪ੍ਰੀਖਿਆ ਦਾ ਨਤੀਜਾ ਵੇਖਣ ਤੋਂ ਬਾਅਦ ਉਸ ਨੇ ਕੰਪਿਊਟਰ ਦੁਆਲੇ ਨਜ਼ਰ ਮਾਰੀ। ਉਹਨਾਂ ਤਿੰਨ੍ਹਾਂ ਵਿੱਚੋਂ ਉਥੇ ਕੋਈ ਵੀ ਨਹੀਂ ਸੀ।

ਮੇਨ ਦੇ ਨਤੀਜੇ ਵੇਲੇ ਉਸ ਨੂੰ ਲਿਸਟ ਵਿੱਚ ਆਪਣਾ ਰੋਲ ਨੰਬਰ ਨਾ ਦਿਸਿਆ। ਉਹੋ ਹੀ ਤਿੰਨੇ ਚਿਹਰੇ ਕੰਪਿਊਟਰ ਦੇ ਮੋਨਿਟਰ ਉੱਪਰੋਂ ਠਹਾਕਾ ਮਾਰ ਕੇ ਹੱਸੇ।

ਕੁੱਝ ਦਿਨਾਂ ਬਾਅਦ ਉਸ ਨੇ ਕਿਤਾਬ ਚੁੱਕੀ। ਪੰਨਿਆਂ 'ਤੇ ਅੱਖਾਂ ਜੰਮ ਨਹੀਂ ਰਹੀਆਂ ਸਨ। ਉਸ ਨੇ ਚੈਪਟਰ ਪੜ੍ਹਿਆ। ਕਿਤਾਬ ਰੱਖ ਦਿੱਤੀ। ਦੂਜੀ ਕਿਤਾਬ ਦਾ ਚੈਪਟਰ ਪੜ੍ਹਿਆ। ਫਿਰ ਤੀਜੀ ਦਾ... ਫਿਰ ਅਗਲੀ...। ਤਿੱਖੀਆਂ ਤਲਵਾਰਾਂ ਫਿਰ ਚਮਕਣ ਲੱਗੀਆਂ!

ਉਸ ਨੇ ਪ੍ਰੀਲਿਮਨਰੀ ਪ੍ਰੀਖਿਆ ਦਾ ਨਤੀਜਾ ਵੇਖਣ ਲਈ ਕੰਪਿਊਟਰ ਖੋਲ੍ਹਿਆ।

ਸੂਚੀ ਵਿੱਚ ਉਸ ਦਾ ਰੋਲ ਨੰਬਰ ਨਹੀਂ ਦਿਸਿਆ। "ਅਸੀਂ ਤਾਂ ਵਿਆਹੀਆ ਵੀ ਗਈਆਂ! ਤੂੰ ਦੱਸ, ਕਦੋਂ ਡੀ. ਸੀ. ਲੱਗਣੈ! ਲੱਗੇਂਗਾ ਵੀ... ?..." ਤਿੰਨ ਧੁੰਦਲੇ ਚਿਹਰੇ ਮੋਨੀਟਰ ਉੱਪਰੋਂ ਹੱਸਦੇ ਹੋਏ ਝਾਕ ਰਹੇ ਸਨ।

ਉਸ ਦੀਆਂ ਅੱਖਾਂ ਵਿੱਚੋਂ ਅੱਥਰੂ ਟਪਕੇ। "ਕਦੋਂ ਕਲੀਅਰ ਹੋਊ ਮੇਰਾ ਟੈਸਟ? ਵਾਹਿਗੁਰੂ!"

ਉਸ ਨੇ ਫਿਰ ਕਿਤਾਬਾਂ ਚੁੱਕੀਆਂ। ਅੱਖਾਂ ਅੱਗੇ ਕੋਈ ਨਜ਼ਾਰਾ ਨਾ ਬਣਿਆ। ਛਾਤੀ ਅੰਦਰ ਖਿੱਚਿਆ ਸਾਹ ਹੇਠਾਂ ਡਿੱਗ ਪਿਆ।

ਉਸ ਨੇ ਸ਼ੀਸ਼ੇ ਵਿੱਚ ਆਪਣਾ ਚਿਹਰਾ ਵੇਖਿਆ। ਵਧੀ ਹੋਈ ਦਾੜ੍ਹੀ ਤੇ ਖਿੱਲਰੇ ਵਾਲ।

ਉਸ ਨੇ ਕਿਤਾਬ ਦਾ ਮੋੜਿਆ ਹੋਇਆ ਪੰਨਾ ਖੋਲ੍ਹਿਆ। ਅੱਖਰ ਚੁਗਣੇ ਸ਼ੁਰੂ ਕੀਤੇ। ਅੰਦਰ ਹੁਲਾਰਾ ਆਉਣ ਲੱਗਿਆ। ਤਲਵਾਰਾਂ ਤੇਜ਼ ਹੁੰਦੀਆਂ ਦਿਸੀਆਂ। ਅੱਖਾਂ ਅੱਗੇ ਨਜ਼ਾਰਾ ਸਾਕਾਰ ਹੋਣ ਲੱਗਿਆ। ਉਹ ਡੀ.ਸੀ. ਦੀ ਕੁਰਸੀ 'ਤੇ! ਉਹਨਾਂ 'ਚੋਂ ਇੱਕ ਕੁੜੀ ਉਸ ਦੇ ਮੇਜ਼ ਦੇ ਦੂਜੇ ਪਾਸੇ...!

ਉਸ ਨੇ ਪੀ. ਸੀ. ਐਸ. ਦਾ ਨਤੀਜਾ ਵੇਖਿਆ। ਉਸ ਦਾ ਰੋਲ ਨੰਬਰ ਸੂਚੀ 'ਚ ਅੱਠਵੇਂ ਨੰਬਰ 'ਤੇ ਚਮਕ ਰਿਹਾ ਸੀ। ਉਸ ਦੇ ਢਿੱਡ ਵਿੱਚੋਂ ਇੱਕ ਫੁਹਾਰਾ ਉੱਠਿਆ ਤੇ ਸਾਰੇ ਸਰੀਰ ਵਿੱਚ ਫੈਲ ਗਿਆ। ਉਸ ਨੇ ਕੰਪਿਊਟਰ ਦੁਆਲੇ ਨਜ਼ਰ ਦੌੜਾਈ। ਉਹਨਾਂ ਤਿੰਨਾਂ ਵਿੱਚੋਂ ਉਥੇ ਕੋਈ ਵੀ ਨਹੀਂ ਸੀ!

"ਸਰ! ਮੇਰਾ ਬੇਟਾ ਹੈਂਡੀਕੈਪਟ ਐ। ਮੇਰੀ ਡਿਊਟੀ ਕੱਟ ਦਿਉ, ਪਲੀਜ਼!" ਔਰਤ ਦੀ ਤਰਲੇ ਭਰੀ ਅਵਾਜ਼ ਨੇ ਉਸ ਦੇ ਖਿਆਲਾਂ ਦੀ ਲੜੀ ਨੂੰ ਵਿੱਚੋਂ ਕੱਟ ਦਿੱਤਾ ਸੀ।

ਉਹ ਪੁੱਛਣਾ ਚਾਹੁੰਦਾ ਸੀ, "ਤੇਰੀਆਂ ਬਾਕੀ ਦੋ ਸਹੇਲੀਆਂ ਕਿੱਥੇ ਨੇ?" ਪਰ ਉਸ ਦੀ ਨਜ਼ਰ ਉਸ ਦੀਆਂ ਅੱਖਾਂ ਦੇ ਝੁਰੜਾਏ ਕੋਨਿਆਂ 'ਤੇ ਪਈ ਸੀ। ਉਸ ਦਾ ਆਪਣਾ ਚਿਹਰਾ ਹਥਲੇ ਕਾਗ਼ਜ਼ਾਂ 'ਤੇ ਝੁਕ ਗਿਆ ਸੀ।

ਔਰਤ ਨੇ ਵੀ ਪਲਕਾਂ ਤੇਜ਼ੀ ਨਾਲ ਝਪਕੀਆਂ ਸਨ।

"ਪਹਿਲਾਂ ਤੁਸੀਂ ਇਹ ਦੱਸੋ, ਥੋਡੇ ਨਾਲ ਸਕੂਲ 'ਚ ਕੋਈ ਮੁੰਡਾ ਹਰਪ੍ਰੀਤ ਵੀ ਪੜ੍ਹਦਾ ਸੀ?" ਉਸ ਨੇ ਆਪਣਾ ਚਿਹਰਾ ਚੁੱਕਿਆ ਸੀ। ਕੁੱਝ ਪਲ ਰੁਕ ਕੇ ਉਹ ਮੁਸਕੁਰਾਇਆ ਸੀ।

"ਸਰ...ਸਰ...!" ਔਰਤ ਨੇ ਆਪਣੇ ਮੱਥੇ 'ਤੇ ਜ਼ੋਰ ਪਾਇਆ ਸੀ।

ਸ਼ਿਕਾਰ ਤਿਆਰ ਸੀ। ਉਸ ਨੂੰ ਕੋਈ ਕਾਹਲ ਨਹੀਂ ਸੀ। "ਕੋਈ ਗੱਲ ਨ੍ਹੀਂ! ਤੁਸੀਂ ਅਰਜ਼ੀ ਲਿਖ ਕੇ ਲੈ ਆਓ ਤੇ ਸਕੂਲ ਦੀ ਗਰੁੱਪ ਫੋਟੋ 'ਚੋਂ ਦੇਖ ਕੇ ਦੱਸਿਓ!" ਉਸ ਦੀ ਮੁਸਕੁਰਾਹਟ ਵਿੱਚੋਂ ਦੰਦ ਲਿਸ਼ਕੇ ਸਨ।



ਔਰਤ ਦੇ ਮੱਥੇ 'ਤੇ ਕਸੀਆਂ ਲਕੀਰਾਂ ਢਿੱਲੀਆਂ ਹੋ ਗਈਆਂ ਸਨ। ਉਹ ਵੀ ਮੁਸਕੁਰਾਈ ਸੀ। "ਜੀ, ਸਰ!"

ਕੀ ਉਸ ਨੇ ਉਸ ਦੇ ਕਮਰੇ ਅੱਗੇ ਲੱਗੀ ਨੇਮ-ਪਲੇਟ ਨਹੀਂ ਸੀ ਵੇਖੀ? ਓਹ!! ਤਖ਼ਤੀ 'ਤੇ ਉੱਕਰੇ ਸੁਨਹਿਰੀ ਅੱਖਰ ਉਸ ਦੀਆਂ ਅੱਖਾਂ ਵਿੱਚ ਉੱਘੜੇ-'ਐਚ. ਐਸ. ਸੇਖੋਂ, ਏ. ਡੀ. ਸੀ. (ਜੀ.)'!...ਕਾਸ਼! 'ਹਰਪ੍ਰੀਤ ਸਿੰਘ ਸੇਖੋਂ' ਲਿਖਵਾਇਆ ਹੁੰਦਾ!...

"ਸਰ! ਮੈਂ ਫੋਟੋ ਦੇਖੀ ਸੀ!...!" ਅੱਜ ਆਉਂਦਿਆਂ ਹੀ ਉਹ ਮੁਸਕੁਰਾਈ ਸੀ। "ਫੋਟੋ ਦੇਖ ਕੇ ਧਿਆਨ 'ਚ ਆਇਆ! ਦਸਵੀਂ ਤੋਂ ਬਾਦ ਹਰਪ੍ਰੀਤ ਕਦੇ ਮਿਲਿਆ ਈ ਨ੍ਹੀਂ!...ਪਰ, ਸਰ! ਥੋਨੂੰ ਕਿਵੇਂ ਪਤਾ?" ਉਸ ਦੀ ਅਵਾਜ਼ ਵਿੱਚ ਚਹਿਕ ਸੀ।

ਦਸਵੀਂ? ਉਸ ਨੇ ਤਾਂ ਦਸਵੀਂ ਬੁਆਏਜ਼ ਸਕੂਲ 'ਚ ਕੀਤੀ ਸੀ! ਉਹਨਾਂ ਦੇ ਸਕੂਲ 'ਚ ਤਾਂ ਉਸ ਨੇ ਗਿਆਰ੍ਹਵੀਂ 'ਚ ਦਾਖਲਾ ਲਿਆ ਸੀ! ਜੇ ਉਹ ਕੱਲ੍ਹ ਬਾਰ੍ਹਵੀਂ ਦੀ ਫੋਟੋ ਕਹਿੰਦਾ ਤਾਂ ...?

"ਸਰ! ਤੁਸੀਂ ਹਰਪ੍ਰੀਤ ਨੂੰ ਕਿਵੇਂ ਜਾਣਦੇ ਓਂ?"

ਉਸ ਨੇ ਔਰਤ ਦੇ ਹੱਥ ਵਿੱਚੋਂ ਅਰਜ਼ੀ ਫੜੀ ਸੀ ਤੇ ਚਪੜਾਸੀ ਨੂੰ ਘੰਟੀ ਵਜਾਈ ਸੀ। ਫਿਰ ਮੇਜ਼ 'ਤੇ ਪਈ ਫਾਈਲ ਖੋਲ੍ਹ ਕੇ ਵੇਖਣ ਲੱਗ ਪਿਆ ਸੀ।

ਉਹ ਕਮਰੇ 'ਚੋਂ ਬਾਹਰ ਜਾ ਚੁੱਕੀ ਸੀ।

ਉਸ ਨੇ ਮੱਥੇ ਦੀਆਂ ਤਿਉੜੀਆਂ ਨੂੰ ਸਿਕੋੜਿਆ। ਨਾਮ...?

ਕੰਧ 'ਤੇ ਉਸ ਦੀ ਨਜ਼ਰ ਫਿਸਲਦਿਆਂ ਘੜੀ 'ਤੇ ਅਟਕ ਗਈ। ਛੋਟੀ ਸੂਈ ਛੇ ਨੂੰ ਛੂਹਣ ਦੀ ਕੋਸ਼ਿਸ਼ ਕਰ ਰਹੀ ਸੀ। ਸਕਿੰਟਾਂ ਵਾਲੀ ਸੂਈ ਦੌੜਦੀ ਹੋਈ ਬਾਕੀ ਦੋਹਾਂ ਸੂਈਆਂ ਨੂੰ ਪਿੱਛੇ ਛੱਡ ਰਹੀ ਸੀ। ਨਾਮ...?

"ਸਰ! ਇਹਨਾਂ ਦੀ ਡਿਊਟੀ ਦਾ ਕੀ ਕਰਨੈ?" ਅਸਿਸਟੈਂਟ ਨੇ ਸਵਾਲ ਦੁਹਰਾਇਆ।

"ਕੱਟ ਦਿਉ।" ਉਸ ਨੇ ਅਰਜ਼ੀ ਵਾਲੇ ਕਾਗ਼ਜ਼ 'ਤੇ ਪੈੱਨ ਚਲਾਇਆ ਤੇ ਅਸਿਸਟੈਂਟ ਵੱਲ ਵਧਾ ਦਿੱਤਾ। "ਜੈਨਯੂਨ ਕੇਸ ਐ!"

*****

# ਸ਼ਰੀਕ

"ਕੀ ਕਹਾਂਗੇ ਪੁਲਸ ਨੂੰ?" ਅੱਛੂ ਰਹਿਮੇ ਵੱਲ ਝਾਕਿਆ। ਗੱਲ ਕਰਦਿਆਂ ਉਸ ਨੇ ਲੂੰਗੀ ਦਾ ਫੜਿਆ ਲੜ ਛੱਡਿਆ। ਕੋਲ ਖੜ੍ਹਾ ਰਹਿਮਾ ਕੁਰਸੀਆਂ 'ਤੇ ਬੈਠੇ ਲੋਕਾਂ ਵੱਲ ਵੇਖਦਾ ਰਿਹਾ।

ਹਸਪਤਾਲ ਦੀਆਂ ਕੰਧਾਂ ਤੋਂ ਲੈ ਕੇ ਛੱਤ ਤੱਕ ਸਫੈਦੀ ਹੀ ਸਫੈਦੀ ਨਜ਼ਰ ਆ ਰਹੀ ਸੀ। ਤੁਰੀਆਂ-ਫਿਰਦੀਆਂ ਨਰਸਾਂ ਦੇ ਚਿੱਟੇ ਕੋਟ ਵੀ ਇਸ ਸਫੈਦੀ ਵਿੱਚ ਘੁਲ-ਮਿਲ ਰਹੇ ਸਨ। ਕੁਰਸੀਆਂ 'ਤੇ ਵਾਰੀ ਦੀ ਉਡੀਕ ਕਰ ਰਹੇ ਮਰੀਜ਼ਾਂ ਦੇ ਰੰਗ-ਬਰੰਗੇ ਕੱਪੜੇ ਸਫੈਦ ਕਾਗ਼ਜ਼ 'ਤੇ ਡੁੱਲ੍ਹੇ ਰੰਗਾਂ ਵਾਂਗ ਨਜ਼ਰ ਆ ਰਹੇ ਸਨ। 'ਚੁੱਪ ਦਾ ਦਾਨ ਬਖ਼ਸ਼ੋ' ਵਾਲੇ ਬੋਰਡ ਹੇਠ ਲੰਮੇ ਬੈਂਚ ਦੇ ਇੱਕ ਕੋਨੇ 'ਤੇ ਬੈਠੀਆਂ ਦੋ ਬੁੱਢੀਆਂ ਗੱਲਾਂ ਕਰ ਰਹੀਆਂ ਸਨ। ਦੂਜੇ ਕੋਨੇ 'ਤੇ ਬੈਠਾ ਅੱਛੂ ਆਪਣੀ ਲੂੰਗੀ ਦੇ ਲੜ ਨੂੰ ਬੇਕਸਦ ਛੇੜ ਰਿਹਾ ਸੀ।

ਉਸ ਨੇ ਸਵਾਲ ਦੁਹਰਾਇਆ।

ਰਹਿਮੇ ਨੇ ਉਸ ਵੱਲ ਮੂੰਹ ਘੁਮਾਇਆ। "ਡਰੀ ਕਿਉਂ ਜਾਨੈਂ!...ਜੇ ਤੂੰ ਜਾਣੈ, ਤਾਂ ਜਾਹ!"

"ਡਰਨ ਦੀ ਗੱਲ ਨ੍ਹੀਂ!...ਜੇ ਪੁਲਸ ਨੂੰ ਪਤਾ ਲੱਗ ਗਿਆ ਮੁੰਡਾ ਤਾਂ ਜੇਲ੍ਹ ਜਾਊ, ਫੇਰ!"

ਅੱਛੂ ਦੀ ਉੱਚੀ ਅਵਾਜ਼ ਸੁਣ ਲੰਮੇ ਕੱਦ ਵਾਲੀ ਨਰਸ ਉਸ ਵੱਲ ਝਾਕੀ, ਅਤੇ ਕਾਹਲੀ ਨਾਲ 'ਐਮਰਜੈਂਸੀ' ਵਿੱਚ ਵੜ ਗਈ। ਕੁੱਝ ਸਮਾਂ ਪਹਿਲਾਂ ਇਸੇ ਨਰਸ ਨੇ ਕਾਗ਼ਜ਼ 'ਤੇ ਲਿਖਣਾ ਸ਼ੁਰੂ ਕੀਤਾ ਸੀ, "ਪੇਸ਼ੈਂਟ ਦਾ ਨਾਮ?"

"ਜੀ, ਬਿਪਨ ਕੁਮਾਰ।"

ਨਰਸ ਨੇ ਵਰਕਾ ਹਥਲੇ ਗੱਤੇ ਹੇਠ ਕੀਤਾ ਸੀ ਤੇ ਨਵੇਂ ਕਾਗ਼ਜ਼ 'ਤੇ ਪੈੱਨ ਟਿਕਾਇਆ ਸੀ, "ਤੁਹਾਡਾ ਨਾਮ?"

"ਜੀ, ਰਹਿਮ ਦੀਨ।"

"ਤੁਸੀਂ ਕੀ ਲੱਗਦੇ ਓਂ ਪੇਸ਼ੈਂਟ ਦੇ?"

"ਜੀ, ਭਰਾ ਐ ਮੇਰਾ!"



ਨਰਸ ਨੇ ਕਾਗ਼ਜ਼ ਤੋਂ ਨਜ਼ਰਾਂ ਚੁੱਕੀਆਂ ਸਨ। ਅੱਖਾਂ ਦੇ ਕੋਨਿਆਂ 'ਚੋਂ ਰਹਿਮੇ ਨੂੰ ਘੂਰਿਆ ਸੀ। "ਪੇਸ਼ੈਂਟ ਨੂੰ ਤੁਸੀਂ ਲੈ ਕੇ ਆਏ ਸੀ?"

"ਹਾਂ, ਜੀ।" ਰਹਿਮੇ ਨੇ ਪੈਂਟ ਦੇ ਬਾਹਰ ਲਟਕ ਰਹੀ ਕਮੀਜ਼ ਦੇ ਕੋਨੇ ਨੂੰ ਫੜਿਆ ਸੀ।

"ਇੱਕ ਮਿੰਟ," ਕਹਿ ਕੇ ਨਰਸ ਡਾਕਟਰ ਦੇ ਕੈਬਿਨ ਵਿੱਚ ਵੜ ਗਈ ਸੀ।

ਡਾਕਟਰ ਦੇ ਕੈਬਿਨ 'ਚੋਂ ਨਿੱਕਲਦਿਆਂ ਉਸ ਨੇ ਰਹਿਮੇ ਨੂੰ ਸੰਬੋਧਨ ਕੀਤਾ ਸੀ, "ਦੇਖੋ! ਸਾਨੂੰ ਪੁਲਸ ਨੂੰ ਇਨਫਾਰਮ ਕਰਨਾ ਪਊ!...ਤੁਸੀਂ ਵੇਟ ਕਰ ਲਓ।"

...ਦਰਵਾਜ਼ੇ ਦੀ ਸਫੈਦੀ ਵਿੱਚੋਂ ਖ਼ਾਕੀ ਰੰਗ ਪ੍ਰਗਟ ਹੋਇਆ। ਦੋ ਪੁਲਿਸ ਅਫ਼ਸਰ ਡਾਕਟਰ ਦੇ ਕੈਬਿਨ ਵਿੱਚ ਦਾਖ਼ਲ ਹੋਏ।

ਕੁੱਝ ਦੇਰ ਬਾਅਦ ਰਹਿਮਾ ਤੇ ਅੱਛੂ ਡਾਕਟਰ ਦੇ ਖੱਬੇ ਹੱਥ ਪਈਆਂ ਕੁਰਸੀਆਂ 'ਤੇ ਬੈਠੇ ਸਨ। ਡਾਕਟਰ ਦੇ ਸਾਹਮਣੇ ਬੈਠੇ ਅਫ਼ਸਰ ਮੇਜ਼ 'ਤੇ ਪਏ ਕਾਗ਼ਜ਼ਾਂ ਵੱਲ ਝਾਕ ਰਹੇ ਸਨ।

"ਕੀ ਕੰਮ ਕਰਦੇ ਓਂ ਤੁਸੀਂ?" ਮੋਢਿਆ 'ਤੇ ਤਿੰਨ ਤਾਰਿਆਂ ਵਾਲੇ ਅਫ਼ਸਰ ਨੇ ਪੁੱਛਿਆ।

"ਜੀ, ਮੰਡੀ 'ਚ ਆੜ੍ਹਤ ਐ ਮੇਰੀ।" ਰਹਿਮਾ ਬੋਲਿਆ। ਇੱਕ-ਤਾਰੇ ਵਾਲੇ ਅਫ਼ਸਰ ਨੇ ਕਾਗ਼ਜ਼ 'ਤੇ ਲਿਖ ਲਿਆ।

"ਮੈਂ ਕਸਾਨ ਆਂ।" ਜਦੋਂ ਅੱਛੂ ਬੋਲਿਆ ਤਾਂ ਇੰਸਪੈਕਟਰ ਨੇ ਉਸ ਵੱਲ ਗਰਦਨ ਘੁਮਾ ਕੇ ਵੇਖਿਆ।

"ਤੈਨੂੰ ਬਿਪਨ ਕੁਮਾਰ ਦੇ ਡਿੱਗਣ ਦਾ ਕਿਵੇਂ ਪਤਾ ਲੱਗਿਆ?"

ਆਪਣੀਆਂ ਅੱਖਾਂ ਵਿੱਚ ਇੰਸਪੈਕਟਰ ਦੀਆਂ ਨਜ਼ਰਾਂ ਚੁਭਣ ਨਾਲ ਰਹਿਮੇ ਦੀਆਂ ਪਲਕਾਂ ਝੁਕ ਗਈਆਂ। ਅੱਛੂ ਬੋਲਿਆ, "ਮੰਡੀ 'ਚ ਅੱਜ ਛੁੱਟੀ ਐ, ਜੀ!...ਏਹ ਸਫਾਈ ਕਰੀ ਜਾਂਦਾ ਸੀ... ਜਦੋਂ ਬਿਪਨ ਦੀ ਦੁਕਾਨ ਮੂਹਰੋਂ ਲੰਘਿਆ, ਤਾਂ ਏਹਨੇ ਫੂਨ ਕੀਤਾ ਮੈਨੂੰ, ਅਖੇ, ਗਿਰਿਆ ਪਿਐ, ਅਸਪਤਾਲ ਲਜਾਣੈ!"

ਇੰਸਪੈਕਟਰ ਨੇ ਅੱਛੂ ਵੱਲ ਘੂਰੀ ਵੱਟੀ। ਥੋੜ੍ਹੀ ਦੇਰ ਬਾਅਦ ਉਸ ਨੇ ਮੋਬਾਇਲ 'ਤੇ ਨੰਬਰ ਡਾਇਲ ਕੀਤਾ, ਤੇ ਕੈਬਿਨ 'ਚੋਂ ਬਾਹਰ ਨਿੱਕਲ ਗਿਆ।

ਵਾਪਸ ਆ ਕੇ ਉਸ ਨੇ ਡਾਕਟਰ ਨੂੰ ਸੰਬੋਧਨ ਕੀਤਾ, "ਐਸ. ਪੀ. ਸਾਹਬ ਖੁਦ ਆ ਰਹੇ ਨੇ।" ਫਿਰ ਉਸ ਨੇ ਅੱਛੂ ਤੇ ਰਹਿਮੇ ਵੱਲ ਵੇਖਿਆ, "ਤੁਸੀਂ ਜਾਣਾ ਨ੍ਹੀਂ ਹਾਲੀਂ। ਏ. ਐਸ. ਆਈ. ਸਾਹਬ ਐਥੇ ਈ ਬੈਠੇ ਨੇ।"

ਜਦੋਂ ਦਾ ਹਿੰਦੂ ਬੱਚੇ ਦਾ ਕਤਲ ਹੋਇਆ ਸੀ, ਪੁਲਿਸ ਪੂਰੀ ਮੁਸਤੈਦ ਸੀ। ਰਾਤ ਨੂੰ ਵੀ ਗਸ਼ਤ ਜਾਰੀ ਸੀ। ਜਿਥੇ ਇੰਨੀ ਕੁ ਅਬਾਦੀ ਵਾਲੇ ਸ਼ਹਿਰ ਡੀ. ਐਸ. ਪੀ. ਦੇ ਅਧੀਨ ਸਨ, ਉਥੇ ਮਲੇਰਕੋਟਲੇ ਵਿੱਚ ਖ਼ਾਸ ਤੌਰ 'ਤੇ ਐਸ. ਪੀ. ਨੂੰ ਤੈਨਾਤ ਕੀਤਾ

ਗਿਆ ਸੀ।

ਹਿੰਦੂ ਜਥੇਬੰਦੀ ਦਾ ਇਲਜ਼ਾਮ ਸੀ- "ਬੱਚੇ ਦਾ ਕਤਲ ਉਸ ਦੇ ਮੁਸਲਮਾਨ ਦੋਸਤ ਨੇ ਕੀਤਾ ਹੈ। ਮੁਸਲਮਾਨ ਹਿੰਦੂਆਂ ਨੂੰ ਸ਼ਹਿਰ ਵਿੱਚੋਂ ਕੱਢਣਾ ਚਾਹੁੰਦੇ ਹਨ।" ਮੁਸਲਿਮ ਜਥੇਬੰਦੀ ਨੇ ਪ੍ਰੈਸ ਕਾਨਫਰੰਸ ਕਰ ਕੇ ਇਸ ਨੂੰ ਨਕਾਰਿਆ ਸੀ।

ਹਿੰਦੂ ਜਥੇਬੰਦੀ ਨੇ ਥਾਣੇ ਅੱਗੇ ਧਰਨਾ ਲਾਇਆ ਸੀ, "ਪੁਲਸ ਦੀ ਜਾਂਚ ਸ਼ੱਕੀ ਹੈ।"

ਚਾਹ ਦੀਆਂ ਦੁਕਾਨਾਂ 'ਤੇ ਗੱਲਾਂ ਹੁੰਦੀਆਂ ਸਨ ਕਿ ਕਿਸੇ ਰਾਤ ਸ਼ਹਿਰੋਂ ਬਾਹਰਲੇ ਹਿੰਦੂ ਮੁਸਲਮਾਨਾਂ 'ਤੇ ਹਮਲਾ ਕਰਨਗੇ। ਸ਼ਹਿਰ ਵਿੱਚ ਬਹੁਗਿਣਤੀ ਹੋਣ ਦੇ ਬਾਵਜੂਦ ਮੁਸਲਮਾਨ ਡਰੇ ਹੋਏ ਸਨ।

ਕੈਬਿਨ ਵਿੱਚ ਇੱਕ ਹੋਰ ਪੁਲਿਸ ਅਫ਼ਸਰ ਦਾਖ਼ਲ ਹੋਇਆ। ਉਸ ਦੇ ਪਿੱਛੇ-ਪਿੱਛੇ ਪਹਿਲਾਂ ਵਾਲਾ ਇੰਸਪੈਕਟਰ ਵੀ ਸੀ।

ਨਵੇਂ ਅਫ਼ਸਰ ਦੇ ਮੋਢੇ 'ਤੇ ਰਾਸ਼ਟਰੀ ਚਿੰਨ੍ਹ ਸੀ। ਵਰਦੀ ਵਿੱਚ ਕੋਈ ਬਲ ਨਹੀਂ ਸੀ ਦਿਸ ਰਿਹਾ। ਪਰ ਪੱਗ ਦੇ ਪੇਚ ਇੰਸਪੈਕਟਰ ਨਾਲੋਂ ਢਿੱਲੇ ਸਨ। ਏ. ਐਸ. ਆਈ. ਨੇ ਉੱਠ ਕੇ ਸਲੂਟ ਮਾਰਿਆ। ਉਸ ਨੂੰ ਵੇਖ ਡਾਕਟਰ ਤੇ ਰਹਿਮੇ ਹੁਰੀਂ ਵੀ ਖੜ੍ਹੇ ਹੋ ਗਏ।

ਐਸ. ਪੀ. ਨੇ ਡਾਕਟਰ ਨਾਲ ਹੱਥ ਮਿਲਾਇਆ। "ਡਾਕਟਰ ਸਾਹਬ! ਕਦੋਂ ਤੋਂ ਪ੍ਰੈਕਟਿਸ ਕਰ ਰਹੇ ਓਂ ਮਲੇਰਕੋਟਲੇ 'ਚ?"

"ਜੀ! ਕੋਈ ਪੰਦਰਾਂ-ਵੀਹ ਸਾਲ ਤੋਂ! ਪਹਿਲਾਂ ਮੈਂ ਸਿਵਲ ਹਾੱਸਪੀਟਲ 'ਚ ਰਿਹਾਂ। ਫੇਰ ਏਥੇ ਈ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ-'ਤੀ।"

ਐਸ. ਪੀ. ਨੇ ਭਰਵੱਟੇ ਉਤਾਂਹ ਚੁੱਕੇ, "ਏਨਾ ਚੰਗਾ ਲੱਗਿਆ ਤੁਹਾਨੂੰ ਏਹ ਸ਼ਹਿਰ?"

ਡਾਕਟਰ ਮੁਸਕੁਰਾਇਆ।

"ਮੇਰੀ ਤਾਂ ਜਦੋਂ ਦੀ ਏਥੇ ਪੋਸਟਿੰਗ ਹੋਈ ਐ, ਰਾਤਾਂ ਦੀ ਨੀਂਦ ਉੱਡੀ ਪਈ ਐ!...ਮੇਰੇ ਤਾਂ ਕੁਲੀਗ ਵੀ ਕਹਿੰਦੇ ਨੇ - ਕਿੱਥੇ ਫਸ ਗਿਆ!... ਰਿਟਾਇਰਮੈਂਟ ਨੇੜੇ ਐ। ਡਰ ਐ ਕਿਤੇ ਕੀਤੀ-ਕਰਾਈ ਸਰਵਿਸ 'ਤੇ ਦਾਗ ਨਾ ਲੱਗ-ਜੇ!" ਆਖਦਿਆਂ ਐਸ. ਪੀ. ਨੇ ਏ. ਐਸ. ਆਈ. ਤੋਂ ਕਾਗ਼ਜ਼ ਫੜੇ।

ਕੋਲ ਖੜ੍ਹੇ ਇੰਸਪੈਟਰ ਨੇ ਆਪਣੇ ਹਥਲੇ ਕਾਗ਼ਜ਼ ਵੀ ਉਸ ਅੱਗੇ ਕਰ ਦਿੱਤੇ।

"ਬਿਪਨ ਕੁਮਾਰ ਨਾਲ ਤੇਰੀ ਲੜਾਈ ਵੀ ਹੋਈ ਸੀ?"

ਐਸ. ਪੀ. ਦੇ ਸ਼ਬਦ ਸੁਣਦਿਆਂ ਹੀ ਰਹਿਮੇ ਦੇ ਚਿਹਰੇ ਦਾ ਰੰਗ ਉੱਡ ਗਿਆ।

ਅੱਛੂ ਬੋਲਿਆ, "ਉਹ ਤਾਂ, ਜੀ, ਜਿਥੇ ਏਹ ਕਹਿੰਦਾ ਸੀ, ਉਹਨੇ ਗੁੱਡੀ ਦਾ ਰਿਸ਼ਤਾ ਨ੍ਹੀਂ ਕੀਤਾ!...!"

ਐਸ. ਪੀ. ਨੇ ਘੂਰੀ ਵੱਟੀ, "ਤੂੰ ਵਿੱਚ ਨ੍ਹੀਂ ਬੋਲਣਾ!"



"ਹਾਂ, ਜੀ! ਗੁੱਡੀ ਦੇ ਰਿਸ਼ਤੇ ਕਰਕੇ ਅਣ-ਬਣ ਹੋ-ਗੀ ਸੀ!" ਰਹਿਮੇ ਨੇ ਜਵਾਬ ਦਿੱਤਾ। ਐਸ. ਪੀ. ਦੇ ਚਿਹਰੇ ਦੀਆਂ ਕਸੀਆਂ ਨਸਾਂ ਢਿੱਲੀਆਂ ਪੈ ਗਈਆਂ।

"ਮਰੀਜ਼ ਦਾ ਬਿਆਨ ਲੈ ਸਕਦੇ ਆਂ?" ਉਸ ਨੇ ਡਾਕਟਰ ਵੱਲ ਵੇਖਿਆ।

"ਹਾਂ, ਜੀ! ਹੁਣ ਤਾਂ ਠੀਕ ਐ! ਲੈ-ਲੋ ਬਿਆਨ।"

ਐਮਰਜੈਂਸੀ 'ਚੋਂ ਬਾਹਰ ਨਿੱਕਲਦਿਆ ਐਸ. ਪੀ. ਰਹਿਮੇ ਤੇ ਅੱਛੂ ਨੂੰ ਸੰਬੋਧਿਤ ਹੋਇਆ, "ਅਸੀਂ ਪੜਤਾਲ ਕਰ ਲਈ ਐ! ਤੁਸੀਂ ਜਾ ਸਕਦੇ ਓਂ!"

ਥੋੜ੍ਹੀ ਦੇਰ ਬਾਅਦ ਰਹਿਮਾ ਤੇ ਅੱਛੂ ਐਮਰਜੈਂਸੀ ਅੰਦਰ ਕੋਨੇ ਵਾਲੇ ਬੈੱਡ ਦੁਆਲੇ ਬੈਠੇ ਸਨ।

"ਤੂੰ ਕੀ ਕਿਹਾ ਪੁਲਸ ਨੂੰ?" ਰਹਿਮੇ ਨੇ ਪੁੱਛਿਆ।

ਸਿਰ 'ਤੇ ਪੱਟੀ ਬੰਨ੍ਹੀਂ ਪਏ ਬਿਪਨ ਨੇ ਜਵਾਬ ਦਿੱਤਾ, "ਕਹਿ'ਤਾ - ਪੋਚੇ ਆਲੇ ਪਾਣੀ 'ਚ ਪੈਰ ਤਿਲਕ ਗਿਆ!....ਤੁਸੀਂ ਤਾਂ ਨ੍ਹੀ ਪੁਲਸ ਨੂੰ ਦੱਸਿਆ ਕੁਸ਼?"

ਰਹਿਮੇ ਨੇ ਜਵਾਬ ਦਿੱਤਾ, "ਜੇ ਉਹ ਅੰਦਰ ਹੋ ਜਾਂਦਾ, ਤਾਂ ਬਿਪਤਾ ਵੀ ਤਾਂ ਸਾਨੂੰ ਈ ਪੈਣੀ ਸੀ! ਕੁੜੀ ਦੀ ਮਾੜੀ ਕਿਸਮਤ!...!"

"ਕੀ ਪਤਾ ਸੀ - ਉਹ ਨਸ਼ੇ ਕਰਦੈ!...ਅੱਜ ਵੀ ਪੈਸੇ ਮੰਗਦਾ ਸੀ! ਮੈਂ ਨਾਂਹ ਕਰ-'ਤੀ ਤਾਂ ਧੱਕਾ ਮਾਰ ਗਿਆ ਗੁੱਸੇ 'ਚ!"

"ਦੇਖਿਆ! ਇਹ ਉਹੀ ਜਮਾਈ ਐ, ਜਿਹਦੇ ਪਿੱਛੇ ਤੂੰ ਭਾਈਆਂ ਨਾਲ ਵਗਾੜ-ਲੀ!" ਅੱਛੂ ਨੇ ਲੂੰਗੀ ਦਾ ਲੜ ਫੜ ਕੇ ਛੱਡਿਆ।

ਬਿਪਨ ਨੇ ਕਸੀਸ ਵੱਟੀ, "ਓ, ਚਲ! ਹੁਣ ਛੱਡ ਵੀ ਦੇ ਸ਼ਰੀਕਾਂ ਆਲੀਆਂ ਗੱਲਾਂ!...!"

*****

# ਸਨਕੀ

ਸਾਹਮਣੀ ਸੜਕ ਤੇ ਗੱਡੀਆਂ ਦੀ ਆਵਾਜਾਈ ਜਾਰੀ ਸੀ। ਜਦੋਂ ਆਵਾਜਾਈ ਵਧ ਜਾਂਦੀ ਤਾਂ ਚਾਹ ਦੀ ਦੁਕਾਨ ਦੇ ਬਾਹਰ ਗੱਲਾਂ ਕਰ ਰਹੇ ਗਾਹਕਾਂ ਦੀਆਂ ਆਵਾਜ਼ਾਂ ਦਬ ਜਾਂਦੀਆਂ। ਬਾਹਰ ਪਈਆਂ ਕੁਰਸੀਆਂ 'ਚੋਂ ਇੱਕ 'ਤੇ ਰੁਕ-ਰੁਕ ਕੇ ਕਹਿਕਹਾ ਗੂੰਜਦਾ। ਚਾਹ ਦੀਆਂ ਚੁਸਕੀਆਂ ਭਰ ਰਹੇ ਕਈ ਵਿਅਕਤੀਆਂ ਦੇ ਮੂੰਹ ਉਧਰ ਘੁੰਮ ਜਾਂਦੇ।

"... ਮੈਂ ਡਾਕਟਰ ਨੂੰ ਕਿਹਾ, ਬਈ, ਮੈਂ ਸਾਹਬ ਦਾ ਰੀਡਰ ਆਂ! ਦੇਖ ਲੈ, ਫੇਰ, ਦਨੇਸ਼! ਡਾਕਟਰ ਭੱਜੇ ਫ਼ਿਰਨ! ਪਹਿਲਾਂ ਜਿਹੜੇ ਕਹਿੰਦੇ ਸੀ, ਬਈ, ਦਵਾਈਆਂ ਬਾਹਰੋਂ ਲਿਆਉਣੀਆਂ ਪੈਣਗੀਆਂ, ਉਹਨਾਂ ਨੇ ਦਵਾਈਆਂ ਛੱਡ, ਟੈਸਟ ਵੀ ਅਸਪਤਾਲ 'ਚੋਂ ਕਰਵਾ ਕੇ ਦਿੱਤੇ! ਹਾ-ਹਾ-ਹਾ!" ਚਾਹ ਦਾ ਕੱਪ ਫੜੀਂ ਹੱਸਦਿਆਂ ਉਸ ਦੇ ਪੱਕੇ ਰੰਗ ਦੇ ਚਿਹਰੇ 'ਤੇ ਦੰਦਾਂ ਦੀ ਚਮਕ ਦਿਖਾਈ ਦਿੱਤੀ।

"ਪਰ, ਅਜੀਤਪਾਲ, ਤੂੰ ਤਾਂ ਟਾਈਪਿਸਟ ਐਂ! ਜੇ ਡਾਕਟਰ ਨੂੰ ਪਤਾ ਲੱਗ ਜਾਂਦਾ ਤੇਰੀ ਰੀਡਰੀ ਦਾ, ਫੇਰ?"

"ਰਿਹਾ ਨਾ ਮਾਹਟਰ ਦਾ ਮਾਹਟਰ! ਓ, ਜੱਜ ਦੇ ਟਾਈਪਿਸਟ ਕਿਹੜਾ ਉਹ ਦੇ ਰੀਡਰ ਨਾਲੋਂ ਘੱਟ ਹੁੰਦੇ ਨੇ!"

"ਉਹ ਤਾਂ ਠੀਕ ਐ! ਪਰ ਜੇ ਜੱਜ ਨੂੰ ਪਤਾ ਲੱਗ ਜਾਂਦਾ, ਉਹਦੇ ਦਫ਼ਤਰ ਦਾ ਟਾਈਪਿਸਟ ਡਾਕਟਰਾਂ ਨੂੰ ਗੁੰਮਰਾਹ ਕਰ ਕੇ ਨਾਜਾਇਜ਼ ਫਾਇਦਾ ਉਠਾ ਰਿਹੈ...?"

"ਏਡਾ ਨ੍ਹੀਂ ਜੱਜ ਗੌਲਦੇ ਸਾਡੇ! ਹਾ-ਹਾ-ਹਾ!" ਅਜੀਤਪਾਲ ਦੇ ਦੰਦ ਫਿਰ ਲਿਸ਼ਕੇ। ਉਸ ਨੇ ਚਾਹ ਦੀ ਘੁੱਟ ਅੰਦਰ ਲੰਘਾਈ। "ਏਹ ਤਾਂ ਜੇ ਕਦੇ-ਕਦਾਈਂ ਤੇਰੇ ਅਰਗਾ ਕੋਈ ਸਨਕੀ ਜੱਜ ਆ-ਜੇ ਤਾਂ ਕੀ ਕਹਿਣੈ!...ਜਿਵੇਂ ਹੁਣੇ ਆਇਆ ਸੀ ਇੱਕ ਅੱਠ ਨੰਬਰ ਕੋਰਟ 'ਚ -ਰਜਿੰਦਰ ਸਿੰਗਲਾ! ਆਉਂਦਿਆਂ ਈ ਉਹ ਨੇ ਤਾਂ ਭੜਥੂ ਪਾ-'ਤਾ ਸਾਰੇ ਸਟਾਫ਼ 'ਚ! ਕਹਿੰਦਾ ਜੇ ਮੇਰੇ ਸਟਾਫ਼ 'ਚੋਂ ਕੋਈ ਪੈਸੇ ਲੈਂਦਾ ਫੜਿਆ ਗਿਆ, ਤਾਂ ਮੇਥੋਂ ਬੁਰਾ ਕੋਈ ਨ੍ਹੀਂ! ਨਾ ਕਿਸੇ ਨਾਲ ਬੋਲੇ, ਨਾ ਬਲਾਵੇ! ਉਹਦੇ ਤੋਂ ਤਾਂ ਡਰ ਲੱਗੇ -ਐਹੋ ਜਏ ਅਪਸਰ ਦਾ ਕੀ ਪਤੈ, ਕਿਹਦਾ ਨੁਕਸਾਨ ਕਰ ਦਵੇ! ਆਪਣੀਆਂ ਫਾਈਲਾਂ ਵੀ ਆਪ ਈ ਚੱਕੀ ਫਿਰਿਆ ਕਰੇ! ਪਾਣੀ ਵੀ ਆਪ ਈ ਚੱਕ ਕੇ ਪੀਇਆ ਕਰੇ! ਅਰਦਲੀ-ਉਰਦਲੀ ਦੇਖਦੇ ਰਿਹਾ ਕਰਨ, ਬਈ, ਸਾਡੇ ਕਰਨ ਨੂੰ ਕਿਹੜਾ ਕੰਮ ਬਚਿਐ!"



"ਇਹ ਤਾਂ ਚੰਗੀ ਗੱਲ ਈ ਐ, ਫੇਰ!" ਦਿਨੇਸ਼ ਨੇ ਵੀ ਕੱਪ 'ਚੋਂ ਚਾਹ ਦੀ ਚੁਸਕੀ ਭਰੀ।

"ਚੰਗੀ ਗੱਲ ਕਾਹਦੀ ਐ! ਲੋਕਾਂ ਦੇ ਤਾਂ ਕੰਮ ਖੜ੍ਹ-ਗੇ! ਕਨੂੰਨੀ ਤਰੀਕੇ ਨਾਲ ਕਾਗਜਾਂ ਦੀਆਂ ਨਕਲਾਂ ਲੈਂਦਿਆਂ ਵਕੀਲਾਂ ਦੀਆਂ ਤਰੀਕਾਂ ਨਿਕਲਣ ਲੱਗ ਪੀਆਂ! ਤਾਂ ਹੀ ਤਾਂ ਦਿਨਾਂ 'ਚ ਬਦਲੀ ਹੋ-ਗੀ ਉਹਦੀ! ਹਾ-ਹਾ-ਹਾ!" ਹੱਸਦਿਆਂ-ਹੱਸਦਿਆਂ ਅਜੀਤਪਾਲ ਨੂੰ ਕੁੱਝ ਯਾਦ ਆਇਆ, "... ਹਾਂ, ਸੱਚੋਂ!!"

ਉਸ ਨੇ ਦਿਨੇਸ਼ ਦੇ ਪੱਟ ਤੇ ਹੱਥ ਮਾਰਿਆ। "ਇੱਕ ਨਵੀਂ ਈ ਗੱਲ ਹੋਈ, ਬਦਲੀ ਤੋਂ ਬਾਅਦ, ਜਦੋਂ ਉਹ ਗਿਐ ਐਥੋਂ!"

"ਉਹ ਕੀ?" ਦਿਨੇਸ਼ ਉਤਸੁਕਤਾ ਨਾਲ ਉਸ ਵੱਲ ਝੁਕਿਆ।

"ਦੱਸਦਾਂ!" ਅਜੀਤਪਾਲ ਨੇ ਸੰਘ 'ਚ ਥੁੱਕ ਅੰਦਰ ਲੰਘਾਇਆ। "ਤੈਨੂੰ ਪਤੈ, ਸਾਡੇ ਕੁਆਟਰਾਂ ਦੇ ਪਿੱਛੇ ਜੱਜਾਂ ਦੀਆਂ ਕੋਠੀਆਂ ਨੇ! ਮੇਰੇ ਆਲੇ ਕੁਆਟਰ ਤੋਂ ਜਿਹੜੀ ਕੋਠੀ ਦਾ ਬਗੀਚਾ ਨ੍ਹੀਂ ਦਿੰਹਦਾ, ਓਸ ਕੋਠੀ 'ਚ ਆਇਆ ਸੀ ਉਹ ਜੱਜ ਸਿੰਗਲਾ!"

"ਹਾਂਅ...?"

"ਤੈਨੂੰ ਪਤੈ! ਘਰਆਲੀ ਨਾਲ ਤਾਂ ਉਹਦੀ ਬਣਦੀ ਨ੍ਹੀਂ ਸੀ! ਮੈਂ ਕਈ ਕਿੱਸੇ ਸੁਣੇ ਨੇ ਉਹਨਾਂ ਦੀ ਲੜਾਈ ਦੇ!"

"ਉਹ ਕਿਉਂ?" ਦਿਨੇਸ਼ ਨੇ ਅਜੀਤਪਾਲ ਵੱਕ ਝਾਕਦਿਆਂ ਖਾਲੀ ਕੱਪ ਕੁਰਸੀ ਹੇਠਾਂ ਰੱਖਿਆ।

"ਬੱਸ! ਸਨਕੀ ਸੀ ਪੂਰਾ! ਕਿਸੇ ਨਾ ਕਿਸੇ ਗੱਲ ਤੇ ਲੜਾਈ-ਝਗੜਾ!" ਅਜੀਤਪਾਲ ਨੇ ਵੀ ਖਾਲੀ ਕੱਪ ਕੁਰਸੀ ਹੇਠ ਰੱਖਿਆ। "ਯਾਰ! ਜਨਾਨੀ ਥੋੜ੍ਹੋ ਨਾ ਜੱਜਪੁਣਾ ਝੱਲਦੀ ਐ! ਉਹਨੇ ਥੋੜ੍ਹੋ ਨਾ ਏਸ ਕਰਕੇ ਵਿਆਹ ਕਰਵਾਇਆ ਹੋਣੈ! ਨਾ ਟਾਇਮ ਤੇ ਘਰ ਜਾਣਾ ਕੋਰਟ 'ਚੋਂ! ਫੇਰ ਕਿੰਨਾ ਕੰਮ ਘਰ ਲੈ ਜਾਂਦਾ ਸੀ! ਜੇ ਜੱਜ ਦੀ ਘਰਆਲੀ ਹੋ ਕੇ ਵੀ...! ਸਹੁਰਿਆਂ ਨਾਲ ਵੀ ਕਾਫੀ ਪੰਚਾਇਤਾਂ-ਪੰਚੂਤਾਂ ਹੋਈਆਂ, ਮੇਨੂੰ ਪਤਾ ਲੱਗਿਆ ਸੀ ਉਹਦੀਆਂ!

"ਜੇ ਬਜ਼ਾਰ 'ਚੋਂ ਕੋਈ ਚੀਜ਼ ਫਰੀ ਆ ਜਾਣੀ-ਹੁਣ ਦੁਕਾਨਦਾਰ ਤਾਂ ਸਾਨੂੰ ਵੀ ਫਰੀ ਸਮਾਨ ਭੇਜ ਈ ਦੰਦੇ ਨੇ, ਬਈ, ਸਾਹਬ ਦੇ ਘਰ ਜਾਣੀ ਐ! ਪਰ ਨਾ ਤਾਂ ਇਹ ਕਿਸੇ ਦਾ ਕੋਈ ਗਿਫਟ ਲਵੇ, ਨਾ ਕਿਸੇ ਦਾ ਕੋਈ ਕੰਮ ਕਰੇ!...ਫ਼ੇਰ, ਏ. ਸੀ. ਦੇ ਪਾਣੀ ਪਿੱਛੇ ਉਹਦੇ ਨਾਲ ਲੜ ਪਿਆ ਕਰੇ, ਬਈ, ਇਹ ਪਾਣੀ ਖਰਾਬ ਨ੍ਹੀਂ ਕਰਨਾ! ਬਾਲਟੀ ਚੱਕ ਕੇ ਪਾਣੀ ਢੌਂਦਾ ਮੈਂ ਆਪ ਦੇਖਿਐ! ਤੂੰ ਆਪੇ ਈ ਸੋਚ ਕੇ ਦੇਖ, ਨਿੱਕਰ ਪਾਈਂ ਜੱਜ ਪਾਣੀ ਦੀ ਬਾਲਟੀ ਚੱਕੀਂ ਲਈ ਜਾਂਦਾ ਕਿਹੋ ਜਿਆ ਲੱਗਦਾ ਹੋਊ! ਹਾ-ਹਾ-ਹਾ-ਹਾ!

"ਰੋਜ਼ ਲੜਾਈ ਰਹਿੰਦੀ ਸੀ ਦੋਹਾਂ ਦੀ!"

"ਟਰਾਂਸਫਰ ਵੇਲੇ ਕੀ ਗੱਲ ਹੋਈ, ਤੂੰ ਦੱਸਦਾ ਸੀ ?"

"ਹਾਂ, ਸੱਚ!...ਏਥੋਂ ਰਿਲੀਵ ਹੋਣ ਤੋਂ ਬਾਦ ਜਿਸ ਦਿਨ ਉਹਨੇ ਜਾਣਾ ਸੀ ਨ੍ਹਾ! ਉਸ ਤੋਂ ਪਹਿਲੀ ਰਾਤ ਨੂੰ! ਮੈਂ ਅੱਧੀ ਕੁ ਰਾਤ ਪਾਣੀ ਪੀਣ ਉੱਠਿਆਂ! ਜਦੋਂ ਮੇਰੀ ਨਿਗ੍ਹਾ ਸ਼ੀਸ਼ੇ 'ਚੋਂ ਦੀ ਬਾਹਰ ਪਈ, ਮੈਂ ਦੇਖਿਆ, ਕੋਈ ਜਣਾ ਜੱਜ ਦੇ ਘਰ ਕਹੀ ਨਾਲ ਲੱਗਿਆ ਹੋਇਆ ਪੱਟ-ਪਟੱਈਆ ਕਰਨ! ਪਹਿਲਾਂ ਤਾਂ ਮੈਨੂੰ ਲੱਗਿਆ ਕੋਈ ਚੋਰ-ਉਚੱਕਾ ਐ! ਫੇਰ ਮੈਂ ਸੋਚਿਆ, ਚੋਰ ਬਗੀਚੇ ਦੀ ਮਿੱਟੀ ਕਿਉਂ ਪੱਟੂ, ਉਹ ਤਾਂ ਸਗੋਂ ਚੋਰੀ ਕਰਕੇ ਭੱਜਣ ਦੀ ਕਰੂ! ਮੈਂ ਟਾਇਮ ਦੇਖਿਆ, ਇੱਕ-ਡੇਢ ਵੱਜਿਆ ਹੋਇਆ!

"ਮੈਨੂੰ, ਭਰਾਵਾ, ਡਰ ਵੀ ਲੱਗੇ! ਫੇਰ ਮੈਂ ਹਿੰਮਤ ਕਰਕੇ ਧਿਆਨ ਨਾਲ ਦੇਖਿਆ। ਮੈਂ ਤਾਂ ਹੈਰਾਨ ਰਹਿ ਗਿਆ-ਜੱਜ ਆਪ ਈ ਲੱਗਿਆ ਹੋਇਆ! ਮੈਂ ਸੋਚਾਂ, ਬਈ, ਇਹ ਏਸ ਟਾਇਮ ਕੀ ਕਰੀ ਜਾਂਦੈ ਕਹੀ ਨਾਲ ਬਗੀਚੇ 'ਚ!...ਨਾ ਮੈਂ ਪੁੱਛ ਸਕਾਂ, ਨਾ ਕਿਸੇ ਨੂੰ ਉਠਾ ਕੇ ਦੱਸਣ ਜੋਗਾ! ਨਾ ਮੈਨੂੰ ਨੀਂਦ ਆਵੇ! ਪਰ, ਚੰਗਾ ਹੋਇਆ, ਮੈਂ ਰੌਲ਼ਾ ਨ੍ਹੀਂ ਪਾਇਆ!

"ਅਗਲੇ ਦਿਨ ਸਵੇਰੇ ਪੰਜ-ਛੇ ਵਜੇ ਫੇਰ ਉਹ ਜੱਜ ਗੱਡੀ 'ਚ ਜਾਣ ਲਈ ਤਿਆਰ ਹੋਇਆ ਖੜ੍ਹਾ! ਪਰ ਉਹਦੀ ਘਰਆਲੀ ਉਹਦੇ ਨਾਲ ਨਾ! ਕੱਲ੍ਹ ਸ਼ਾਮ ਨੂੰ ਤਾਂ ਮੈਂ ਉਹ ਦੇਖੀ ਸੀ ਉਥੇ! ਮੇਰਾ ਮੱਥਾ ਠਣਕਿਆ। ਮੈਂ ਕਿਹਾ, ਲੈ, ਬਈ! ਇਹਨੇ ਤਾਂ ਮੁਕਾ-'ਤਾ ਆਪਣੀ ਘਰਆਲੀ ਦਾ ਰੌਲ਼ਾ! ਵੈਸੇ ਵੀ ਟਰਾਂਸਫ਼ਰ ਨਾਲ ਤਪਿਆ ਹੋਇਆ ਸੀ ਇਹ! ਅੱਗੋਂ ਜੇ ਉਹਦੇ ਨਾਲ ਕੋਈ ਗੱਲ ਹੋਈ ਹੋਣੀ ਐ ਤਾਂ ਭਖ਼ ਗਿਆ ਹੋਊ ਕੰਮ! ਰਾਤ ਨੂੰ ਇਹਨੇ ਉਹਦਾ ਟਾਂਟਾ ਮਕਾ ਕੇ ਦੱਬ 'ਤੀ ਬਗੀਚੇ 'ਚ-ਕਚਹਿਰੀ 'ਚ ਰੋਜ ਈ ਇਹੋ ਜਿਹੇ ਕੇਸ ਆਉਂਦੇ ਨੇ!

"ਕਹੂਗਾ, ਘਰਆਲੀ ਨੂੰ ਨਵੀਂ ਪੋਸਟਿੰਗ ਆਲੀ ਥਾਂ ਭੇਜਿਆ ਸੀ! ਰਸਤੇ 'ਚ ਈ ਗਾਇਬ ਹੋ-ਗੀ! ਗੁੰਮਸ਼ੁਦਗੀ ਦੀ ਰਿਪੋਟ ਲਖਵਾਊਗਾ-ਪੁਲਸ ਨਾਲ ਮਿਲ ਕੇ ਪੱਕਾ ਪਲਾਨ ਬਣਾਇਐ ਇਹਨੇ! ਮੈਨੂੰ ਤਾਂ ਉਹ ਜੱਜਾਂ ਦੀਆਂ ਕਹਾਣੀਆਂ ਯਾਦ ਆਈ ਜਾਣ ਜਿੰਨ੍ਹਾਂ ਨੇ ਬੜੀ ਸਫਾਈ ਨਾਲ ਆਪਣੀਆਂ ਘਰਆਲੀਆਂ ਤੋਂ ਖਹਿੜਾ ਛੁੜਵਾਇਆ ਸੀ! ਉਹ ਹੈ ਨ੍ਹੀਂ ਸੀ ਇੱਕ ਜੱਜ, ਜਿਹਨੇ ਨੋਇਡਾ 'ਚ ਕੀਤਾ ਸੀ ਕਾਂਢ!...ਮੇਰੀ ਤਾਂ, ਭਰਾਵਾ, ਬੁਰੀ ਹਾਲਤ! ਮੈਂ ਕਿਹਾ, ਹੁਣ ਫਸੂੰ ਮੈਂ! ਹੋਰ ਤਾਂ ਕੋਈ ਗਵਾਹ ਹੈ ਨ੍ਹੀਂ!

"ਮੈਨੂੰ ਤਾਂ ਕਚਹਿਰੀ ਦਾ ਕਟਹਿਰਾ ਦਿਸੀ ਜਾਵੇ! ਮੈਂ ਕਿਹਾ, ਪੁਲਸ ਵੀ ਪੁੱਛ-ਗਿੱਛ ਕਰੂ ਮੇਰੇ ਕੋਲੋਂ! ਜਿਹੜੇ ਪੁਲਸ ਆਲਿਆਂ ਨੂੰ ਕਚਹਿਰੀ ਆਇਆਂ ਨੂੰ ਜਲੀਲ ਕਰੀਦਾ ਸੀ, ਸਾਰੇ ਗਿਣ-ਗਿਣ ਬਦਲੇ ਲੈਣਗੇ! ਫੇਰ, ਗਵਾਹੀ ਮੁਕਰਾਉਣ ਦਾ ਵੀ ਪਰੈਸ਼ਰ ਪਊ! ਇਹੋ ਜਿਹੇ ਬੰਦੇ ਦਾ ਕੀ ਪਤੈ! ਜਿਹੜਾ ਆਪਣੀ ਘਰਆਲੀ ਨੂੰ ਮਾਰ ਕੇ ਦੱਬ ਸਕਦੈ, ਮੈਨੂੰ ਮਰਵਾਉਣਾ ਉਹਦੇ ਲਈ ਕਿੱਡਾ ਕੁ ਔਖੈ!...ਮੈਨੂੰ ਤਾਂ, ਭਰਾਵਾ, ਪਏ-ਪਏ ਨੂੰ ਬੈੱਡ ਤੇ ਕੰਢੇ ਚੁਭਣ ਲੱਗ-ਪੇ!



"ਅਖੀਰ, ਜਦੋਂ ਸੱਤ ਕੁ ਵੱਜੇ, ਤਾਂ ਮੈਂ ਸੋਚਿਆ ਸੈਰ ਦੇ ਬਹਾਨੇ ਜੱਜ ਦੀ ਕੋਠੀ ਵੱਲ ਗੇੜਾ ਮਾਰ ਕੇ ਦੇਖਾਂ ਤਾਂ ਸਹੀ!...ਮੈਂ ਤੁਰ ਤਾਂ ਪਿਆ, ਭਰਾਵਾ! ਨਾਲ਼ੇ, ਮੈਨੂੰ ਡਰ ਵੀ ਲੱਗੇ!...ਅਖੀਰ, ਹਿੰਮਤ ਜਿਹੀ ਕਰਕੇ ਮੈਂ ਕੋਠੀ ਦੇ ਗੇਟ 'ਤੋਂ ਦੀ ਅੰਦਰ ਝਾਤੀ ਮਾਰੀ!

"ਅੰਦਰ ਕੁੰਢੀਆਂ ਮੁੱਛਾਂ ਵਾਲਾ ਇੱਕ ਸਰਦਾਰ ਟਹਿਲੀ ਜਾਵੇ! ਮੈਂ ਅੰਦਾਜਾ ਲਾਇਆ-ਇਹ ਨਵੇਂ ਜੱਜ ਸਾਹਬ ਆਏ ਨੇ ਸਿੰਗਲੇ ਦੀ ਥਾਂ ਤੇ! ਮੈਂ ਸੋਚਿਆ, ਚਲੋ, ਬਹਾਨੇ ਨਾਲ ਸਵਾਗਤ ਕਰ ਦਿੰਨੇ ਆਂ -ਆਈਂ ਜਾਣ-ਪਛਾਣ ਵਧਦੀ ਹੁੰਦੀ ਐ ਅਪਸਰਾਂ ਨਾਲ!

"ਮੈਂ ਅੰਦਰ ਜਾ ਕੇ ਉਹਨਾਂ ਦੇ ਗੋਡੀਂ ਹੱਥ ਲਾਏ। ਨਾਲ਼ੇ, ਮੈਂ ਟੇਢੀ ਅੱਖ ਨਾਲ ਆਲੇ-ਦੁਆਲੇ ਝਾਤੀ ਮਾਰੀ!

"ਮੈਂ ਕਿਹਾ -ਜੱਜ ਸਾਹਬ, ਅਸੀਂ ਤਾਂ ਥੋਨੂੰ ਦੋ-ਤਿੰਨ ਦਿਨਾਂ ਤੋਂ ਉਡੀਕੇ ਜਾਂਦੇ ਸੀ!

"ਕਹਿੰਦੇ -"ਬੱਸ, ਸਿੰਗਲਾ ਸਾਹਬ ਨੇ ਰਿਕੁਐਸਟ ਕੀਤੀ ਸੀ, ਬਈ, ਇੱਕ-ਅੱਧਾ ਦਿਨ ਹੋਰ ਰੁਕ ਜੋ ਸਮਾਨ ਲਿਆਉਣ ਤੋਂ...!" ਮੈਂ ਹਾਲੀਂ ਸੋਚੀ ਜਾਵਾਂ, ਬਈ, ਰਾਤ ਵਾਲੀ ਗੱਲ ਇਹਨਾਂ ਨੂੰ ਦੱਸਾਂ ਕੁ ਨਾਂਹ! ਜਦੇ ਈ ਉਹ ਬੋਲੇ "ਸਿੰਗਲਾ ਸਾਹਬ ਦੇ ਹੁੰਦਿਆਂ ਕਿਤੇ ਇੱਕ ਬੂਟਾ ਸੁੱਕ ਗਿਆ ਸੀ! ਰਾਤ ਉਹਦੀ ਥਾਂ ਤੇ ਤਿੰਨ ਬੂਟੇ ਲਾ ਕੇ ਗਏ ਨੇ!" ਉਹਨਾਂ ਨੇ ਉਸੇ ਥਾਂ ਵੱਲ ਇਸ਼ਾਰਾ ਕੀਤਾ ਜਿਥੇ ਰਾਤ ਜੱਜ ਪੱਟ-ਪਟੱਈਆ ਕਰੀ ਜਾਂਦਾ ਸੀ!

"ਕਹਿੰਦੇ "ਆਪਣੀ ਮਿਸੇਜ਼ ਨੂੰ ਉਹਨਾਂ ਨੇ ਕੱਲ੍ਹ ਸ਼ਾਮ ਨੂੰ ਈ ਭੇਜ 'ਤਾ ਸੀ! ਜੱਜ ਸਾਹਬ ਨੇ ਰਾਤ ਰੋਟੀ ਵੀ ਢਾਬੇ ਤੋਂ ਮੰਗਵਾ ਕੇ ਖਾਧੀ ਐ! ਮੇਰੀ ਵਾਈਫ ਨੂੰ ਮਿਸੇਜ਼ ਸਿੰਗਲਾ ਦਾ ਵੀ ਫੋਨ ਆਇਆ ਸਵੇਰੇ, ਉਹ ਦੱਸਦੇ ਸੀ! ਉਹਨਾਂ ਨੇ ਫੋਨ ਕੀਤੈ, ਬੂਟਿਆਂ ਦਾ ਧਿਆਨ ਰੱਖਿਉ!"

"ਇਹੋ ਜਿਹਾ ਤਾਂ ਸਨਕੀ ਸੀ ਉਹ ਜੱਜ!! ਹਾ-ਹਾ-ਹਾ!"

*****

# ਖੇਡ

ਉਸ ਨੇ ਖੁੱਡ ਵਿੱਚੋਂ ਝਾਕ ਰਹੇ ਚੂਹੇ ਵਾਂਗ ਗੇਟ ਵਿੱਚੋਂ ਆਪਣਾ ਚਿਹਰਾ ਬਾਹਰ ਕੱਢਿਆ। ਵਰਿੰਦਰ ਦੇ ਹੱਥ ਵਿੱਚ ਗੇਂਦ ਵੇਖ ਉਤਸ਼ਾਹ ਦੀ ਇੱਕ ਲਹਿਰ ਉਸ ਦੇ ਢਿੱਡ ਵਿੱਚੋਂ ਉੱਠੀ ਤੇ ਪੂਰੇ ਜਿਸਮ ਵਿੱਚ ਫੈਲ ਗਈ।

"ਆ-ਜਾ ਆਕਿਲ! ਬੈਟ ਚੱਕ ਲਿਆ ਅਪਨਾ!" ਵਰਿੰਦਰ ਨੇ ਉਸ ਨੂੰ ਇਸ਼ਾਰਾ ਕੀਤਾ।

ਗਲੀ ਵਿੱਚ ਖੜ੍ਹਾ ਪੰਕਜ ਭੱਜ ਕੇ ਆਪਣੇ ਮਕਾਨ ਦੀ ਦੇਹਲੀ 'ਤੇ ਚੜ੍ਹ ਗਿਆ।

ਆਕਿਲ ਨੇ ਵੀ ਗੇਟ ਬੰਦ ਕਰ ਦਿੱਤਾ। ਡਰਾਈਂਗ-ਰੂਮ ਵਿੱਚੋਂ ਹੁੰਦਾ ਹੋਇਆ ਉਹ ਲਿਵਿੰਗ-ਰੂਮ ਵਿੱਚ ਵੜ ਗਿਆ।

"ਪਾਪਾ! ਮੈਂ ਖੇਡਣ ਲਈ ਜਾਵਾਂ?" ਆਕਿਲ ਨੇ ਆਸ ਭਰੇ ਚਿਹਰੇ ਨਾਲ ਅਰਸ਼ਦ ਵੱਲ ਵੇਖਿਆ।

"ਨਹੀਂ ਜਾਣਾ ਖੇਡਣ! ਜਾ ਕੇ ਪੜ੍ਹਾਈ ਕਰ!"

ਆਕਿਲ ਦਾ ਚਿਹਰਾ ਮਸੋਸਿਆ ਗਿਆ।

"ਨਾਲ਼ੇ, ਜੇ ਤੂੰ ਮੈਨੂੰ ਅੱਗੇ ਤੋਂ ਪੰਕਜ ਨਾਲ ਖੇਡਦਾ ਦਿਸ ਪਿਆ ਤਾਂ...!" ਅਰਸ਼ਦ ਬੋਲੀ ਜਾ ਰਿਹਾ ਸੀ।

"ਪਾਪਾ! ਮੈਂ ਪੰਕਜ ਨਾਲ ਨ੍ਹੀਂ ਖੇਡਦਾ! ਮੈਂ ਤਾਂ ਵਰਿੰਦਰ ਭਯਾ ਨਾਲ...!"

"ਤੇਨੂੰ ਕਿਹਾ ਨਾ!"

ਸਹਿਮਿਆ ਚਿਹਰਾ ਲੈ ਕੇ ਆਕਿਲ ਬੈੱਡਰੂਮ ਵੱਲ ਤੁਰ ਗਿਆ।

ਅਰਸ਼ਦ ਨੇ ਅਖ਼ਬਾਰ ਦਾ ਪੰਨਾ ਪਲਟਿਆ। ਇੱਕ ਖ਼ਬਰ ਨੂੰ ਉਸ ਨੇ ਵਿਸਥਾਰ ਨਾਲ ਪੜ੍ਹਨਾ ਸ਼ੁਰੂ ਕੀਤਾ।

ਰਸੋਈ ਵਿੱਚੋਂ ਭਾਂਡੇ ਧੋਣ ਦੀਆਂ ਅਵਾਜ਼ਾਂ ਆ ਰਹੀਆਂ ਸਨ।

ਅਵਾਜ਼ਾਂ ਬੰਦ ਹੋ ਗਈਆਂ। ਰਸੋਈ ਦੇ ਦਰਵਾਜ਼ੇ 'ਚੋਂ ਰਾਬੀਆ ਪ੍ਰਗਟ ਹੋਈ। "ਕਿਉਂ ਤੁਸੀਂ ਬੱਚੇ ਨੂੰ ਘੂਰਦੇ ਰਹਿੰਨੇ ਓਂ?"

ਅਰਸ਼ਦ ਨੇ ਅਖ਼ਬਾਰ ਤੋਂ ਨਜ਼ਰਾਂ ਚੁੱਕ ਕੁੱਝ ਦੇਰ ਉਸ ਵੱਲ ਵੇਖਿਆ। "ਇਹਦੇ



ਬਾਪ ਨਾਲ ਤਾਂ ਉਹ ਮਰਨ-ਮਰੌਣ ਨੂੰ ਫਿਰਦੇ ਨੇ...ਤੇ ਇਹ ਉਹਨਾਂ ਨਾਲ ਕ੍ਰਿਕੇਟ ਖੇਡਦਾ ਫਿਰਦੈ!"

"ਪਤਾ ਨ੍ਹੀਂ ਥੋਡਾ ਰੌਲ਼ਾ-ਰੱਪਾ ਕਦ ਮੁੱਕੂ!" ਕਹਿੰਦਿਆਂ ਰਾਬੀਆ ਮੁੜ ਰਸੋਈ ਵਿੱਚ ਵੜ ਗਈ।

"ਪਾਪਾ! ਅੱਲਾਹ ਬੜਾ ਐ ਕਿ ਭਗਵਾਨ?" ਸਾਹਮਣੇ ਆਕਿਲ ਖੜ੍ਹਾ ਸੀ। ਅਰਸ਼ਦ ਨੇ ਉਸ ਦੀ ਗੱਲ ਸੁਣਨ ਲਈ ਚੁੱਕਿਆ ਚਿਹਰਾ ਮੁੜ ਅਖ਼ਬਾਰ ਉੱਤੇ ਝੁਕਾ ਲਿਆ। "ਤੇਨੂੰ ਕਿਹਨੇ ਕਿਹੈ ਇਹ?"

"ਪੰਕਜ ਕਹਿ ਰਿਹਾ ਸੀ! ਕਹਿੰਦਾ- ਉਹਨਾਂ ਦਾ ਭਗਵਾਨ ਸਾਡੇ ਅੱਲਾਹ ਤੋਂ ਵੀ ਬੜਾ ਐ!...ਪਾਪਾ! ਅੱਲਾਹ ਬੜਾ ਐ ਨਾ!?"

"ਆਹ ਦੇਖ ਆ ਕੇ!...," ਅਰਸ਼ਦ ਨੇ ਅਖ਼ਬਾਰ ਤੋਂ ਮੂੰਹ ਚੁੱਕ ਕੇ ਉੱਚੀ ਅਵਾਜ਼ ਵਿੱਚ ਆਖਿਆ। "...ਰਿਸ਼ੀ ਹੁਰੀਂ ਕੀ ਪੱਟੀਆਂ ਪੜ੍ਹਾਉਂਦੇ ਨੇ ਅਪਦੇ ਜਬਾਕਾਂ ਨੂੰ!"

ਰਾਬੀਆ ਮੁੜ ਲਿਵਿੰਗ-ਰੂਮ ਵਿੱਚ ਪ੍ਰਗਟ ਹੋਈ। "ਕੀ ਹੋ ਗਿਆ?" ਉਸ ਦੇ ਬੋਲਾਂ ਵਿੱਚ ਖਿਝ ਰਲ਼ੀ ਹੋਈ ਸੀ।

"ਹੁਣ ਆਪੇ ਦੇਖ ਲੈ! ਰਿਸ਼ੀ ਹੁਰੀਂ ਕੀ-ਕੀ ਚਾਲਾਂ ਚਲਦੇ ਨੇ ਇੱਕ ਗਲੀ ਖੁਲ੍ਹਵਾਉਣ ਦੇ ਮਾਰੇ!"

"ਮੈਨੂੰ ਤਾਂ ਸਮਝ ਨ੍ਹੀਂ ਔਂਦੀ, ਤੁਸੀਂ ਏਨਾ ਰੌਲ਼ਾ ਕਿਉਂ ਵਧਾ ਰੱਖਿਐ!" ਰਾਬੀਆ ਦੇ ਗੋਰੇ ਮੱਥੇ ਤੇ ਲਕੀਰਾਂ ਉੱਭਰ ਆਈਆਂ।

"ਰੌਲ਼ਾ ਮੈਂ ਨ੍ਹੀਂ ਉਹਨਾਂ ਨੇ ਵਧਾ ਰੱਖਿਐ!" ਅਰਸ਼ਦ ਦੀ ਅਵਾਜ਼ ਪਹਿਲਾਂ ਨਾਲੋਂ ਉੱਚੀ ਹੋਈ, ਤੇ ਫਿਰ ਹੇਠਾਂ ਆ ਗਈ। "ਅਖੇ ਜੀ, ਏਥੇ ਸਾਡਾ ਮੰਦਰ ਐ!...ਦੱਸ! ਰਾਤੋਂ-ਰਾਤ ਕਿੱਥੋਂ ਆ ਗਿਆ ਮੰਦਰ!...ਗੱਲ ਤਾਂ ਇਹ ਐ ਕਿ ਸਾਨੂੰ ਤੰਗ ਕਰਨੈ!...ਤੇਨੂੰ ਪਤੈ, ਹੁਣ ਉਹਨਾਂ ਨੇ ਉਥੇ ਰਸਤਾ ਬੰਦ ਕਰ-'ਤਾ! ਬਜ਼ਾਰ ਜਾਣ ਲੱਗੇ ਘੁੰਮ ਕੇ ਗਿਆਂ ਮੈਂ!"

"ਤੁਸੀਂ ਵੀ ਤਾਂ ਜ਼ਿੱਦ ਫੜੀ ਬੈਠੇ ਓਂ! ਪਤਾ ਨ੍ਹੀਂ ਐਥੇ ਕੋਈ ਕਬਰ ਹੈ ਵੀ ਕਿ ਨਈਂ!" ਰਾਬੀਆ ਦੇ ਮੱਥੇ ਦੀਆਂ ਲਕੀਰਾਂ ਹੋਰ ਸੰਘਣੀਆਂ ਹੋ ਗਈਆਂ।

"ਗੱਲ ਕਬਰ ਦੀ ਨ੍ਹੀਂ, ਰਾਬੀਆ! ਜੇ ਇਹ ਗਲੀ ਖੁੱਲ੍ਹ-ਗੀ, ਤਾਂ ਆਪਣਾ ਜਿਊਣਾ ਮੁਹਾਲ ਹੋ-ਜੂ! ਸਾਰਾ ਦਿਨ ਗੱਡੀਆਂ-ਮੋਟਰਸਾਇਕਲ ਘੁੰਮਣਗੇ ਏਥੇ...!"

"ਰਿਸ਼ੀ ਹੁਰਾਂ ਨੂੰ ਬੀ ਪਤਾ ਨ੍ਹੀਂ ਕੀ ਦਰਦ ਐ! ਪਈ, ਗਲੀ 'ਚ ਆਖ਼ਰੀ ਘਰ ਹੋਣ ਕਰਕੇ ਜੋ ਬਾਹਰਲੀ ਜਗ੍ਹਾ ਸਾਡੇ ਕੰਮ ਆ ਜਾਂਦੀ ਐ ਤਾਂ!"

"ਲਾਲਚ ਐ, ਬੱਸ! ਪਈ, ਜੇ ਗਲੀ ਖੁੱਲ੍ਹ ਜੇ ਤਾਂ ਬਜ਼ਾਰ ਨੇੜੇ ਹੋ-ਜੂ! ਉਹਨਾਂ ਦੇ ਮਕਾਨਾਂ ਦੀਆਂ ਕੀਮਤਾਂ ਵਧ ਜਾਣਗੀਆਂ! ਹੋਰ ਕੀ?"

"...!"

"ਪਰ ਐਨੀ ਕਿੰਨੀ ਕੁ ਦੂਰ ਐ ਮਾਰਕਿਟ! ਦੋ ਡਿੰਘਾਂ ਵੱਧ ਤੁਰ ਲੈਣਗੇ ਜੇ...? ਸਾਡੇ ਲਈ ਈ ਪ੍ਰੱਬਲਮ ਕ੍ਰੀਏਟ ਕਰਨੀ ਐ!"

ਜਦੋਂ ਅਰਸ਼ਦ ਨੇ ਗੱਲ ਮੁਕਾਈ, ਤਾਂ ਰਾਬੀਆ ਜਾ ਚੁੱਕੀ ਸੀ। ਸਾਹਮਣੇ ਸਿਰਫ ਆਕਿਲ ਸਵਾਲੀਆ ਨਜ਼ਰਾਂ ਨਾਲ ਖੜ੍ਹਾ ਸੀ।

"ਪਾਪਾ! ਅੱਲਾਹ ਭਗਵਾਨ ਤੋਂ ਬੜਾ ਐ ਨਾ!"

"ਆਹੋ ਬੜਾ ਐ!... ਜਾਹ!... ਪੜ੍ਹ ਜਾ ਕੇ!" ਅਰਸ਼ਦ ਨੇ ਕਸੇ ਭਰਵੱਟਿਆਂ ਨਾਲ ਜਵਾਬ ਦਿੱਤਾ।

ਆਕਿਲ ਮਰੀਅਲ ਕਦਮ ਪੁੱਟਦਾ ਬੈੱਡਰੂਮ ਵੱਲ ਤੁਰ ਪਿਆ।

ਬੈੱਡ ਤੇ ਬੈਠਦਿਆਂ ਆਕਿਲ ਨੇ ਅਣਮੰਨੇ ਮਨ ਨਾਲ ਕਿਤਾਬ ਖੋਲ੍ਹੀ। ਕਿਤਾਬ ਵੱਲ ਵੇਖਦਿਆਂ ਜਦੋਂ ਉਸ ਨੇ ਪੰਨੇ ਪਲਟੇ ਤਾਂ ਉਸ ਦੇ ਖ਼ਿਆਲਾਂ ਵਿੱਚ ਬੈਟ ਤੇ ਗੇਂਦ ਘੁੰਮ ਰਹੇ ਸਨ। ਜਦੋਂ ਉਸ ਨੇ ਇੱਕ ਪੰਨੇ 'ਤੇ ਛਪੇ ਅੱਖਰ ਪੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਅੱਖਰ ਬਿਖਰਦੇ ਦਿਸੇ।

ਬਾਹਰੋਂ ਸਮੇਂ-ਸਮੇਂ ਅੰਮੀ ਤੇ ਪਾਪਾ ਦੀਆਂ ਅਵਾਜ਼ਾਂ ਆ ਰਹੀਆਂ ਸਨ। ਕੰਧ 'ਤੇ ਲੱਗੇ ਕਲਾੱਕ ਦੀਆਂ ਸੂਈਆਂ ਘੁੰਮ ਰਹੀਆਂ ਸਨ।

----

"ਐਸ. ਡੀ. ਐਮ. ਨੇ ਨ੍ਹੀਂ ਕੀਤਾ ਕੁਸ਼?" ਕੁਰੈਸ਼ੀ ਸਾਹਿਬ ਨੇ ਆਪਣੀਆਂ ਲਾਲ ਅੱਖਾਂ ਅਰਸ਼ਦ ਵੱਲ ਘੁਮਾਈਆਂ।

"ਉਹਨੇ ਭੇਜਿਆ ਸੀ ਨੈਬ-ਤਸੀਲਦਾਰ ਨੂੰ ਦੇਖਣ ਲਈ," ਅਰਸ਼ਦ ਸੋਫ਼ੇ 'ਤੇ ਕੁਰੈਸ਼ੀ ਸਾਹਿਬ ਵਾਲੇ ਪਾਸੇ ਵੱਲ ਹੋਰ ਝੁਕਿਆ। "ਮੈਂ ਇਹੀ ਪਲੀਅ ਰੱਖੀ, ਪਈ, ਏਥੇ ਸਾਡੇ ਪੀਰ ਦੀ ਕਬਰ ਐ। ਏਸ ਲਈ ਗਲੀ ਨ੍ਹੀਂ ਖੁੱਲ੍ਹ ਸਕਦੀ!... ਐਸ. ਡੀ. ਐਮ. ਨੇ ਕਹਿ-'ਤਾ ਹਾਲੀਂ ਸਟੇਟਸ-ਕਓ ਰੱਖੋ!"

"ਸਟੇਟਸ ਕੋ ਮਤਲਬ?"

"ਮਤਲਬ ਸਥਿਤੀ ਏਸੇ ਤਰ੍ਹਾਂ ਬਰਕਰਾਰ ਰੱਖੋ!" ਅਰਸ਼ਦ ਦੀ ਅਵਾਜ਼ ਵਿੱਚ ਖਿਝ ਰਲ਼ ਗਈ। ਫਿਰ ਉਸ ਨੇ ਆਪਣੇ ਜਜ਼ਬਾਤ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। "ਅਗਲੀ ਮੀਟਿੰਗ ਤੱਕ ਕਿਸੇ ਚੀਜ਼ ਨਾਲ ਕੋਈ ਛੇੜ-ਛਾੜ ਨ੍ਹੀਂ ਕਰਨੀ-ਨਾ ਮੰਦਰ ਨਾਲ, ਨਾ ਕਬਰ ਨਾਲ!"

"ਹੂੰਅਅ!" ਕੁਰੈਸ਼ੀ ਸਾਹਿਬ ਦੂਰ ਖ਼ਲਾਅ ਵਿੱਚ ਝਾਕੇ।

"ਦੇਖੋ, ਕੁਰੈਸ਼ੀ ਸਾਹਬ! ਮੈਂ ਥੋਡੇ ਕਹਿਣ 'ਤੇ ਕਬਰ ਆਲਾ ਪੰਗਾ ਲਿਆ! ਹੁਣ ਤੁਸੀਂ ਸਾਥ ਦੇਣੈ!"

"ਓ, ਯਾਰ!...ਅਸੀਂ ਨਾਲ ਆਂ ਤੇਰੇ! ਤੂੰ ਫਿਕਰ ਕਿਓਂ ਕਰਦੈਂ?"



"ਕੁਰੈਸ਼ੀ ਸਾਹਬ! ਨਾ ਤਾਂ ਤੁਸੀਂ ਐਸ. ਡੀ. ਐਮ. ਕੋਲ ਗਏ ਮੇਰੇ ਨਾਲ! ਨਾ ਜੈਨ ਸਾਹਬ ਨੇ ਕੀਤਾ ਕੁਸ਼!"

"ਦੇਖ, ਅਰਸ਼ਦ ਗਰਮ ਨਾ ਹੋ!...ਮੈਂ ਜੈਨ ਸਾਹਬ ਤੋਂ ਫੋਨ ਕਰਵਾ ਤਾਂ ਦਿੱਤਾ ਸੀ ਐਸ. ਡੀ. ਐਮ. ਨੂੰ! ਮੈਂ ਤੈਨੂੰ ਦੱਸਿਆ ਤਾਂ ਸੀ, ਪਈ, ਮੇਰੀ ਬਹੁਤ ਜ਼ਰੂਰੀ ਮੀਟਿੰਗ ਸੀ ਚੰਡੀਗੜ੍ਹ!"

"ਰਿਸ਼ੀ ਹੁਰਾਂ ਨਾਲ ਸਾਰੀ ਹਿੰਦੂ ਸਭਾ ਪਹੁੰਚੀ ਹੋਈ ਸੀ!...ਇੱਕ ਮੁਸਲਮਾਨ ਈ ਨ੍ਹੀਂ ਦਿਸੇ ਉਥੇ!"

"ਓ, ਅਰਸ਼ਦ! ਤੈਨੂੰ ਕੀ ਲੱਗਦੈ, ਮੈਨੂੰ ਕੌਮ ਦਾ ਫ਼ਿਕਰ ਨ੍ਹੀਂ!...ਜੇ ਸ਼ਹਿਰ 'ਚ ਕਿਸੇ ਵੀ ਮੁਸਲਮਾਨ 'ਤੇ ਕੋਈ ਮੁਸੀਬਤ ਆਉਂਦੀ ਐ ਤਾਂ ਰਾਤਾਂ ਦੀ ਨੀਂਦ ਕੁਰੈਸ਼ੀ ਦੀ ਉੱਡਦੀ ਐ!...ਅਗਲੀ ਵਾਰ ਮੈਂ ਚੱਲੂੰ ਤੇਰੇ ਨਾਲ! ਹੋਰ ਦੱਸ!"

"ਪਰ ਜੇ ਤੁਸੀਂ ਤੇ ਜੈਨ ਸਾਹਬ, ਦੋਵੇਂ ਚੱਲੋਂ, ਤਾਂ ਗੱਲ ਬਣ-ਜੇ!"

"ਜੈਨ ਸਾਹਬ ਨੂੰ ਏਸ ਵਾਰ ਟਿਕਟ ਮਿਲਣੈ! ਉਹ ਏਸ ਕਰਕੇ ਥੋੜ੍ਹਾ ਬਚਦੇ ਨੇ! ਕਿਤੇ ਐਂਟੀ-ਹਿੰਦੂ ਹੋਣ ਦਾ ਲੇਬਲ ਨਾ ਲੱਗ-ਜੇ!"

ਅਰਸ਼ਦ ਨੇ ਦੰਦ ਕਰੀਚੇ, "ਪਰ ਜੇ ਵੋਟ ਮੰਗਣ ਸਾਡੇ ਕੋਲ ਆਉਣਗੇ, ਤਾਂ ਸੋਚ ਕੇ ਲਿਆਇਓ ਉਹਨਾਂ ਨੂੰ!"

" ਓ! ਤੂੰ ਕਿਓਂ ਗੁੱਸਾ ਕੀਤੈ, ਯਾਰ! ਮੇਰੇ ਹੁੰਦੇ ਫਿਕਰ ਕਰਨ ਦੀ ਲੋੜ ਨ੍ਹੀਂ!"

----

"ਦੇਖੋ, ਜੈਨ ਸਾਹਿਬ! ਹੁਨ ਜੇ ਤੁਸੀਂ ਸਾਥ ਨ੍ਹੀਂ ਦੇਓਂਗੇ ਤਾਂ....!" ਰਿਸ਼ੀ ਨੇ ਮੋਬਾਇਲ਼ 'ਤੇ ਗੱਲ ਕਰਦਿਆਂ ਸੋਫ਼ੇ ਦੀ ਪਿੱਠ 'ਤੇ ਸਿਰ ਰੱਖਿਆ ਤੇ ਸੈਂਟਰ-ਟੇਬਲ 'ਤੇ ਪੈਰ ਪਸਾਰੇ। "ਨਹੀਂ! ਉਹ ਤਾਂ ਮੈਨੂੰ ਪਤੈ, ਤੁਸੀਂ ਨਾਲ ਓਂ ਸਾਡੇ! ....ਨਹੀਂ!...ਬਿਲਕੁਲ! ਵੋਟਾਂ ਵੇਲੇ ਅਸੀਂ ਈ ਸਾਥ ਦੇਣੈਂ, ਥੋਡਾ!....!

"ਰਾਤੋ-ਰਾਤ ਅਸੀਂ ਇੱਟਾਂ ਚਿਨੀਆਂ, ਤੇ ਮੂਰਤੀ ਲਿਆ ਰੱਖੀ...!

"ਚਲੋ! ਮੈਂ ਆਉਨਾਂ ਥੋਡੇ ਕੋਲ!" ਰਿਸ਼ੀ ਨੇ ਮੋਬਾਈਲ ਦੀ ਸਕਰੀਨ 'ਤੇ ਲਾਲ ਬਟਨ ਦੱਬਿਆ ਅਤੇ ਅਵਾਜ਼ ਮਾਰੀ, "ਪੰਕਜ!"

ਥੋੜ੍ਹੀ ਦੇਰ ਵਿੱਚ ਪੰਕਜ ਉਸ ਦੇ ਸਾਹਮਣੇ ਪੇਸ਼ ਹੋਇਆ।

"ਦੇਖ! ਮੈਂ ਜਾ ਰਿਹਾਂ! ਪਿੱਛੋਂ ਮੋਬਾਈਲ 'ਤੇ ਗੇਮ ਨ੍ਹੀਂ ਖੇਡਨੀ! ਸੁਨ ਲਿਆ?"

ਪੰਕਜ ਨੇ ਸਾਵਧਾਨ ਮੁਦਰਾ ਵਿੱਚ ਖੜ੍ਹਿਆਂ ਸਿਰ ਹਿਲਾਇਆ।

ਸੋਫ਼ੇ ਤੋਂ ਉੱਠਦਿਆਂ ਰਿਸ਼ੀ ਨੂੰ ਜਿਵੇਂ ਕੋਈ ਗੱਲ ਯਾਦ ਆਈ ਹੋਵੇ, "...ਤੇ ਹਾਂ! ਆਕਿਲ ਨਾਲ ਨੀਂ ਖੇਡਨਾ! ਮੈਂ ਤੈਨੂੰ ਪਹਿਲਾਂ ਵੀ ਰੋਕਿਐ!"

"ਵਰਿੰਦਰ ਨਾਲ ਤਾਂ ਖੇਡ ਲਵਾਂ?"

"ਤੈਨੂੰ ਦੱਸ ਦਿੱਤਾ ਨਾ! ਨ੍ਹੀਂ ਖੇਡਨਾ!...।" ਫਿਰ ਜਿਵੇਂ ਉਸ ਨੂੰ ਕੁੱਝ ਸੁੱਝਿਆ

ਹੋਵੇ, "ਇਹ ਆਕਿਲ ਹੁਰੀਂ ਗੰਦੇ ਲੋਕ ਨੇ!"

"ਗੰਦੇ ਕਿਉਂ?"

"ਉਹਨਾਂ ਨੇ ਛੋਟੇ-ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ 'ਚ ਚਿਨਵਾ 'ਤਾ ਸੀ!...ਠੀਕ ਐ?"

ਪੰਕਜ ਨੇ ਮਸੋਸੇ ਚਿਹਰੇ ਨਾਲ 'ਹਾਂ' ਵਿੱਚ ਸਿਰ ਹਿਲਾਇਆ।

ਰਿਸ਼ੀ ਡਰਾਈਂਗ-ਰੂਮ ਵਿੱਚੋਂ ਬਾਹਰ ਨਿੱਕਲ ਗਿਆ।

----

ਪੰਨੇ ਉਲਟਾਉਂਦਿਆਂ ਅਚਾਨਕ ਆਕਿਲ ਨੂੰ ਅਹਿਸਾਸ ਹੋਇਆ ਕਿ ਕਾਫੀ ਦੇਰ ਤੋਂ ਪਾਪਾ ਦੀ ਅਵਾਜ਼ ਨਹੀਂ ਸੀ ਆਈ।

ਖਿੜਕੀ ਰਾਹੀਂ ਵਰਿੰਦਰ ਤੇ ਪੰਕਜ ਦੀਆਂ ਅਵਾਜ਼ਾਂ ਆਉਣ ਲੱਗ ਪਈਆਂ ਸਨ। ਕਈ ਵਾਰ ਇਹ ਅਵਾਜ਼ਾਂ ਵਾਸ਼ਿੰਗ-ਮਸ਼ੀਨ ਦੀ ਅਵਾਜ਼ ਹੇਠ ਦਬ ਜਾਂਦੀਆਂ ਸਨ। ਹੌਲੀ-ਹੌਲੀ ਵਰਿੰਦਰ ਹੁਰਾਂ ਦੀਆਂ ਅਵਾਜ਼ਾਂ ਸਾਫ ਸੁਣਨ ਲੱਗ ਪਈਆਂ।

ਆਕਿਲ ਨੇ ਕਿਤਾਬ 'ਤੇ ਧਿਆਨ ਲਾਉਣ ਦੀ ਕੋਸ਼ਿਸ਼ ਕੀਤੀ। ਖਿੜਕੀ ਰਾਹੀਂ ਆਈ ਗੇਂਦ ਦੀ ਅਵਾਜ਼ ਨੇ ਉਸ ਅੰਦਰ ਇੱਕ ਮਿੱਠੀ ਤੜਫ਼ ਪੈਦਾ ਕਰ ਦਿੱਤੀ।

ਹਾਲੀਂ ਉਸ ਨੇ ਚੈਪਟਰ ਦੇ ਦੂਜੇ ਪੰਨੇ 'ਤੇ ਉਂਗਲ ਰੱਖੀ ਹੀ ਸੀ। ਗੇਂਦ ਦੇ ਟੱਪਿਆਂ ਦੀ ਅਵਾਜ਼ ਮੁੜ-ਮੁੜ ਆਉਣ ਲੱਗੀ। ਅਸਹਿ ਹੋਣ 'ਤੇ ਆਕਿਲ ਦੀ ਕਿਤਾਬ ਆਪ-ਮੁਹਾਰੇ ਬੰਦ ਹੋ ਗਈ।

ਉਸ ਦੇ ਕਦਮ ਤੇਜ਼ੀ ਨਾਲ ਵਧੇ, ਤੇ ਲਿਵਿੰਗ-ਰੂਮ ਵਿੱਚ ਜਾ ਕੇ ਰੁਕ ਗਏ। ਪਾਪਾ ਵਾਲੀ ਕੁਰਸੀ ਖਾਲੀ ਸੀ ਤੇ ਅਖ਼ਬਾਰ ਮੇਜ਼ 'ਤੇ ਪਿਆ ਸੀ। ਆਕਿਲ ਦੇ ਕਦਮਾਂ ਨੇ ਤੁਰਨ ਦੀ ਥਾਂ ਦੌੜਨਾ ਸ਼ੁਰੂ ਕਰ ਦਿੱਤਾ। ਉਸ ਨੂੰ ਖ਼ੁਦ ਨੂੰ ਪਤਾ ਨਹੀਂ ਲੱਗਿਆ, ਕਦੋਂ ਉਹ ਡਰਾਈਂਗ-ਰੂਮ ਦਾ ਦਰਵਾਜ਼ਾ ਖੋਲ੍ਹ ਕੇ ਮੇਨ ਗੇਟ 'ਤੇ ਪਹੁੰਚ ਗਿਆ।

ਗੇਟ ਪਿੱਛੇ ਪਿਆ ਬੈਟ ਚੁੱਕ ਉਸ ਨੇ ਫ਼ੁਰਤੀ ਨਾਲ ਗੇਟ ਖੋਲ੍ਹਿਆ।

ਪੰਕਜ ਨੂੰ ਵੇਖਦਿਆਂ ਹੀ ਉਸ ਅੰਦਰਲੀ ਗਤੀ ਮੱਧਮ ਪੈ ਗਈ।

ਉਸ ਨੂੰ ਵੇਖ ਪੰਕਜ ਆਪਣੇ ਘਰ ਵੱਲ ਅਹੁਲਿਆ।

"ਪੰਕਜ! ਮੈਂ ਆਪਣੇ ਪਾਪਾ ਤੋਂ ਪੁੱਛਿਆ ਸੀ। ਉਹ ਕਹਿੰਦੇ ਅੱਲਾਹ ਭਗਵਾਨ ਤੋਂ ਵੀ ਬੜਾ ਐ!"

"ਭਗਵਾਨ ਬੜਾ ਐ!" ਪੰਕਜ ਨੇ ਦੂਰ ਖੜ੍ਹਿਆਂ ਹੀ ਜੀਭ ਕੱਢੀ। "ਮੇਰੇ ਪਾਪਾ ਨੇ ਦੱਸਿਆ, ਪਈ, ਤੁਸੀਂ ਗੰਦੇ ਲੋਕ ਓਂ!...ਮੁਸਲਮਾਨਾਂ ਨੇ ਸਾਹਿਬਜ਼ਾਦਿਆਂ ਨੂੰ ਕੰਧਾਂ 'ਚ ਚਿਨਾਇਆ ਸੀ!"

ਆਕਿਲ ਦਾ ਚਿਹਰਾ ਉੱਤਰ ਗਿਆ। ਉਹ ਥਾਏਂ ਜੰਮ ਗਿਆ।

ਆਕਿਲ ਵੱਲ ਵੇਖਦਿਆਂ ਵਰਿੰਦਰ ਬੋਲਿਆ, "ਉਹ ਤਾਂ ਦੂਜੇ ਮੁਸਲਮਾਨ



ਸੀ! ਤੁਸੀਂ ਥੋੜ੍ਹੋ ਸੀ!"

ਆਕਿਲ ਦਾ ਚਿਹਰਾ ਖਿੜ ਗਿਆ। "ਵਰਿੰਦਰ ਭਯਾ! ਉਹ ਹੋਰ ਮੁਸਲਮਾਨ ਸੀ!?"

ਵਰਿੰਦਰ ਨੇ 'ਹਾਂ' ਵਿੱਚ ਸਿਰ ਹਿਲਾਇਆ।

"ਭਯਾ, ਆਪਾਂ ਕੰਧਾਂ ਢਾਹ ਕੇ ਸਾਹਿਬਜ਼ਾਦਿਆਂ ਨੂੰ ਕੱਢੀਏ?"

"ਤੂੰ ਪਹਿਲਾਂ ਬੈਟ ਲਿਆ! ਆਪਾਂ ਖੇਡੀਏ!" ਵਰਿੰਦਰ ਨੇ ਗੇਂਦ ਦਾ ਟੱਪਾ ਪਵਾਇਆ।

ਪੰਕਜ ਨੇ ਉਹਨਾਂ ਵੱਲ ਪੈਰ ਪੁੱਟੇ। "ਆਕਿਲ! ਸਭ ਤੋਂ ਬੜਾ ਰੱਬ ਹੁੰਦੈ!...ਉਹ ਥੋਡਾ ਵੀ ਐਂ, ਨਾਲੇ ਸਾਡਾ ਵੀ!"

ਆਕਿਲ ਦੀਆਂ ਗੱਲ੍ਹਾਂ 'ਤੇ ਲਾਲੀ ਚਮਕੀ। "ਰੱਬ ਸਾਡਾ ਵੀ ਐ!?"

ਵਰਿੰਦਰ ਨੇ ਮੁੜ 'ਹਾਂ' ਵਿੱਚ ਸਿਰ ਹਿਲਾਇਆ।

"ਚਲੋ ਖੇਡੀਏ!"

"ਪਰ ਵਿਕਟਾਂ?" ਵਰਿੰਦਰ ਨੇ ਕਿਹਾ।

ਸੁਣਦਿਆਂ ਹੀ ਪੰਕਜ 'ਮੰਦਿਰ' ਦੀਆਂ ਚਿਣੀਆਂ ਇੱਟਾਂ ਵਿੱਚੋਂ ਇੱਕ ਇੱਟ ਕੱਢ ਲਿਆਇਆ। ਨਾਲ ਹੀ ਵਰਿੰਦਰ ਨੇ ਵੀ ਉਥੋਂ ਦੋ ਇੱਟਾਂ ਚੁੱਕੀਆਂ।

ਵਰਿੰਦਰ ਇੱਕ ਇੱਟ ਦੇ ਉੱਪਰ ਦੂਜੀ ਉਦੋਂ ਤੱਕ ਰੱਖਦਾ ਰਿਹਾ, ਜਦੋਂ ਤੱਕ ਉਹ ਉਸ ਦੇ ਗੋਡਿਆਂ ਤੋਂ ਉੱਚੀਆਂ ਨਹੀਂ ਹੋ ਗਈਆਂ।

"ਬਾੱਲ ਕਿਥੋਂ ਕਰਾਨੀ ਐ?" ਪੰਕਜ ਨੇ ਪੁੱਛਿਆ।

ਆਕਿਲ ਨੇ 'ਕਬਰ' ਵੱਲ ਇਸ਼ਾਰਾ ਕੀਤਾ।

ਕੁੱਝ ਪਲਾਂ ਬਾਅਦ ਕਲੋਨੀ ਦੀ ਉਸ ਗਲੀ ਵਿੱਚੋਂ ਗੇਂਦ ਉੱਤੇ ਬੱਲੇ ਨਾਲ ਪੈਂਦੇ ਸ਼ਾਟਾਂ ਦੀਆਂ ਅਵਾਜ਼ਾਂ ਆਉਣ ਲੱਗੀਆਂ।

*****

# ਫਿਲਾਸਫਰ

ਚਿੱਟੇ ਰੰਗ ਦਾ ਰੁਮਾਲ ਚਮਕ ਰਿਹਾ ਹੈ। ਬੈੱਡ ਦੀ ਚਾਦਰ ਗੂੜ੍ਹੇ ਰੰਗ ਦੀ ਹੋਣ ਕਰਕੇ ਕਮਰੇ ਦੇ ਧੁੰਦਲਕੇ 'ਚ ਵੱਖਰਾ ਹੀ ਨੋਟਿਸ ਹੁੰਦਾ ਹੈ। ਵੇਖ ਕੇ ਮੈਨੂੰ ਦਵਿੰਦਰ ਦੀ ਟਿੱਪਣੀ ਯਾਦ ਆਉਂਦੀ ਹੈ। "ਟੂ ਬੀ ਓਰ ਨੌਟ ਟੂ ਬੀ!"

ਉਹਨੇ ਸ਼ਾਇਦ ਇੱਕੋ ਨਾਟਕ ਪੜ੍ਹਿਆ ਹੈ, ਉਸੇ ਦਾ ਹਵਾਲਾ ਦਿੰਦਾ ਰਹਿੰਦਾ ਹੈ। ਪੜ੍ਹਿਆ ਵੀ ਨਹੀਂ, ਕਿਤੋਂ ਸੁਣਿਆ ਹੀ ਹੋਵੇਗਾ! ਜਿਹੜੇ ਪ੍ਰਾਈਵੇਟ ਕਾਲਜ 'ਚੋਂ ਇਹਨੇ ਐਮ. ਬੀ. ਏ. ਕੀਤੀ ਹੈ, ਉਥੇ ਤਾਂ ਸ਼ਾਇਦ ਕਿਤਾਬਾਂ ਹੀ ਨਹੀਂ ਪੜ੍ਹਦੇ ਹੋਣੇ!

ਪਹਿਲਾਂ ਜਦੋਂ ਮੇਰੀ ਨਜ਼ਰ ਰੁਮਾਲ 'ਤੇ ਪਈ ਸੀ ਤਾਂ ਮੇਰਾ ਹੱਥ ਫੋਨ ਵੱਲ ਅਹੁਲਿਆ ਸੀ। ਪਰ ਨਾਲ ਹੀ ਮੈਂ ਹੱਥ ਖਿੱਚ ਲਿਆ ਸੀ। ਦਵਿੰਦਰ ਹਾਲੀਂ ਡਰਾਈਵ ਕਰ ਰਿਹਾ ਹੋਵੇਗਾ!

ਇਸ 'ਚੋਂ ਦਵਿੰਦਰ ਵਾਲੇ ਸੈਂਟ ਦੀ ਖ਼ੁਸ਼ਬੂ ਆ ਰਹੀ ਹੈ। ਉਸ ਦੇ ਜਾਣ ਤੋਂ ਬਾਅਦ ਮੈਨੂੰ ਅਹਿਸਾਸ ਹੋਇਆ ਮੈਂ ਸਵੇਰ ਦਾ ਨਹਾਇਆ ਨਹੀਂ! ਮੈਨੂੰ ਆਪਣੀ ਸ਼ਰਟ ਵੀ ਮੈਲੀ-ਮੈਲੀ ਲੱਗਣ ਲੱਗ ਪਈ ਹੈ। ਜਦੋਂ ਮੈਂ ਹੋਰਾਂ ਨੂੰ ਮਿਲਦਾ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਪਹਿਲਾਂ ਮੈਂ ਹਨ੍ਹੇਰੇ 'ਚ ਗੁਆਚਿਆ ਰਿਹਾ ਹੋਵਾਂ। ਦਵਿੰਦਰ ਵੀ ਇਹੋ ਹੀ ਸਮਝਾ ਕੇ ਗਿਆ ਹੈ। "ਕਿਆ ਹਾਲ ਬਨਾ ਰਖਾ ਹੈ! ਕੁਛ ਲੇਤੇ ਕਿਉਂ ਨਹੀਂ?" ਉਸ ਦੀ ਫਿਕਸੋ ਲੱਗੀ ਦਾੜ੍ਹੀ ਵਿੱਚੋਂ ਉਸ ਦੀਆਂ ਵਰਾਛਾਂ ਫੈਲੀਆਂ ਸਨ।

ਨਹਾਉਣ ਬਾਰੇ ਸੋਚਦਿਆਂ ਮੈਂ ਬੈੱਡ ਤੋਂ ਉੱਠਦਾ ਹਾਂ। ਖਿੰਡੀਆਂ ਕਿਤਾਬਾਂ ਨੂੰ ਸਮੇਟ ਕੇ ਸਿਰਹਾਣੇ ਕੋਲ ਰੱਖ ਦਿੰਦਾ ਹਾਂ।

ਅਟੈਚਡ ਬਾਥਰੂਮ 'ਚ ਵੜਦਾ ਹਾਂ। ਵਾਸ਼-ਬੇਸਿਨ ਉੱਪਰ ਲੱਗੇ ਸ਼ੀਸ਼ੇ ਵਿੱਚ ਆਪਣਾ ਚਿਹਰਾ ਵਿਖਾਈ ਦਿੰਦਾ ਹੈ। ਦਾੜ੍ਹੀ ਕਾਫੀ ਵਧ ਗਈ ਹੈ! ਵਾਲ ਵੀ ਖਿੰਡੇ ਪਏ ਹਨ। ਕਾਲਜ ਸਮੇਂ ਮੈਂ ਆਈਂਸਟਾਇਨ ਵਰਗੇ ਵਾਲ ਰੱਖਣਾ ਚਾਹੁੰਦਾ ਸੀ। ਫਿਜ਼ਿਕਸ ਲੈਬ 'ਚ ਲੱਗੀ ਉਸ ਦੀ ਵੱਡੀ ਤਸਵੀਰ ਮੇਰੇ ਅੰਦਰ ਸਨਸਨੀ ਪੈਦਾ ਕਰਦੀ ਸੀ। ਪਰ ਜਿਉਂ ਹੀ ਵਾਲ ਥੋੜ੍ਹੇ ਜਿਹੇ ਵਧਦੇ ਤਾਂ ਸ਼ਾਇਨਾ ਪਿੱਛੇ ਪੈ ਜਾਂਦੀ ਸੀ। "ਆਈ ਕਾਂਟ ਬੀਅਰ ਯੂ ਲਾਈਕ ਦਿਸ! ਪਹਿਲਾਂ ਵਾਲ ਕਟਵਾ ਕੇ ਆ, ਫੇਰ ਗੱਲ ਕਰੂੰਗੀ!"

ਥੋੜ੍ਹੇ ਘੁੰਗਰਾਲੇ ਹੋਣ ਕਰਕੇ ਵਾਲ ਜ਼ਿਆਦਾ ਹੀ ਰੁੱਖੇ ਲੱਗ ਰਹੇ ਹਨ।



'ਫਿਲਾਸਫਰ'! ਦੋਸਤਾਂ ਨੇ ਠੀਕ ਨਾਮ ਰੱਖਿਆ ਹੈ ਮੇਰਾ! ਪਰ ਹੁਣ ਇਹ ਮੈਨੂੰ ਬੁਰਾ ਲੱਗਦਾ ਹੈ। ਉਹ ਮੈਨੂੰ ਸੀਰੀਅਸਲੀ ਨਹੀਂ ਲੈਂਦੇ!

ਸਵੇਰੇ ਜਦੋਂ ਪੰਕਜ ਦਾ ਫੋਨ ਆਇਆ ਸੀ ਤਾਂ ਮੈਨੂੰ ਉਸ 'ਤੇ ਇਸੇ ਕਰਕੇ ਗੁੱਸਾ ਆਇਆ ਸੀ। ਉਹਦੀਆਂ ਤਾਂ ਉਹੀ ਆਦਤਾਂ ਨੇ! ਆਪਣੇ ਆਪ ਨੂੰ ਸਾਈਕਾਲੋਜਿਸਟ ਸਮਝਦੈ! ਮੈਨੂੰ ਸਮਝਾਉਣ ਲੱਗ ਪੈਂਦੈ!

"ਜਿਹੜੀ (ਪ੍ਰਾਈਵੇਟ) ਬੈਂਕ ਸਾਡੇ ਖਾਤੇ ਡੀਲ ਕਰਦੀ ਐ, ਓਥੇ ਅਡਵਾਈਜ਼ਰ ਦੀ ਵਕੈਂਸੀ ਐ! ਮੈਂ ਸੀਨੀਅਰ ਮਨੇਜਰ ਨਾਲ ਗੱਲ ਕੀਤੀ ਐ!"

"ਪਰ, ਪੰਕਜ! ਬੈਂਕ 'ਚ ਤਾਂ ਅਡਵਾਈਜ਼ਰ ਦਾ ਕੰਮ ਖਾਤੇ ਖੁਲ੍ਹਵਾਉਣਾ ਹੁੰਦੈ!...ਨਾਲੇ, ਯਾਰ! ਇੰਜਨੀਅਰਿੰਗ ਕਰ ਕੇ ਬੈਂਕਿੰਗ? ਬੈਂਕਿੰਗ ਬਾਰੇ ਤਾਂ ਮੈਨੂੰ ਪਤਾ ਵੀ ਕੱਖ ਨ੍ਹੀਂ! ਇਸ ਨਾਲੋਂ ਤਾਂ...!"

ਫਿਰ ਉਹ ਆਪਣੇ ਮੁਨੀਮ ਦੇ ਮੁੰਡੇ ਦੀ ਗੱਲ ਸੁਣਾਉਣ ਲੱਗ ਪਿਆ। ਅਖੇ – "ਮੈਂ ਉਹਨੂੰ ਸਮਝਾਇਆ-ਜੇ ਜ਼ਿੰਦਗੀ 'ਚ ਕੁਸ਼ ਬਣਨੈ ਤਾਂ ਕੁੜੀਆਂ ਪਿੱਛੇ ਫਿਰਨਾ ਬੰਦ ਕਰ ਦੇ! ਮੁੰਡਾ ਪੂਰਾ ਕਨਵਿੰਸ ਹੋ ਕੇ ਗਿਆ ਮੇਰੇ ਕੋਲੋਂ! ਜਦੋਂ ਮੇਰੀ ਕਾਊਂਸਲਿੰਗ ਨਾਲ ਕੋਈ ਸਿੱਧੇ ਰਾਹ ਪੈ-ਜੇ, ਤਾਂ ਬੜਾ ਵਧੀਆ ਲੱਗਦੈ ਆਪਣੇ-ਆਪ ਨੂੰ!"

ਸਪਲੀਆਂ ਤਾਂ ਪੈਸੇ ਦੇ ਕੇ ਕਢਵਾਈਐਂ ਇਹਨੇ!...ਤੇ ਮੈਨੂੰ ਮੱਤਾਂ ਦਿੰਦੈ!!

ਦਵਿੰਦਰ ਵੀ ਉਸੇ ਦਾ ਪੱਖ ਪੂਰਦਾ ਰਿਹਾ। "ਫਲਾਸਫਰ! ਤੇਰੀ ਪ੍ਰਾਬਲਮ, ਪਤੈ, ਕੀ ਐ? ਨਾਵਲ ਪੜ੍ਹ-ਪੜ੍ਹ ਕੇ ਤੇਰਾ ਦਿਮਾਗ ਖਰਾਬ ਹੋਇਆ ਪਿਐ! ਤੂੰ ਕਿਸੇ ਦੀ ਗੱਲ ਨ੍ਹੀਂ ਸੁਣਦਾ! ਅਗਲਾ ਚਾਹੇ ਪੜ੍ਹ ਕੇ, ਤੇ ਚਾਹੇ ਜਗਾੜ ਲਾ ਕੇ, ਲਵਾ ਗਿਆ ਨੰਬਰ...!"

....ਤੇ ਪੰਕਜ ਦੀ ਪ੍ਰਾਬਲਮ ਐ, ਪਈ, ਉਹਨੂੰ ਪ੍ਰਾਬਲਮ ਈ ਕੋਈ ਨ੍ਹੀਂ! ਪੈਸੇ ਦੇ ਕੇ ਡਿਗਰੀ ਕਰ-ਲੀ! ਡਿਗਰੀ ਕਰਦਿਆਂ ਈ ਅੰਕਲ ਕੋਲੋਂ ਬਣਿਆ-ਬਣਾਇਆ ਕਾਰੋਬਾਰ ਮਿਲ ਗਿਆ! ਆਪਣੀ ਪਸੰਦ ਦੀ ਕੁੜੀ ਨਾਲ ਵਿਆਹ ਹੋ ਗਿਆ! ਹੁਣ ਉਹਨੂੰ ਗੱਲਾਂ ਆਉਂਦੀਐਂ! ਅਖੇ-"ਜੇ ਤੇਰੇ ਵਾਂਗ ਮੈਨੂੰ ਵੀ ਕਨੇਡਾ-ਆਸਟ੍ਰੇਲੀਆ ਤੋਂ ਰਿਸ਼ਤਾ ਆਇਆ ਹੁੰਦਾ, ਤਾਂ ਮੈਂ ਇਕ ਮਿੰਟ ਨ੍ਹੀਂ ਸੀ ਲੌਣਾ!" ਮੈਨੂੰ ਐਵੇਂ ਲੈਕਚਰ ਦੇ ਰਿਹਾ ਸੀ, ਜਿਵੇਂ ਬਹੁਤ ਜੱਦੋ-ਜਹਿਦ ਕੀਤੀ ਹੁੰਦੀ ਐ ਉਹਨੇ! ਬੜੇ ਅਰਾਮ ਨਾਲ ਕਹੀ ਜਾ ਰਿਹਾ ਸੀ, "ਜੇ ਤੈਨੂੰ ਕੁੜੀ ਚੰਗੀ ਲੱਗੀ, ਤਾਂ ਕੰਟੀਨਿਊ ਕਰ ਲੀਂ। ਨਹੀਂ ਤਾਂ, ਫੇਰ, ਡਿਵੋਰਸ ਦੀ ਗੱਲ ਤਾਂ ਉਹਦੇ ਨਾਲ ਹੋ ਈ ਗਈ ਐ!"

ਦਵਿੰਦਰ ਸਗੋਂ ਮੇਰੀਆਂ ਗੱਲਾਂ ਦਾ ਉਲਟਾ ਮਤਲਬ ਕੱਢ ਗਿਆ। "ਕਿਤੇ, ਹਾਲੀਂ ਵੀ ਤੂੰ ਸ਼ਾਇਨਾ ਦੀ ਗਰਾਰੀ 'ਚ ਤਾਂ ਨ੍ਹੀਂ ਫਸਿਆ ਹੋਇਆ?"

ਦਵਿੰਦਰ ਨੇ ਕਿਹੋ ਜਿਹੇ ਵੇਲੇ ਮੇਰੇ ਜ਼ਖ਼ਮ ਉਚੇੜੇ ਸਨ! ਸ਼ਾਇਨਾ ਨੇ ਤਾਂ ਚਲੇ ਹੀ ਜਾਣਾ ਸੀ! ਉਸ 'ਤੇ ਤਾਂ ਅਬਰੋਡ ਜਾਣ ਦਾ ਜਨੂੰਨ ਸਵਾਰ ਸੀ!...ਮੈਂ ਵੀ ਕੋਈ

ਕੋਸ਼ਿਸ਼ ਨਹੀਂ ਕੀਤੀ ਉਦੋਂ! ਨੌਕਰੀ ਤਾਂ ਹੈ ਨ੍ਹੀਂ ਸੀ ਪੱਲੇ ਕੋਈ! ਕਿਸ ਮੂੰਹ ਨਾਲ ਰੋਕਦਾ ਮੈਂ ਉਹਨੂੰ!

ਬਾਥਰੂਮ 'ਚੋਂ ਬਾਹਰ ਨਿੱਕਲਦਾ ਹਾਂ। ਮੇਰਾ ਆਪਣੇ ਮੱਥੇ 'ਤੇ ਹੱਥ ਮਾਰਨ ਨੂੰ ਜੀਅ ਕਰਦਾ ਹੈ! ਨਹਾਉਣ ਗਿਆ, ਸਿਰਫ ਮੂੰਹ ਧੋ ਕੇ ਮੁੜ ਆਇਆ! ਦਵਿੰਦਰ ਸਹੀ ਕਹਿੰਦੈ, ਮੈਂ ਸੋਚਾਂ 'ਚ ਬਹੁਤਾ ਡੁੱਬਿਆ ਰਹਿੰਨਾਂ! ਕੋਈ ਕੰਮ ਸਿਰੇ ਨਹੀਂ ਲਾਉਂਦਾ!

ਬੁੱਕਮਾਰਕ ਵਾਲੀ ਕਿਤਾਬ ਚੁੱਕਣ ਲੱਗਦਾ ਹਾਂ। ਹੱਥ ਰੁਕ ਜਾਂਦਾ ਹੈ।

ਸ਼ੈਲਫ 'ਚ ਪਈਆਂ ਕਿਤਾਬਾਂ ਵੱਲ ਅਹੁਲਦਾ ਹਾਂ। ਡੈਡੀ ਦੇ ਮੰਮੀ ਨੂੰ ਕਹੇ ਸ਼ਬਦ ਚੇਤੇ ਆਉਂਦੇ ਹਨ, "ਇਹਨੂੰ ਕਹਿ, ਅਖ਼ਬਾਰ ਪੜ੍ਹਿਆ ਕਰੇ! ਮਾੜਾ-ਮੋਟਾ ਏਹਨੂੰ ਦੁਨੀਆਦਾਰੀ ਦਾ ਪਤਾ ਲੱਗੇ!"

ਅਖ਼ਬਾਰਾਂ 'ਚ ਹੁੰਦਾ ਕੀ ਹੈ? ਬੇਰੁਜ਼ਗਾਰੀ ਦਾ ਰੌਲ਼ਾ...ਸਰਕਾਰਾਂ ਦੀ ਨਿਖੇਧੀ...ਜਾਂ ਉਸ ਦੇ ਗੁਣਗਾਣ...ਸਕਿੱਲ-ਡੇਵਲਪਮੈਂਟ ਦੇ ਦਾਅਵੇ!

ਕਿਤਾਬਾਂ ਦੇ ਟਾਈਟਲ ਦਿਸਣੋਂ ਹਟ ਗਏ ਹਨ! ਦਵਿੰਦਰ ਦੇ ਸ਼ਬਦ ਚੇਤੇ ਆਉਂਦੇ ਹਨ "ਟੂ ਬੀ ਓਰ ਨੌਟ ਟੂ ਬੀ!"

ਟਿਊਬਲਾਈਟ ਦਾ ਸਵਿੱਚ ਦੱਬਿਆ ਹੈ। ਪੂਰੇ ਕਮਰੇ ਵਿੱਚ ਚਾਨਣ ਪਸਰ ਗਿਆ ਹੈ। ਬਾਹਰ ਹਨ੍ਹੇਰਾ ਹੋ ਗਿਆ ਹੋਵੇਗਾ! ਮੰਮੀ ਨੇ ਰੋਟੀ ਬਣਾਉਣੀ ਸ਼ੁਰੂ ਕਰ ਦਿੱਤੀ ਹੋਵੇਗੀ! ਕੁੱਝ ਦੇਰ ਬਾਅਦ ਮੰਮੀ ਆਵੇਗੀ, ਬੈੱਡ ਨਾਲ ਪਏ ਟੇਬਲ 'ਤੇ ਰੋਟੀ ਵਾਲੀ ਥਾਲੀ ਰੱਖ ਕੇ ਚਲੀ ਜਾਵੇਗੀ।

ਪਹਿਲਾਂ ਤਾਂ ਮੰਮੀ ਵੀ ਨਹੀਂ ਸੀ ਮੰਨਦੀ ਕਨੇਡਾ ਭੇਜਣ ਨੂੰ। "ਇੱਕੋ-ਇੱਕ ਤਾਂ ਔਲਾਦ ਐ ਸਾਡੇ ਦੇਖਣ ਨੂੰ!"

ਹੁਣ ਕਿਹੜਾ ਦੋ ਹੋ ਗਏ?!

ਡੈਡੀ ਤਾਂ ਮੈਨੂੰ ਬੁਲਾਉਂਦੇ ਈ ਨਹੀਂ! ਜਦੋਂ ਦਾ ਮੈਂ ਅਰੋੜੇ ਨੂੰ ਖਰੀਆਂ ਸੁਣਾ ਕੇ ਆਇਆਂ!

ਉਦੋਂ ਮੈਂ ਡੈਡੀ ਬਾਰੇ ਸੋਚਿਆ ਹੀ ਨਹੀਂ ਸੀ। ਮੇਰੇ ਅੰਦਰਲਾ ਗੁੱਭ-ਗੁਭਾਟ ਬਾਹਰ ਨਿੱਕਲ ਗਿਆ ਸੀ, ਬਸ! -ਅਰਸਤੂ ਜਿਸ ਨੂੰ 'ਕਥਾਰਸਿਸ' ਕਹਿੰਦਾ ਹੈ!

"ਡਾਇਰੈਕਟਰ ਨੂੰ ਕਿੰਨਾ ਕਹਿ-ਕਹਾ ਕੇ ਲਗਵਾਇਆ ਸੀ ਮੈਂ ਤੇਨੂੰ!...," ਡੈਡੀ ਨੇ ਘਰ ਆਉਂਦਿਆਂ ਹੀ ਮੇਰੀ ਬਿਰਤੀ ਭੰਗ ਕਰ ਦਿੱਤੀ ਸੀ।

"ਇੱਕ ਅਨਪੜ੍ਹ ਬੰਦਾ ਇੱਕ ਐਮ. ਟੈਕ. ਨੂੰ ਪੁੱਠਾ ਬੋਲੇ....! ਮੈਂ ਉਹਦਾ ਗੁਲਾਮ ਥੋੜ੍ਹੋ ਆਂ!...ਨਾਲ਼ੇ, ਮੇਰੇ ਤੋਂ ਨ੍ਹੀਂ ਸਕੂਲ ਦੇ ਨਿਆਣਿਆਂ ਨੂੰ ਪੜ੍ਹਾਇਆ ਜਾਂਦਾ, ਜਿੰਨ੍ਹਾਂ ਨੂੰ ਫਿਜ਼ਿਕਸ ਦੇ ਬੇਸਿਕਸ ਤੱਕ ਨ੍ਹੀਂ ਕਲੀਅਰ!"

"ਘੱਟੋ-ਘੱਟ ਨੋਟਿਸ ਦੇ ਕੇ ਛੱਡ ਦਿੰਦਾ! ਹੋਰ ਨਹੀਂ ਤਾਂ ਰਿਟਨ 'ਚ ਰਿਜ਼ਾਈਨ ਈ ਦੇ ਦਿੰਦਾ! ਘੱਟੋ-ਘੱਟ ਡਿਊਜ਼ ਤਾਂ ਮਿਲ ਜਾਂਦੇ ਤੇਨੂੰ!" ਉਹਨਾਂ ਦੀ ਸਫੇਦ ਹੋ ਰਹੀ



ਦਾੜ੍ਹੀ ਫਰਕੀ ਸੀ। ਪਹਿਲੀ ਵਾਰ ਮੈਂ ਨੇੜੇ ਆ ਰਹੀ ਉਹਨਾਂ ਦੀ ਰਿਟਾਇਰਮੈਂਟ ਬਾਰੇ ਸੋਚਿਆ ਸੀ।

ਹੁਣ ਜਦੋਂ ਵੀ ਉਹ ਸਵੇਰੇ ਸਕੂਲ ਜਾਂਦੇ ਨੇ ਤਾਂ ਮੈਂ ਉਨਾਂ ਦੇ ਪੁਰਾਣੇ ਚੇਤਕ ਸਕੂਟਰ 'ਤੇ ਕਵਿਤਾ ਲਿਖਣ ਦੀ ਸੋਚਦਾ ਹਾਂ! ਕਾੱਲਰਿਜ ਦੀ 'ਕੁਬਲਇ ਖਾਨ' ਵਰਗੀ!

ਉਹ ਤਾਂ ਐਮ. ਟੈਕ. ਦੇ ਹੀ ਖਿਲਾਫ ਸਨ।

ਮੈਂ ਵੀ ਕੀ ਕਰਦਾ? ਬੀ. ਟੈਕ. ਕਰ ਕੇ ਕਿਹੜਾ ਕੋਈ ਨੌਕਰੀ ਮਿਲ ਰਹੀ ਸੀ! ਉਦੋਂ ਲੱਗਿਆ- ਐਮ. ਟੈਕ. ਕਰ ਕੇ ਸ਼ਾਇਦ ਨੌਕਰੀ ਦੀ ਸਮੱਸਿਆ ਹੱਲ ਹੋ ਜਾਊ!

"ਜਦੋਂ ਤੇਨੂੰ ਕਾੱਲ-ਸੈਂਟਰ ਤੇ ਨੌਕਰੀ ਮਿਲ ਰਹੀ ਸੀ ਤਾਂ ਉਦੋਂ ਵੀ ਤੂੰ ਇਹੋ ਹੀ ਸੋਚੀ ਗਿਆ ਸੀ, 'ਜੇ ਕਦੇ ਸ਼ਾਇਨਾ ਦੀ ਕਾੱਲ ਅਟੈਂਡ ਕਰਨੀ ਪੈ-ਗੀ, ਕੀ ਸੋਚੂਗੀ ਉਹ?...' ਹੁਣ ਤਾਂ ਉਹ ਵੀ ਚਲੀ ਗਈ ਨਿਊਜ਼ੀਲੈਂਡ, ਵਿਆਹ ਕਰਵਾ ਕੇ! ਤੂੰ ਹਾਲੀਂ ਤੱਕ ਉਹਨਾਂ ਸੋਚਾਂ ਨੂੰ ਫੜੀਂ ਬੈਠੈਂ!" ਅੱਜ ਤਾਂ ਦਵਿੰਦਰ ਵੀ ਭੜਕ ਪਿਆ ਸੀ!

"ਯਾਰ! ਗੱਲ ਇਹ ਨ੍ਹੀਂ ਕਿ ਮੈਂ ਕਨੇਡਾ ਜਾਣ ਲਈ ਨਾਂਹ ਕਰ ਰਿਹਾਂ! ਗੱਲ ਇਹ ਐ ਕਿ ਕਨੇਡਾ ਜਾਣ ਲਈ ਝੂਠਾ ਵਿਆਹ...!!"

"ਪਰ, ਜਗਤਾਰ! ਅੱਜ-ਕੱਲ੍ਹ ਬਾਹਰਲੇ ਮੁਲਕ ਜਾਣ ਲਈ ਲੋਕ ਨਕਲੀ ਵਿਆਹ ਆਮ ਈ ਕਰੀ ਜਾ ਰਹੇ ਨੇ!"

"ਏਹ ਵਿਆਹ ਐ ਕੋਈ! ਬਾਹਰਲੇ ਮੁਲਕ ਈ ਜਾਣਾ ਐ ਤਾਂ ਸਹੀ ਤਰੀਕੇ ਨਾਲ ਵੀ ਜਾਇਆ ਜਾ ਸਕਦਾ ਐ!"

"ਪਰ, ਸਹੀ ਤਰੀਕੇ ਨਾਲ ਕਿਥੋਂ ਚਲਿਆ ਜਾਵੇਂਗਾ! ਅੰਕਲ ਦਾ ਪੀ. ਐਫ. ਤੱਕ ਤਾਂ ਤੂੰ ਪੜ੍ਹਾਈ 'ਤੇ ਲਵਾ 'ਤਾ!...ਛੋਟੀ ਜਾੱਬ ਤੂੰ ਕਰਨੀ ਨ੍ਹੀਂ, ਤੇ ਵੱਡੀ ਤੇਨੂੰ ਮਿਲਣੀ ਨ੍ਹੀਂ!"

"ਹੁਣ ਐਮ. ਟੈਕ. ਕਰਕੇ ਮੈਂ ਡਿਲੀਵਰੀ-ਬੁਆਏ ਦਾ ਕੰਮ ਕਰਨ ਲੱਗ ਪਵਾਂ?"

ਦਵਿੰਦਰ ਇੱਕ ਪਲ ਲਈ ਚੁੱਪ ਹੋ ਗਿਆ। ਫਿਰ ਬੋਲਿਆ, "ਜਿਹੜੀ ਜਾੱਬ ਪੰਕਜ ਨੇ ਦੱਸੀ ਐ, ਉਹਦੇ 'ਚ ਕੀ ਪ੍ਰਾਬਲਮ ਐ?"

"ਯਾਰ! ਤੂੰ ਆਪੇ ਸੋਚ ਕੇ ਦੇਖ, ਜੇ ਖਾਤੇ ਖੋਲ੍ਹਣ ਲਈ ਆਪਣੇ ਟੀਚਰਜ਼ ਦੇ ਘਰ ਜਾਣਾ ਪਿਆ...!?...ਤੇਨੂੰ ਯਾਦ ਐ, ਸੰਜੇ ਸਰ ਕੀ ਕਿਹਾ ਕਰਦੇ ਸੀ ਮੇਨੂੰ? 'ਜਦੋਂ ਤੂੰ ਅਫਸਰ ਬਣ ਗਿਆ ਤਾਂ ਗੱਡੀ 'ਚੋਂ ਉਤਰ ਕੇ ਪਛਾਣ ਲਿਆ ਕਰੀਂ ਮੇਨੂੰ!...'ਤੇ ਹੁਣ ਕੀ ਮੂੰਹ ਦਖਾਊਂ ਉਹਨਾਂ ਨੂੰ?"

"ਤੇਰੀ ਪ੍ਰਾਬਲਮ, ਪਤੈ ਕੀ ਐ, ਜਗਤਾਰ...ਤੇਰੀ ਪ੍ਰਾਬਲਮ ਐ ਤੂੰ ਸੋਚਦਾ ਬਹੁਤ ਐਂ!...ਨੋ ਡਾਊਟ, ਮੈਂ ਵੀ ਮੰਨਦਾਂ ਕਿ ਜ਼ਿੰਦਗੀ 'ਚ ਸਾਡੇ ਕੁਸ਼ ਆਈਡੀਅਲ ਹੋਣੇ ਚਾਹੀਦੇ ਨੇ! ਪਰ, ਨਾਲ-ਨਾਲ ਜੇ ਮੈਂ ਪ੍ਰੈਕਟੀਕਲ ਵੀ ਨਾਂਹ ਹੁੰਦਾ ਤਾਂ ਮੈਂ ਮਾਰਕਿਟਿੰਗ

'ਚ ਐਨਾ ਵਧੀਆ ਪ੍ਰੌਮ ਨ੍ਹੀਂ ਸੀ ਕਰ ਸਕਦਾ!"

ਮੇਨੂੰ ਪਤੈ! ਝੂਠ–ਤੂਫਾਨ ਨੂੰ ਉਹ ਪ੍ਰੈਕਟੀਕਲ...!

ਫਿਰ ਉਸ ਨੇ ਮਾਰਕਿਟਿੰਗ ਵਾਲਾ ਪੈਂਤੜਾ ਵਰਤਿਆ, "ਆਈ ਨੋਅ, ਯੂ ਆਰ ਏ ਫਿਲਾੱਸਫਰ, ਬੱਟ...!"

ਪਰ ਹੁਣ ਤਾਂ ਵਿਚਾਰ, ਸੋਚਾਂ–ਸਭ ਬੇਕਾਰ ਲੱਗਣ ਲੱਗ ਪਈਆਂ ਨੇ!

"ਪੰਕਜ ਸਹੀ ਕਹਿੰਦੈ। ਤੂੰ ਕੋਈ ਡਿਸੀਜ਼ਨ ਨਹੀਂ ਲੈਂਦਾ!" ਗੁੱਸੇ 'ਚ ਬੋਲਦਿਆਂ ਉਹ ਬਾਹਰ ਨਿੱਕਲ ਗਿਆ ਸੀ। ਮੈਂ ਉਹਦੇ ਪਿੱਛੇ ਜਾਣਾ ਵੀ ਭੁੱਲ ਗਿਆ। ਉਦੋਂ ਕੋਹਲੂ ਦੇ ਬਲਦ ਵਾਲੇ ਮੁਹਾਵਰੇ ਦੀ ਵਿਆਖਿਆ 'ਚ ਡੁੱਬਿਆ ਹੋਇਆ ਸੀ।

ਕਾੱਲ–ਲੌਗ 'ਚੋਂ ਦਵਿੰਦਰ ਦਾ ਨੰਬਰ ਟਟੋਲਦਾ ਹਾਂ। ਪਰ ਡਾਇਲ ਬਟਨ ਦੱਬਣ ਤੋਂ ਪਹਿਲਾਂ ਰੁਕ ਜਾਂਦਾ ਹਾਂ। ਸ਼ਾਇਦ ਉਸ ਨੂੰ ਘਰ ਜਾ ਕੇ ਖ਼ੁਦ ਹੀ ਰੁਮਾਲ ਦਾ ਧਿਆਨ ਆ ਜਾਵੇ!...ਤੇ ਉਹ ਮੈਨੂ ਫੋਨ ਕਰੇ!...

ਮੈਂ ਉਸ ਨੂੰ ਆਖਾਂਗਾ, "ਕੀ ਕਰਾਂ, ਯਾਰ?...ਪਹਿਲਾਂ, ਜਦੋਂ ਇੰਜਨੀਅਰਿੰਗ 'ਚ ਦਾਖਲੇ ਲਈ ਤਿਆਰੀ ਕਰ ਰਹੇ ਸੀ, ਉਦੋਂ ਲੱਗਦਾ ਸੀ, ਪਈ, ਮਿਹਨਤ ਕਰਕੇ ਜ਼ਿੰਦਗੀ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ! ਫੇਰ ਬੀ. ਟੈਕ. 'ਚ ਐਨੇ ਪੈਸੇ ਖਰਚ ਹੋਏ, ਸੋਚਿਆ ਸੈਟਲ ਹੋ–ਜਾਂਗੇ! ਬੀ.ਟੈਕ. ਤੋਂ ਬਾਦ ਨੌਕਰੀ ਨ੍ਹੀਂ ਮਿਲੀ, ਸੋਚਿਆ ਐਮ. ਟੈਕ. ਕਰਕੇ ਮਿਲ–ਜੂ!...ਐਮ. ਟੈਕ. ਕਰਕੇ ਫੇਰ ਉਥੇ ਦਾ ਉਥੇ!...ਹੁਣ ਵਿਆਹ ਵੀ ਨਕਲੀ!!"

ਘਰ ਬੈਠਿਆਂ ਦਵਿੰਦਰ ਦੇ ਚਿਹਰੇ ਤੇ ਮੁਸਕੁਰਾਹਟ ਫੈਲ ਜਾਵੇਗੀ। ਉਹ ਮੈਨੂੰ ਸਮਝਾਵੇਗਾ, "ਏਹ ਤਾਂ ਜ਼ਿੰਦਗੀ ਦਾ ਸੰਘਰਸ਼ ਐ! ਇੱਕ ਲੜਾਈ ਖਤਮ ਹੁੰਦੀ ਐ, ਦੂਜੀ ਸ਼ੁਰੂ!"

ਮੈਂ ਇੱਕ–ਦਮ ਜਵਾਬ ਦੇਵਾਂਗਾ, "ਪਰ ਮੈਨੂੰ ਤਾਂ ਏਹ ਕੋਹਲੂ ਦੇ ਬਲਦ ਦੀ ਕਹਾਣੀ ਲੱਗਦੀ ਐ! ਲੱਗਦਾ ਤਾਂ ਇਹ ਐ, ਪਈ, ਬੜਾ ਰਾਹ ਤੈਅ ਕਰ ਲਿਆ ਅਸੀਂ! ਅਸਲ 'ਚ, ਫਸੇ ਹੋਏ ਆਂ ਅਸੀਂ ਮੁੜ–ਘਿੜ ਕੇ ਉਥੇ ਈ! ਸਰਵਾਈਵਲ 'ਤੇ!!"

ਸੋਚਦਿਆਂ ਮੈਂ ਕਿਤਾਬਾਂ ਵਿਚਕਾਰੋਂ ਇੱਕ ਨਾਵਲ ਚੁੱਕ ਲੈਂਦਾ ਹਾਂ।

*****



# ਪ੍ਰਾਣ-ਵਾਯੂ

ਆਈ. ਪੀ. ਐਲ. ਦੇ ਮੈਚ ਦਰਮਿਆਨ ਮਸ਼ਹੂਰੀਆਂ ਆਈਆਂ। ਡਾਕਟਰ ਅਰਸ਼ਪ੍ਰੀਤ ਦੇ ਹੱਥ ਆਪਮੁਹਾਰੇ ਰਿਮੋਟ ਵੱਲ ਵਧੇ। ਬਟਨ ਦੱਬਦਿਆਂ ਹੀ ਸਕ੍ਰੀਨ 'ਤੇ ਕੋਟ–ਪੈਂਟ ਵਾਲਾ ਨਿਊਜ਼ ਐਂਕਰ ਪ੍ਰਗਟ ਹੋ ਗਿਆ।

"ਪਾਪਾ! ਮੈਂ ਬੜਾ ਹੋ ਕੇ ਆੱਕਸੀਜ਼ਨ ਬਨਾਊਂਗਾ!"

ਉਸ ਦਾ ਧਿਆਨ ਖੇਡ ਰਹੇ ਮਾਨਵ ਵੱਲ ਗਿਆ। ਪਲਾਸਟਿਕ ਦੇ ਬਲਾੱਕਾਂ ਦੀ ਬਣ ਰਹੀ ਬਿਲਡਿੰਗ ਵਿੱਚੇ ਛੱਡ ਮਾਨਵ ਉਸ ਵੱਲ ਵੇਖ ਰਿਹਾ ਸੀ।

ਉਹ ਪਹਿਲਾਂ ਵੀ ਕਈ ਵਾਰ ਕਹਿ ਦਿੰਦਾ ਸੀ, "ਪਾਪਾ! ਮੈਂ ਬੜਾ ਹੋ ਕੇ ਥੋਡੀ ਤਰ੍ਹਾਂ ਡੋਕਟਰ ਬਨੂੰਗਾ!" ਸੁਣ ਕੇ ਨਵਜੋਤ ਉਸ ਨੂੰ ਟੋਕ ਦਿੰਦੀ, "ਰਹਿਣ ਦੇ! ਘਰ 'ਚ ਪਹਿਲਾਂ ਇੱਕੋ ਈ ਡਾਕਟਰ ਨੇ ਬੱਸ ਕਰਵਾਈ ਪਈ ਐ!" ਮਾਨਵ ਆਖਦਾ, "ਪਾਪਾ! ਮੈਂ ਡਾਕਟਰ ਨ੍ਹੀਂ, ਸਾਈਂਟਿਸਟ ਬਨੂੰਗਾ!"

ਪਰ ਆਕਸੀਜ਼ਨ ਬਣਾਉਣ ਵਰਗੀ ਖਾਸ ਗੱਲ ਅਰਸ਼ਪ੍ਰੀਤ ਨੇ ਉਸ ਦੇ ਮੂੰਹੋਂ ਪਹਿਲੀ ਵਾਰ ਸੁਣੀ ਸੀ।

ਉਸ ਨੇ ਰਿਮੋਟ ਦਾ ਬਟਨ ਦੁਬਾਰਾ ਦੱਬਿਆ। ਪੰਜਾਬੀ ਚੈਨਲ 'ਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਤਸਵੀਰਾਂ ਆਉਣ ਲੱਗ ਪਈਆਂ। ਨਾਲ ਹੀ ਜਨਾਨਾ ਅਵਾਜ਼ ਵਿੱਚ ਵਾੱਯਸ–ਓਵਰ।

ਟੈਲੀਵਿਜ਼ਨ 'ਤੇ ਖ਼ਬਰਾਂ ਚਲਦੀਆਂ ਵੇਖ ਨਵਜੋਤ ਬੋਲਣ ਲੱਗ ਪੈਂਦੀ ਸੀ, "ਅਰਸ਼! ਤੁਸੀਂ ਹਰ ਟੈਮ ਖਬਰਾਂ ਲਾਈ ਰੱਖਦੇ ਓ!...ਤੁਹਾਂ ਨੂੰ ਪਤੈ, ਮਾਨਵ 'ਤੇ ਕੀ ਅਸਰ ਹੋ ਰਿਹੈ?...ਹਾੱਸਪੀਟਲ 'ਚ ਈ ਵੇਖ ਆਇਆ ਕਰੋ ਖਬਰਾਂ ਜਿਹੜੀਆਂ ਵੇਖਣੀਆਂ ਹੁੰਦੀਆਂ ਨੇ!"

"ਹਾੱਸਪੀਟਲ 'ਚ ਖਬਰਾਂ ਵੇਖਣ ਦਾ ਟੈਮ ਮਿਲਦੈ ਭਲਾਂ ਕਿਤੇ?"

"ਪਾਪਾ! ਪਤੈ?...ਰਿਲਾਇੰਸ ਨੇ ਕਿਹਾ ਐ ਕਿ ਉਹ ਆਕਸੀਜ਼ਨ ਫਰੀ ਦੇਣਗੇ!....ਪਾਪਾ! ਅੱਜ ਆਈ. ਪੀ. ਐਲ. ਦੀ ਇੱਕ ਟੀਮ ਨੇ ਆਕਸੀਜ਼ਨ ਲਈ ਡੂਨੇਸ਼ਨ ਦਿੱਤੀ ਐ!"

ਅੱਠ ਸਾਲਾਂ ਦੇ ਮਾਨਵ ਨੂੰ ਮੌਤ ਦਾ ਤਾਂਡਵ ਕਰ ਰਹੀ ਮਹਾਂਮਾਰੀ ਬਾਰੇ ਗੱਲ

ਕਰਦਿਆਂ ਵੇਖ ਡਾਕਟਰ ਅਰਸ਼ ਦੇ ਕਾਲਜੇ 'ਚੋਂ ਵੀ ਰੁੱਗ ਭਰਿਆ ਜਾਂਦਾ ਸੀ।

ਕੱਲ੍ਹ ਜਦੋਂ ਦਿੱਲੀ ਵਿੱਚ ਆਕਸੀਜ਼ਨ ਦੀ ਕਮੀ ਕਾਰਨ ਕਰੋਨਾ ਮਰੀਜ਼ਾਂ ਦੀ ਮੌਤ ਦੀ ਖ਼ਬਰ ਚੱਲ ਰਹੀ ਸੀ ਤਾਂ ਮਾਨਵ ਰੋਟੀ ਛੱਡ ਕੇ ਉਹ ਵੇਖਣ ਲੱਗ ਪਿਆ ਸੀ। ਅਰਸ਼ ਨੇ ਰਿਮੋਟ ਦਾ ਬਟਨ ਦੱਬ ਚੈਨਲ ਬਦਲ ਦਿੱਤਾ ਸੀ। ਆਈ. ਪੀ. ਐਲ. ਦੇ ਚੌਕੇ-ਛੱਕੇ ਲੱਗਣੇ ਸ਼ੁਰੂ ਹੋ ਗਏ ਸੀ।

ਪਰ ਕ੍ਰਿਸ ਗੇਲ ਦੀ ਬੱਲੇਬਾਜ਼ੀ ਵੇਖ ਕੇ ਵੀ ਮਾਨਵ ਦੇ ਚਿਹਰੇ 'ਤੇ ਚਹਿਕ ਨਹੀਂ ਸੀ ਪਰਤੀ।

ਅਰਸ਼ ਨੇ ਹੁਣੇ ਹੀ ਲਿਵਿੰਗ ਰੂਮ 'ਚ ਜ਼ਿਆਦਾ ਸਮਾਂ ਬਿਤਾਉਣਾ ਸ਼ੁਰੂ ਕੀਤਾ ਸੀ। ਨਹੀਂ ਤਾਂ, ਪਿਛਲੇ ਲਾੱਕਡਾਊਨ ਦੌਰਾਨ ਉਸ ਨੂੰ ਮਰੀਜ਼ਾਂ ਤੋਂ ਹੀ ਸਾਹ ਨਹੀਂ ਸੀ ਆ ਰਿਹਾ। ਖ਼ੁਦ ਉਹ ਕਈ ਵਾਰ ਹਸਪਤਾਲ 'ਚ ਹੀ ਰਾਤਾਂ ਕੱਟ ਚੁੱਕਿਆ ਸੀ। ਉਹ ਆਪ ਵੀ ਡਰਦਾ ਸੀ-ਕਿਤੇ ਉਸ ਦਾ ਪਰਿਵਾਰ ਵੀ ਉਸ ਦੇ ਸੰਪਰਕ 'ਚ ਆਉਣ ਨਾਲ ਕਰੋਨਾ ਤੋਂ ਪ੍ਰਭਾਵਿਤ ਨਾ ਹੋ ਜਾਵੇ!

ਜਦੋਂ ਵੀ ਉਹ ਹਸਪਤਾਲੋਂ ਮੁੜਦਾ ਤਾਂ ਲਾਅਨ 'ਚ ਹੀ ਆਪਣੇ ਕੱਪੜੇ ਉਤਾਰ ਦਰਵਾਜ਼ੇ 'ਤੇ ਪਈ ਵਾਸ਼ਿੰਗ ਮਸ਼ੀਨ 'ਚ ਪਾ ਦਿੰਦਾ। ਬਾਹਰਲੇ ਬਾਥਰੂਮ 'ਚ ਸਾਬਣ ਮਲ-ਮਲ ਜਦੋਂ ਉਸ ਨੂੰ ਤਸੱਲੀ ਹੋ ਜਾਂਦੀ ਤਾਂ ਉਹ ਉਥੇ ਪਹਿਲਾਂ ਤੋਂ ਟੰਗੇ ਕੱਪੜੇ ਪਾ ਕੇ ਅੰਦਰ ਵੜਦਾ। ਫਿਰ ਵੀ ਮਾਨਵ ਨੂੰ ਛੂੰਹਦਿਆਂ ਉਸ ਦੇ ਮਨ ਨੂੰ ਇੱਕ ਧੁੜਕੂ ਲੱਗਿਆ ਰਹਿੰਦਾ ਸੀ।

ਨਵਜੋਤ ਕਈ ਵਾਰ ਕਹਿ ਚੁੱਕੀ ਸੀ, "ਕਿਹੋ ਜਿਹਾ ਪ੍ਰੋਫੈਸ਼ਨ ਐ ਤਾਹਡਾ? ਸਾਡਾ ਜਿਉਣਾ ਮੁਹਾਲ ਹੋਇਆ ਪਿਐ!... ਮੇਡ ਨੇ ਵੀ ਘਰ ਆਉਣੋਂ ਮਨ੍ਹਾ ਕਰ ਦਿੱਤੈ!"

ਅਰਸ਼ ਦੇ ਨੱਕ 'ਤੇ ਮਾਸਕ ਦੇ ਡੂੰਘੇ ਹੋ ਗਏ ਨਿਸ਼ਾਨ ਤੇ ਸਾਬਣ ਨਾਲ ਧੋ-ਧੋ ਖਰਾਬ ਹੋਈ ਹੱਥਾਂ ਦੀ ਚਮੜੀ ਵੇਖ ਉਹ ਚੁੱਪ ਕਰ ਜਾਂਦੀ ਸੀ।

ਹੁਣ ਮਹਾਂਮਾਰੀ ਨੂੰ ਠੱਲ੍ਹ ਪੈਂਦੀ ਨਜ਼ਰ ਆ ਰਹੀ ਸੀ।

ਪਰ ਬਿਲਕ ਰਹੇ ਮਰੀਜ਼ਾਂ ਦੀਆ ਬਾਹਰੋਂ ਆ ਰਹੀਆਂ ਖ਼ਬਰਾਂ ਨਾਲ ਪਿਛਲੀ ਵੇਵ ਦੇ ਭਰੇ ਜ਼ਖ਼ਮ ਉੱਚੜਨ ਲੱਗ ਪਏ ਸਨ।

"ਕਮਾਲ ਐ! ਪੇਸ਼ੈਂਟਸ ਸਿਰਫ ਏਸ ਲਈ ਮਰ ਰਹੇ ਨੇ ਕਿ ਹੋਸਪੀਟਲ 'ਚ ਆਕਸੀਜ਼ਨ ਅਵੇਲੇਬਲ ਨ੍ਹੀਂ ਹੈਗੀ! ਹਾਓ ਡਿਸਗਸਟਿੰਗ ਇਟ ਇਜ਼!...!" ਅਰਸ਼ ਕੋਲ ਅੰਦਰਲਾ ਗ਼ੁਬਾਰ ਕੱਢਣ ਲਈ ਸ਼ਬਦ ਮੁੱਕ ਰਹੇ ਸਨ।

ਆਕਸੀਜ਼ਨ ਦੀ ਕਮੀ ਵਾਲੀ ਹਰ ਖ਼ਬਰ ਨਾਲ ਉਸ ਨੂੰ ਲੱਗਣ ਲੱਗ ਪਿਆ ਸੀ ਜਿਵੇਂ ਖ਼ੁਦ ਉਸ ਨੂੰ ਸਾਹ ਆਉਣਾ ਔਖਾ ਹੋ ਗਿਆ ਹੋਵੇ!

ਮੋਬਾਇਲ ਦੀ ਘੰਟੀ ਵੱਜੀ। ਅਰਸ਼ ਨੇ ਪਿਛਲੇ ਤਿੰਨ ਅੰਕ ਵੇਖੇ। ਉਸ ਨੇ ਫੋਨ ਨਾ ਚੁੱਕਣ ਦਾ ਫੈਸਲਾ ਕੀਤਾ।



ਇਸ ਨੰਬਰ ਤੋਂ ਇਹ ਕੋਈ ਚੌਥੀ-ਪੰਜਵੀਂ ਕਾੱਲ ਸੀ। "ਹੁਣ, ਹੋਰ ਮੈਂ ਏਸ ਤੋਂ ਵੱਧ ਕਰ ਵੀ ਕੀ ਸਕਦਾਂ?...ਏਹਨਾਂ ਲੋਕਾਂ ਨੂੰ ਵੀ ਸਾਡੀ ਮਜਬੂਰੀ ਸਮਝਣੀ ਚਾਹੀਦੀ ਐ!"

ਉਸ ਦੀਆਂ ਅੱਖਾਂ ਅੱਗੇ ਅੱਧ-ਚਿੱਟੀ ਦਾੜ੍ਹੀ ਵਾਲਾ ਰੋਂਦਾ ਚਿਹਰਾ ਘੁੰਮਿਆ। "ਅਸੀਂ ਤਾਂ, ਜੀ, ਸਾਰੇ ਪੈਹੇ ਖਰਚ ਕਰ ਚੁੱਕੇ! ਹਸਪਤਾਲ ਆਲੇ ਕਹਿੰਦੇ ਜੇ ਹੋਰ ਪੈਹੇ ਨਾਂਹ ਭਰੇ ਤਾਂ ਅਲਾਜ ਬੰਦ ਕਰ ਦਿਆਂਗੇ!...ਆਲੇ-ਦੁਆਲੇ ਤੋਂ ਫੜ ਕੇ ਵੀ ਲਾ ਚੁੱਕੇ ਜੀ ਅਹੀਂ ਤਾਂ!" ਉਸ ਦੇ ਨਾਲ ਹੀ ਮਿੰਨਤਾਂ ਕਰ ਰਿਹਾ ਨੌਜਵਾਨ ਸੀ। "ਪੰਜ ਹਜ਼ਾਰ ਆਲੀ ਦਵਾਈ ਦਿੱਲੀਓਂ ਮੰਗਾਈ ਐ ਜੀ, ਸਤਾਰਾਂ ਹਜ਼ਾਰ 'ਚ! ਓਹ ਵੀ ਨਕਲੀ ਨਿਕਲੀ!...ਡਾਕਟਰ ਸਾਹਬ! ਸਾਰਾ ਸ਼ਹਿਰ ਤਾਹਡੀਆਂ ਸਿਫਤਾਂ ਕਰਦੈ! ਜੇ ਤੁਹੀਂ ਸਾਡੀ ਮੱਦਦ ਨਹੀਂ ਕਰੋਂਗੇ ਤੇ ਹੋਰ ਕੌਣ ਕਰੇਗਾ?"

"ਕੋਈ ਗੱਲ ਨ੍ਹੀਂ! ਮੈਂ ਪੂਰੀ ਕੋਸ਼ਿਸ਼ ਕਰਦਾਂ!"

ਜਦੋਂ ਉਹ ਡਾਇਰੈਕਟਰ ਦੇ ਕਮਰੇ 'ਚ ਗਿਆ ਤਾਂ ਉਸ ਦਾ ਸਿੱਧਾ ਜਵਾਬ ਸੀ, "ਦੇਖੋ ਡਾੱਕਟਰ! ਤੁਸੀਂ ਤਾਂ ਚੇਅਰਮੈਨ ਨੂੰ ਜਾਣਦੇ ਈ ਓ! ਉਹ ਨੇ ਪੈਸਿਆਂ ਤੋਂ ਵਗੈਰ ਨ੍ਹੀਂ ਮੰਨਣਾ!"

"ਪਰ, ਸਰ! ਏਸ ਕ੍ਰਾਈਸਿਸ 'ਚ ਵੀ? ਆਫ਼ਟਰ ਆੱਲ ਵੀ ਆਰ ਡੋਕਟਰਜ਼! ਅਸੀਂ ਓਥ ਲਈ ਹੋਈ ਐ ਪੇਸ਼ੈਂਟਸ ਨੂੰ ਸਰਵ ਕਰਨ ਦੀ!"

"ਤੁਸੀਂ ਚੇਅਰਮੈਨ ਨਾਲ ਗੱਲ ਕਰਕੇ ਵੇਖ ਲੋ!"

ਤੇ ਉਹ ਸਿੱਧਾ ਚੇਅਰਮੈਨ ਦੇ ਦਫਤਰ ਵੱਲ ਚੱਲ ਪਿਆ।

"ਸਰ ਹਾਲੀਂ ਜ਼ਰੂਰੀ ਮੀਟਿੰਗ 'ਚ ਨੇ!" ਚੇਅਰਮੈਨ ਦੇ ਪੀ. ਏ. ਨੇ ਦੱਸਿਆ।

"ਉਹਨਾਂ ਨੂੰ ਕਹੋ: ਐਮਰਜੈਂਸੀ ਐ!"

ਪੀ. ਏ. ਇਕਦਮ ਉੱਠ ਕੇ ਅੰਦਰ ਗਿਆ। ਥੋੜ੍ਹੀ ਦੇਰ ਬਾਅਦ ਆ ਕੇ ਉਸ ਨੇ ਡਾਕਟਰ ਨੂੰ ਅੰਦਰ ਜਾਣ ਦਾ ਇਸ਼ਾਰਾ ਕੀਤਾ।

ਚੇਅਰਮੈਨ ਵਿਸ਼ਾਲ ਕਮਰੇ ਦੇ ਕੇਂਦਰ ਵਿੱਚ ਟੇਬਲ ਪਿੱਛੇ ਪੈਂਟ-ਕੋਟ ਪਾਈ ਬੈਠਾ ਸੀ। ਭਾਰੀ ਚਿਹਰੇ 'ਤੇ ਖਤ ਕੀਤੀ ਦਾੜ੍ਹੀ। ਛਿੱਦੇ ਵਾਲ।

ਉਸ ਦੇ ਸਾਹਮਣੇ ਦੋ ਵਿਅਕਤੀ ਹੋਰ ਬੈਠੇ ਸਨ।

"ਯੈੱਸ, ਡਾੱਕਟਰ?"

ਲਾਲੀ ਭਰੀਆਂ ਅੱਖਾਂ ਵੇਖ ਕੇ ਅਰਸ਼ ਨੂੰ ਡਾਕਟਰਾਂ ਵਿੱਚ ਮਸ਼ਹੂਰ ਉਸ ਦੇ ਗੁੰਡਾਗਰਦੀ ਵਾਲੇ ਚਰਚੇ ਯਾਦ ਆ ਗਏ।

"ਸਰ...," ਉਸ ਨੇ ਹਿੰਮਤ ਇਕੱਠੀ ਕੀਤੀ। "ਸਰ, ਇੱਕ ਪੇਸ਼ੈਂਟ ਐ! ਔਰਤ ਐ! ਥੋੜ੍ਹੀ ਫਾਈਨੈਂਸ਼ਲ ਕ੍ਰਾਈਸਿਸ ਕਰਕੇ ਟ੍ਰੀਟਮੈਂਟ ਰੁਕ ਗਿਐ ਉਸ ਦਾ!"

"ਡੋਂਟ ਵੱਰੀ!" ਚੇਅਰਮੈਨ ਨੇ ਉਸ ਨੂੰ ਵਿਚਕਾਰੋਂ ਹੀ ਟੋਕਿਆ, "ਮੇਰੇ ਪੀ.

ਏ. ਨੂੰ ਡਿਟੇਲਜ਼ ਦੇ ਦਿਓ! ਆਈ ਵਿਲ ਸੀ!"

"ਥੈਂਕ ਯੂ, ਸਰ!" ਉਸ ਨੇ ਔਖਾ ਪੇਪਰ ਪੂਰਾ ਕਰ ਲੈਣ ਵਾਂਗ ਹੌਲਾ-ਫੁੱਲ ਮਹਿਸੂਸ ਕੀਤਾ।

ਪੀ. ਏ. ਨੇ ਇੰਟਰਕਾੱਮ ਦਾ ਰਿਸੀਵਰ ਰੱਖਦਿਆਂ ਉਸ ਨੂੰ ਦੱਸਿਆ, "ਸਰ ਨੇ ਵੀਹ ਪ੍ਰਸੈਂਟ ਡਿਸਕਾਊਂਟ ਕਰ ਦਿੱਤੈ! ਮੈਂ ਅਕਾਊਂਟਸ ਡਿਪਾਰਟਮੈਂਟ 'ਚ ਫੋਨ ਕਰ ਦਿੰਦਾ ਆਂ! ਪੇਸ਼ੈਂਟ ਦੀ ਡਿਟੇਲਸ ਦੱਸ ਦਿਓ।"

ਡਾਕਟਰ ਅਰਸ਼ ਉਥੋਂ ਆ ਕੇ ਆਪਣੇ ਕੰਮ ਵਿੱਚ ਫਿਰ ਜੁਟ ਗਿਆ।

ਰਾਤ ਨੂੰ ਸੁੱਤੇ ਪਿਆਂ ਮੋਬਾਇਲ ਫੋਨ ਤੜਫਿਆ। ਨਵਜੋਤ ਦੀ ਤਾਂ ਜਿਵੇਂ ਨੀਂਦ 'ਚ ਚੀਕ਼ ਹੀ ਨਿਕਲ ਗਈ ਸੀ।

"ਡਾਕਟਰ ਸਾਹਬ! ਜਿੰਨੇ ਪੈਹੇ ਕਹੇ ਸੀ, ਅਸੀਂ ਭਰ 'ਤੇ! ਹੁਣ ਇਹ ਆਕਸੀਜ਼ਨ ਦੇ ਸਲੰਡਰ ਲਈ ਪੰਜਾਹ ਹਜ਼ਾਰ ਮੰਗੀ ਜਾ ਰਹੇ ਨੇ!...!"

"ਕੌਣ ਨੇ ਇਹ ਲੋਕ, ਅੱਧੀ ਰਾਤ...?" ਨਵਜੋਤ ਨੂੰ ਅੱਚਵੀ ਮਹਿਸੂਸ ਹੋ ਰਹੀ ਸੀ।

ਡਾਕਟਰ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ।

ਬਿਨਾ ਵਾਧੂ ਸੋਚਿਆਂ ਉਸ ਨੇ ਚੇਅਰਮੈਨ ਦੇ ਪੀ. ਏ. ਨੂੰ ਫੋਨ ਮਿਲਾਇਆ।

ਉਨੀਂਦਰੀ ਅਵਾਜ਼ ਵਿੱਚ ਪੀ. ਏ. ਨੇ ਜਵਾਬ ਦਿੱਤਾ, "ਡਾੱਕਟਰ ਸਾਹਿਬ, ਆਈ ਕਾਂਟ ਹੈਲਪ ਇੱਟ! ਆਕਸੀਜ਼ਨ ਘੱਟ ਐ, ਤੇ ਡਿਮਾਂਡ ਜ਼ਿਆਦਾ ਐ!...ਫਿਰ ਵੀ ਤੁਸੀਂ ਸਰ ਨਾਲ ਗੱਲ ਕਰਕੇ ਵੇਖ ਲਉ।"

ਅਗਲਾ ਨੰਬਰ ਮਿਲਾਉਂਦੇ ਹੋਏ ਅਰਸ਼ ਨੂੰ ਅੰਦਰ ਡੋਬੂ ਪੈਂਦਾ ਮਹਿਸੂਸ ਹੋਇਆ।

ਕਈ ਘੰਟੀਆਂ ਵੱਜੀਆਂ। ਪਰ ਚੇਅਰਮੈਨ ਨੇ ਫੋਨ ਨਹੀਂ ਚੁੱਕਿਆ।

ਨਾ ਹੀ ਸਵੇਰੇ ਉਸ ਦੀ ਕਾੱਲ ਆਈ।

ਪਰ ਅਰਸ਼ ਦੇ ਹਸਪਤਾਲ ਪਹੁੰਚਣ ਤੱਕ ਹੰਗਾਮਾ ਖੜ੍ਹਾ ਹੋਇਆ ਪਿਆ ਸੀ।

ਧਰਨਾਕਾਰੀਆਂ 'ਚ ਬੈਠੇ ਉਸੇ ਬਜ਼ੁਰਗ ਦੀ ਦਾੜ੍ਹੀ ਰੋ-ਰੋ ਤਰ ਹੋ ਚੁੱਕੀ ਸੀ। ਉਸ ਦਾ ਮੁੰਡਾ ਪ੍ਰੈੱਸ ਦੇ ਨੁਮਾਇੰਦਿਆਂ ਨੂੰ ਦੱਸ ਰਿਹਾ ਸੀ, "ਇਹਨਾਂ ਆਕਸੀਜ਼ਨ ਵੰਨ੍ਹੀਓਂ ਮੇਰੀ ਮੰਮੀ ਮਾਰ 'ਤੀ! ਸਾਡਾ ਲੱਖਾਂ ਰੁਪਈਆ ਖਰਚ ਹੋ ਗਿਆ! ਜਦੋਂ ਨੂੰ ਇਹ ਆਕਸੀਜ਼ਨ ਦੇਣ ਨੂੰ ਰਾਜ਼ੀ ਹੋਏ, ਸਾਡਾ ਪੇਸ਼ੈਂਟ ਖਤਮ ਹੋ ਗਿਆ!...!"

ਪੁਲਿਸ ਦੀਆਂ ਗੱਡੀਆਂ ਆਈਆਂ। ਐਸ. ਪੀ. ਨੇ ਧਰਨਾਕਾਰੀਆਂ ਨਾਲ ਗੱਲ ਕੀਤੀ। ਲੋਕਾਂ ਨੂੰ ਤਿਤਰ-ਬਿਤਰ ਕਰ ਦਿੱਤਾ ਗਿਆ।

ਉਸ ਦਿਨ ਅਰਸ਼ ਨੂੰ ਦੁਬਾਰਾ ਇਸੇ ਨੰਬਰ ਤੋਂ ਫੋਨ ਆਇਆ ਸੀ, "ਡਾਕਟਰ ਸਾਹਬ! ਡੀ. ਸੀ. ਨੇ ਸਾਡੇ ਕੇਸ 'ਚ ਜਾਂਚ ਕਮੇਟੀ ਬਣਾਈ ਏ! ਤੁਹੀਂ ਕ੍ਰਿਪਾ ਕਰਕੇ ਪੂਰੀ ਗੱਲ ਦੱਸਿਓ ਕਮੇਟੀ ਨੂੰ!"



ਡਾਕਟਰ ਅਰਸ਼ ਨੇ ਬਿਨਾ ਕੋਈ ਜਵਾਬ ਦਿੱਤਿਆਂ ਫੋਨ ਬੰਦ ਕਰ ਦਿੱਤਾ ਸੀ।

ਉਸ ਨੂੰ ਡਾਇਰੈਕਟਰ ਨੇ ਵੀ ਬੁਲਾਇਆ ਸੀ। "ਦੇਖੋ, ਡਾੱਕਟਰ! ਆਪਾਂ ਇਹਨਾਂ ਪੰਗਿਆਂ 'ਚ ਨ੍ਹੀਂ ਪੈਣਾ! ਤੁਸੀਂ ਇਨਕੁਆਇਰੀ ਕਮੇਟੀ ਨਾਲ ਕੋਈ ਗੱਲ ਨ੍ਹੀਂ ਕਰਨੀ! ਨਾਲੇ, ਤੁਹਾਡਾ ਤਾਂ ਉਹ ਪੇਸ਼ੈਂਟ ਈ ਹੈ ਨ੍ਹੀਂ ਸੀ! ਨਾਂਹ ਤੁਹਾਡਾ ਕੋਈ ਦੋਸਤ, ਨਾ ਰਿਸ਼ਤੇਦਾਰ!...ਚੇਅਰਮੈਨ ਦਾ ਤਾਂ ਤੁਹਾਨੂੰ ਪਤਾ ਈ ਐ ਉੱਪਰ ਤੱਕ ਪਾਵਰ ਐ ਉਹਦੀ!....ਆਪਾਂ ਫੈਮਲੀਜ਼ ਵਾਲੇ ਬੰਦੇ ਆਂ! ਪਾਣੀ 'ਚ ਰਹਿ ਕੇ ਮਗਰਮੱਛ ਨਾਲ ਵੈਰ ਨ੍ਹੀਂ ਲੈਣਾ!"

ਅਰਸ਼ ਉਥੋਂ ਵੀ ਬਿਨਾ ਕੋਈ ਜਵਾਬ ਦਿੱਤਿਆਂ ਬਾਹਰ ਆ ਗਿਆ ਸੀ।

ਨਵਜੋਤ ਨੂੰ ਵੀ ਉਸ ਨੇ ਇੰਨਾ ਹੀ ਕਿਹਾ ਸੀ, "ਪਤਾ ਨ੍ਹੀਂ! ਮੇਰਾ ਕੇਸ ਨਹੀਂ ਸੀ!"

ਅਣਜਾਣ ਨੰਬਰਾਂ ਤੋਂ ਉਸ ਦਾ ਫੋਨ ਵੱਜਦਾ ਰਿਹਾ। ਉਸ ਨੇ ਕੋਈ ਕਾੱਲ ਨਹੀਂ ਲਈ।....

ਫਰਸ਼ 'ਤੇ ਖਿੰਡੇ ਬਲਾੱਕਾਂ ਵਿਚਕਾਰੋਂ ਮਾਨਵ ਨੇ ਫਿਰ ਉਸ ਵੱਲ ਵੇਖਿਆ, "ਪਾਪਾ! ਮੈਂ ਬੜਾ ਹੋ ਕੇ ਓ-ਟੂ ਬਨਾਊਂਗਾ!"

ਪਾਪਾ ਨੂੰ ਚੁੱਪ ਵੇਖ ਉਸ ਨੇ ਅਗਲਾ ਸਵਾਲ ਕੀਤਾ, "ਪਾਪਾ! ਓ-ਟੂ ਬਿਲਕੁਲ ਖ਼ਤਮ ਹੋਗੀ?" ਫਿਰ ਜਵਾਬ ਉਡੀਕੇ ਬਿਨਾ ਉਹ ਖ਼ੁਦ ਹੀ ਬੋਲਿਆ, "ਸਾਡੇ ਸਾਈਂਸ ਮੈਮ ਕਹਿੰਦੇ ਸੀ, ਓ-ਟੂ ਤਾਂ ਸਾਡੇ ਐਨਵਾਇਰਨਮੈਂਟ 'ਚ ਆਲਰੇਡੀ ਹੁੰਦੀ ਐ!"

"ਬੇਟੇ, ਜਦੋਂ ਪੇਸ਼ੈਂਟ ਦੇ ਲੰਗਜ਼ 'ਚ ਪ੍ਰਾੱਬਲਮ ਹੋ ਜਾਂਦੀ ਐ ਤਾਂ ਆਕਸੀਜ਼ਨ ਬਾਹਰੋਂ ਦੇਣੀ ਪੈਂਦੀ ਐ।" ਸਵਾਲਾਂ ਦੇ ਦੁਹਰਾਉ ਨੂੰ ਠੱਲ੍ਹ ਪਾਉਣ ਲਈ ਅਰਸ਼ ਨੂੰ ਆਪਣੇ ਖਿਆਲਾਂ ਦੀ ਉਧੇੜ-ਬੁਣ 'ਚੋਂ ਨਿਕਲਣਾ ਪਿਆ।

"ਪਾਪਾ, ਜੇ ਸਾਡੇ ਕੋਲ ਆੱਕਸੀਜ਼ਨ ਹੈ ਤਾਂ ਫਿਰ ਪੇਸ਼ੈਂਟਸ ਨੂੰ ਕਿਉਂ ਨ੍ਹੀ ਦਿੰਦੇ?" ਬਲਾੱਕਾਂ ਨੂੰ ਇੱਕ-ਦੂਜੇ 'ਤੇ ਟਿਕਾਉਂਦਿਆਂ ਜਿਵੇਂ ਇਹ ਸਵਾਲ ਉਸ ਨੂੰ ਅਚਾਨਕ ਸੁੱਝਿਆ ਹੋਵੇ।

"ਬੇਟੇ! ਆਕਸੀਜ਼ਨ ਤਾਂ ਸ਼ਾਇਦ ਹੈ! ਪਰ ਟ੍ਰਾਂਸਪੋਰਟੇਸ਼ਨ 'ਚ ਪ੍ਰਾੱਬਲਮ ਆ ਰਹੀ ਐ!"

"ਪਾਪਾ, ਡਰਾਇਵਰ ਟ੍ਰਾਂਸਪੋਰਟ ਕਿਉਂ ਨ੍ਹੀਂ ਕਰਦੇ? ਮੈਂ ਬੜਾ ਹੋ ਕੇ ਡਰਾਇਵਰ ਬਨੂੰਗਾ, ਤੇ ਆਕਸੀਜ਼ਨ ਟ੍ਰਾਂਸਪੋਰਟ ਕਰਿਆ ਕਰੂੰਗਾ!"

"ਡਰਾਇਵਰ ਦਾ ਕਸੂਰ ਨ੍ਹੀਂ, ਬੇਟੇ...!" ਦੋ ਦਿਨ ਪਹਿਲਾਂ ਦੀ ਖ਼ਬਰ ਅਰਸ਼ ਦੀਆਂ ਸੋਚਾਂ 'ਚ ਘੁੰਮ ਗਈ। ਇੱਕ ਡਰਾਇਵਰ ਤੇ ਉਸ ਦੇ ਅਸਿਸਟੈਂਟ ਦੀ ਅਖ਼ਬਾਰ 'ਚ ਫੋਟੋ। ਉਪਰ ਸੁਰਖ਼ੀ ਸੀ: 'ਚਾਰ ਸੌ ਪੰਜਾਹ ਕਿਲੋਮੀਟਰ 'ਤੇ ਆਕਸੀਜ਼ਨ ਦਾ ਟੈਂਕਰ ਅੱਠ ਘੰਟਿਆਂ ਚ ਪਹੁੰਚਾਇਆ; ਰਸਤੇ 'ਚ ਪਾਣੀ ਵੀ ਨਹੀਂ ਪੀਤਾ'....। "ਗੌਰਮਿੰਟ ਦੀ

ਗਲਤੀ ਐ!"

"ਗੌਰਮਿੰਟ ਗੰਦੀ ਐ, ਪਾਪਾ?...ਮੈਂ ਬੜਾ ਹੋ ਕੇ ਪ੍ਰਾਈਮ ਮਿਨਿਸਟਰ ਬਣੂੰਗਾ!"

"ਗੌਰਮਿੰਟ ਵੀ ਤਾਂ, ਬੇਟੇ, ਸਾਡੇ 'ਚੋਂ ਈ ਐ! ਜਿਹੋ ਜਿਹੇ ਅਸੀਂ ਹੋਵਾਂਗੇ, ਉਹੋ ਜਿਹੀ ਹੀ ਸਾਨੂੰ ਗੌਰਮਿੰਟ ਮਿਲੇਗੀ!"

"ਓ. ਕੇ.!...!" ਮਾਨਵ ਨੇ ਕੁੱਝ ਸਮਾਂ ਸੋਚਿਆ, "ਤਾਂ ਫਿਰ, ਪਾਪਾ, ਮੈਂ ਚੰਗਾ ਹਿਊਮਨ ਬੀਇੰਗ ਬਣੂੰਗਾ!" ਤੇ ਉਹ ਬਣ ਰਹੀ ਇਮਾਰਤ ਦੇ ਸਿਖ਼ਰ 'ਤੇ ਬਾਕੀ ਬਚੇ ਬਲਾੱਕ ਸੈੱਟ ਕਰਨ ਲੱਗ ਪਿਆ।

ਡਾਕਟਰ ਉਸ ਨੂੰ ਖੇਡ 'ਚ ਰੁੱਝਿਆਂ ਵੇਖਦਾ ਰਿਹਾ।

ਸ਼ਹੀਦੀ ਦਿਵਸ ਬਾਰੇ ਪ੍ਰੋਗਰਾਮ 'ਚ ਸੁਣੇ ਸ਼ਬਦ ਉਸ ਦੇ ਮੱਥੇ 'ਚ ਗੂੰਜੇ: "ਨੌਂ–ਸਾਲਾਂ ਦੇ ਬਾਲ ਗੋਬਿੰਦ ਨੇ ਗੁਰੂ ਜੀ ਨੂੰ ਕਿਹਾ: ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਕੌਣ ਹੋ ਸਕਦੈ? ਸੁਣ ਕੇ ਗੁਰੂ ਤੇਗ਼ ਬਹਾਦੁਰ ਸਾਹਿਬ ਨੇ ਬਲੀਦਾਨ ਦੇਣ ਦਾ ਫੈਸਲਾ ਕਰ ਲਿਆ!"

ਅਰਸ਼ ਨੇ ਉੱਠ ਕੇ ਮਾਨਵ ਦਾ ਮੂੰਹ ਚੁੰਮ ਲਿਆ, "ਪਹਿਲਾਂ ਤੇਰਾ ਬਾਪ ਤਾਂ ਚੰਗਾ ਇਨਸਾਨ ਬਣ–ਜਾਏ!"

ਮਾਨਵ ਉਸ ਦੇ ਮੁਸਕੁਰਾਉਂਦੇ ਚਿਹਰੇ ਨੂੰ ਹੈਰਾਨੀ ਨਾਲ ਵੇਖਦਾ ਰਿਹਾ।

ਪਰ ਉਸ ਨੂੰ ਲੈਪ–ਟਾੱਪ ਚੁੱਕਦਿਆਂ ਵੇਖ ਉਹ ਦੁਬਾਰਾ ਖੇਡ 'ਚ ਲੱਗ ਗਿਆ।

ਆਪਣੀ ਮੇਲ ਆਈ. ਡੀ. ਖੋਲ੍ਹ ਅਰਸ਼ ਨੇ ਟਾਈਪ ਕਰਨਾ ਸ਼ੁਰੂ ਕੀਤਾ।

ਟਾਈਪਿੰਗ ਮੁਕਾ ਲੈਣ 'ਤੇ ਉਸ ਨੇ ਮੇਲ ਨੂੰ ਉੱਪਰੋਂ ਹੇਠਾਂ ਵੱਲ ਦੁਬਾਰਾ ਪੜ੍ਹਿਆ।

ਤਸੱਲੀ ਹੋ ਜਾਣ 'ਤੇ ਉਸ ਨੇ 'ਸਬਜੈਕਟ' 'ਚ "ਰੈਜ਼ਿਗਨੇਸ਼ਨ" ਲਿਖਿਆ, ਅਤੇ 'ਸੈਂਡ' ਵਾਲਾ ਬਟਨ ਦੱਬ ਦਿੱਤਾ।

ਡੂੰਘਾ ਸਾਹ ਭਰਦਿਆਂ ਉਸ ਨੇ ਫੋਨ ਚੁੱਕਿਆ। ਕਾੱਲ–ਲਾੱਗ 'ਚੋਂ ਉਹ ਮਿੱਸ ਕਾੱਲਾਂ ਫਰੋਲਣ ਲੱਗ ਪਿਆ।

*****



# ਫੈਸਲਾ

ਮੈਂ ਉਸ ਨੂੰ ਕੈਂਟੀਨ ਵਿੱਚ ਬੈਠਿਆਂ ਵੇਖਿਆ। ਮੈਂ ਦੋਸਤਾਂ ਨੂੰ ਕਿਹਾ, "ਇੱਕ ਮਿੰਟ, ਮੈਂ ਆਇਆ!" ਤੇ ਕੈਂਟੀਨ ਅੰਦਰ ਵੜ ਗਿਆ।

ਜਦੋਂ ਮੈਂ ਉਸ ਨੂੰ ਪਹਿਲੀ ਵਾਰ ਐਨ. ਸੀ. ਸੀ. ਵਿੰਗ ਵਿੱਚ ਵੇਖਿਆ ਸੀ, ਤਾਂ ਉਹ ਮੈਨੂੰ ਆਪਣੇ ਸਾਥੀਆਂ ਤੋਂ ਵੱਖਰਾ ਨਜ਼ਰ ਆਇਆ ਸੀ। ਪਰੇਡ ਕਰਦਿਆਂ ਉਹ ਥਿੜਕਦਾ ਸੀ। ਉਸ ਦੇ ਹੱਥ–ਪੈਰ ਉਸ ਦੇ ਉਤਸ਼ਾਹ ਦਾ ਸਾਥ ਨਹੀਂ ਸਨ ਦੇ ਰਹੇ। ਉਸ ਦੀ ਨਜ਼ਰ ਦੀ ਐਨਕ ਉਸ ਨੂੰ ਹੋਰ ਹਾਸੋਹੀਣਾ ਬਣਾ ਰਹੀ ਸੀ। ਪਰੇਡ ਤੋਂ ਬਾਅਦ ਉਸ ਦੇ ਲਾਲ ਹੋਏ ਚਿਹਰੇ ਨੂੰ ਵੇਖ ਕੇ ਬਾਕੀ ਕੈਡੇਟ ਵੀ ਹੱਸਣ ਲੱਗ ਪਏ ਸਨ।

ਮੈਨੂੰ ਉਸ 'ਤੇ ਹੈਰਾਨੀ ਹੋਈ ਸੀ। ਇਹ ਬਾਹਰਲੇ ਕੈਂਪ ਕਿਵੇਂ ਲਾ ਸਕੇਗਾ? ਸ਼ਾਇਦ ਬਾਹਰਲੇ ਕੈਂਪਾਂ ਲਈ ਉਸ ਦੀ ਸਿਲੈਕਸ਼ਨ ਹੀ ਨਹੀਂ ਸੀ ਹੋਣੀ! ਐਨ. ਸੀ. ਸੀ. ਦੇ ਵਾਧੂ ਸਰਟਿਫੀਕੇਟ ਇਕੱਠੇ ਕਰਨ ਦੀ ਥਾਂ ਜੇਕਰ ਉਹ ਪੜ੍ਹਾਈ ਵੱਲ ਧਿਆਨ ਦੇਵੇ ਤਾਂ ਜ਼ਿਆਦਾ ਕਾਮਯਾਬ ਹੋ ਸਕਦਾ ਸੀ! ਮੈਂ ਕਈ ਵਾਰ ਉਸ ਨੂੰ ਸਲਾਹ ਦੇਣ ਦਾ ਮਨ ਬਣਾਇਆ ਸੀ।

ਮੈਂ ਕਾਲਜ ਕਦੇ–ਕਦਾਈਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਹੀ ਜਾਂਦਾ ਸੀ। ਕਾਲਜ ਪਹਿਲਾਂ ਵਰਗਾ ਹੀ ਸੀ–ਉਹੋ ਹੀ ਪ੍ਰੋਫੈਸਰ, ਉਹੋ ਹੀ ਕਲਾਸਰੂਮ, ਤੇ ਉਹੋ ਹੀ ਕੈਂਟੀਨ! ਸਿਰਫ ਸਾਡੀ ਥਾਂ ਅਗਲੇ ਵਿਦਿਆਰਥੀਆਂ ਨੇ ਲੈ ਲਈ ਸੀ।

ਕੈਂਟੀਨ 'ਚ ਵੀ ਪਹਿਲਾਂ ਵਾਂਗ ਹੀ ਚਹਿਲ–ਪਹਿਲ ਸੀ। ਸਿਰਫ ਚਿਹਰੇ ਬਦਲ ਗਏ ਸਨ। ਟੈਲੀਵਿਜ਼ਨ 'ਤੇ ਪੰਜਾਬੀ ਗੀਤਾਂ 'ਤੇ ਮਾਡਲ ਡਾਂਸ ਕਰ ਰਹੇ ਸਨ।

ਇਮਰਾਨ ਮੈਨੂੰ ਵੇਖਦਿਆਂ ਹੀ ਖੜ੍ਹਾ ਹੋ ਗਿਆ, "ਜੈ ਹਿੰਦ, ਸਰ!"

ਉਸ ਨੂੰ ਇਕੱਲਿਆਂ ਵੇਖ ਮੈਂ ਉਸ ਦੇ ਸਾਹਮਣੇ ਵਾਲੀ ਕੁਰਸੀ 'ਤੇ ਬੈਠ ਗਿਆ। ਦਬੇ ਹੋਏ ਸਵਾਲ ਮੇਰੇ ਦਿਮਾਗ਼ ਵਿੱਚ ਤਾਜ਼ੇ ਹੋ ਗਏ।

"ਇਮਰਾਨ! ਤੇਰੇ ਪਾਪਾ ਕੀ ਕਰਦੇ ਨੇ?" ਕਈ ਫੌਜੀਆਂ ਦੇ ਬੱਚੇ ਕੇਵਲ ਆਪਣੇ ਪਰਿਵਾਰ ਦੀ ਪਰੰਪਰਾ ਨੂੰ ਅੱਗੇ ਵਧਾਉਣ ਲਈ ਹੀ ਐਨ. ਸੀ. ਸੀ. 'ਚ ਦਾਖ਼ਲ ਹੋ ਜਾਂਦੇ ਸਨ।

"ਸਰ! ਮੈਥ ਟੀਚਰ ਨੇ।"

"ਤੇਰੇ ਕੋਲ ਸਬਜੈਕਟ ਕਿਹੜੇ ਨੇ ?"

"ਨਾੱਨ-ਮੈਡੀਕਲ।"

"ਡਿਫੈਂਸ 'ਚ ਤੇਨੂੰ ਵੈਸੇ ਦਿਲਚਸਪੀ ਹੋਣੀ ਐ....!"

"ਨਹੀਂ ਸਰ! ਪੈਸ਼ਨ ਤਾਂ ਮੇਰਾ ਮੈਥੇਮੈਟਿਕਸ ਐ!"

"ਫੇਰ ਐਨ.ਸੀ.ਸੀ....?"

"ਸਰ! ਅਸਲ 'ਚ, ਇਹ ਫੈਸਲਾ ਮੈਂ ਏਥੇ ਕੰਟੀਨ 'ਚ ਬੈਠਿਆਂ ਈ ਲਿਆ ਸੀ!....ਉਸ ਦਿਨ....," ਕਹਿੰਦਿਆਂ ਉਹ ਖਲਾਅ 'ਚ ਝਾਕਿਆ। ਉਸ ਨੇ ਆਪਣੀ ਕਹਾਣੀ ਸੁਣਾਈ....

....ਉਸ ਦਿਨ ਇਮਰਾਨ ਨੂੰ ਵੀ ਯਕੀਨ ਨਹੀਂ ਸੀ ਹੋ ਰਿਹਾ ਕਿ ਜ਼ਿੰਦਗੀ 'ਚ ਜੋ ਸੋਚੋ, ਉਹ ਸੱਚਮੁੱਚ ਵਾਪਰ ਵੀ ਸਕਦਾ ਹੈ। ਕਾਲਜ ਆਉਣ ਲੱਗਿਆਂ ਜਦੋਂ ਉਸ ਨੇ ਮੋਟਰਸਾਈਕਲ ਦੀ ਕਿੱਕ ਮਾਰੀ ਤਾਂ ਉਹ ਇਹਨਾਂ ਹੀ ਖ਼ਿਆਲਾਂ ਵਿੱਚ ਗੁੰਮ ਸੀ। ਮੋਟਰਸਾਈਕਲ ਦੇ ਹੈਂਡਲ ਦੀਆਂ ਤਾਰਾਂ ਵਿੱਚ ਫਸਾਇਆ ਅਖ਼ਬਾਰ ਉਸ ਨੂੰ ਰੇਸ ਤੇਜ਼ ਕਰਨ ਲਈ ਮਜਬੂਰ ਕਰ ਰਿਹਾ ਸੀ। "ਅੱਜ ਤਾਂ ਉਹਨਾਂ ਨੂੰ ਜਵਾਬ ਦੇਣਾ ਈ ਪਊ...!" ਨਾਲ-ਨਾਲ ਉਸ ਦਾ ਦਿਮਾਗ਼ ਦੌੜ ਰਿਹਾ ਸੀ।

ਕਈ ਵਾਰ ਅੱਤਵਾਦੀ ਹਮਲੇ ਤੋਂ ਬਾਅਦ ਕੈਂਟੀਨ ਚ ਪਏ ਅਖ਼ਬਾਰ ਜਾਂ ਟੈਲੀਵਿਜ਼ਨ ਦੀ ਸਕਰੀਨ ਤੇ ਮੁਸਲਮਾਨ ਨਾਮ ਸਾਹਮਣੇ ਆ ਰਹੇ ਹੁੰਦੇ।

"ਇਸਲਾਮ ਦੀਆਂ ਸਿੱਖਿਆਵਾਂ ਅੱਤਵਾਦ ਦੇ ਖ਼ਿਲਾਫ ਨੇ!" ਇਮਰਾਨ ਤਰਕ ਦਿੰਦਾ।

"ਫੇਰ, ਯਾਰ, ਇਮਰਾਨ! ਤੁਸੀਂ ਇਹਨਾਂ ਨੂੰ ਰੋਕਦੇ ਕਿਉਂ ਨ੍ਹੀਂ ?" ਰਮਨ ਸਵਾਲ ਕਰਦਾ। ਇਮਰਾਨ ਦੇ ਮੱਥੇ ਦੀਆਂ ਨਸਾਂ ਕਸੀਆਂ ਜਾਂਦੀਆਂ ਤੇ ਦੰਦ ਕਰੀਚੇ ਜਾਂਦੇ। "ਮੇਰੇ ਕਿਹੜਾ ਏਹ ਮਾਮੇ ਦੇ ਮੁੰਡੇ ਨੇ ?"

"ਓ, ਰਮਨ! ਇਹ ਗੱਲ ਕੋਈ ਕਰਨ ਆਲੀ ਐ! ਹਰੇਕ ਧਰਮ 'ਚ ਕੁਝ ਕਾਲੀਆਂ ਭੇਡਾਂ ਹੁੰਦੀਆਂ ਈ ਨੇ!...ਛੱਡੋ, ਯਾਰ! ਇੱਕ-ਇੱਕ ਸਮੋਸਾ ਹੋਰ ਮੰਗਵਾਓ!" ਰਾਜਪ੍ਰੀਤ ਬੋਲਦਾ।

ਇਸੇ ਕੈਂਟੀਨ ਵਿੱਚ ਬੈਠਿਆਂ ਰਮਨ ਬੋਲਿਆ ਸੀ, "ਜੇ ਕਿਤੇ ਇਮਰਾਨ ਡਿਫੈਂਸ ਜਾਂ ਆਈ. ਪੀ. ਐਸ. 'ਚ ਗਿਆ, ਤਾਂ ਏਹਨੂੰ ਆਪਣਾ ਨਾਮ ਬਦਲਣਾ ਪਊ!"

"ਕਿਉਂ ?" ਇਮਰਾਨ ਦੇ ਮੱਥੇ ਦੀਆਂ ਨਸਾਂ ਕਸੀਆਂ ਗਈਆਂ ਸਨ।

"ਤੇਰਾ ਤਾਂ ਨਾਮ ਦੇਖ ਕੇ ਈ ਇੰਟਰਵਿਊ ਆਲੇ ਹੈਂਡਜ਼-ਅੱਪ ਕਰ ਲੈਣਗੇ!" ਰਮਨ ਹੱਸਦਾ ਰਿਹਾ ਸੀ।

"ਇੰਡੀਆ 'ਚ ਕਿੰਨੇ ਆਈ. ਪੀ. ਐਸ. ਮੁਸਲਮਾਨ ਨੇ!" ਇਮਰਾਨ ਦਾ ਜਵਾਬ ਹਾਸੇ-ਠੱਠੇ 'ਚ ਗਵਾਚ ਗਿਆ ਸੀ।



ਇਮਰਾਨ ਤਾਰਕਿਕ ਹੁੰਦਾ-ਹੁੰਦਾ ਥੱਕ ਚੁੱਕਿਆ ਸੀ! ਪੜ੍ਹੀਆਂ ਹੋਈਆਂ ਇਸਲਾਮੀ ਕਿਤਾਬਾਂ ਉਸ ਨੂੰ ਅਸਫਲ ਹੁੰਦੀਆਂ ਮਹਿਸੂਸ ਹੋਣ ਲੱਗ ਪਈਆਂ ਸਨ।

ਪਰ ਉਸ ਦਿਨ ਜਦੋਂ ਉਸ ਨੇ ਘਰ ਟੈਲੀਵਿਜ਼ਨ ਚਲਾਇਆ ਸੀ ਤਾਂ ਉਸ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਸੀ ਹੋ ਰਿਹਾ।

ਉਸ ਦੇ ਮਨ ਵਿੱਚ ਤਾਂ ਕਈ ਵਾਰ ਆਇਆ ਸੀ, "ਕਾਸ਼! ਜੇ ਕਦੇ ਮਸੀਤ 'ਚ ਵੀ ਧਮਾਕਾ ਹੋਵੇ!... ਫੇਰ ਮੈਂ ਇਹਨਾਂ ਤੋਂ ਪੁੱਛਾਂ!...ਮੈਂ ਸਵਾਲ ਕਰਾਂ, ਤੇ ਇਹਨਾਂ ਨੂੰ ਜਵਾਬ ਦੇਣਾ ਪਵੇ!....!"

ਅਗਲੀ ਸਵੇਰ ਜਦੋਂ ਉਸ ਨੇ ਅਖ਼ਬਾਰ ਚੁੱਕਿਆ ਤਾਂ ਪਹਿਲੀ ਸੁਰਖ਼ੀ ਸੀ: 'ਜਾਮਾ ਮਸਜਿਦ ਵਿੱਚ ਧਮਾਕਾ'!

ਇਮਰਾਨ ਜਦੋਂ ਕਲਾਸ ਵਿੱਚ ਦਾਖ਼ਲ ਹੋਇਆ ਤਾਂ ਕੈਮਿਸਟਰੀ ਦਾ ਲੈਕਚਰ ਜਾਰੀ ਸੀ। ਰਾਜਪ੍ਰੀਤ ਨੇ ਥੋੜ੍ਹੀ ਦੇਰ ਲਈ ਕਾਪੀ ਤੋਂ ਚਿਹਰਾ ਚੁੱਕਿਆ ਤੇ ਅੱਖਾਂ ਨਾਲ "ਹੈਲੋ" ਕਿਹਾ। ਰਮਨ ਲੈਕਚਰ ਨੋਟ ਕਰਨ ਵਿੱਚ ਮਗਨ ਸੀ। ਇਮਰਾਨ ਉਸ ਦੇ ਨਾਲ ਵਾਲੀ ਖਾਲੀ ਸੀਟ 'ਤੇ ਬੈਠ ਗਿਆ।

ਨੋਟਸ ਲੈਣ ਦੌਰਾਨ ਉਸ ਦਾ ਹੱਥ ਵਾਰ-ਵਾਰ ਕਾਪੀ ਹੇਠਲੇ ਅਖ਼ਬਾਰ ਵੱਲ ਜਾ ਰਿਹਾ ਸੀ।

ਕਲਾਸ 'ਚੋਂ ਨਿੱਕਲਦਿਆਂ ਹੀ ਉਸ ਨੇ ਰਾਜਪ੍ਰੀਤ ਨੂੰ ਆਖਿਆ, "ਚਲੋ! ਕੰਟੀਨ ਚਲਦੇ ਆਂ!"

ਰਾਜਪ੍ਰੀਤ ਨੇ ਉਸ ਵੱਲ ਹੈਰਾਨੀ ਨਾਲ ਵੇਖਿਆ, "ਪਰ ਮੈਥ ਦੀ ਕਲਾਸ ?"

"ਛੱਡ ਪਰ੍ਹਾਂ ਕਲਾਸ!...ਸਮੋਸੇ ਖਾਂਦੇ ਆਂ ਚੱਲ ਕੇ!"

"ਚਲੋ!" ਕਹਿੰਦਿਆਂ ਰਮਨ ਨੇ ਕੈਂਟੀਨ ਵੱਲ ਪੈਰ ਪੁੱਟਿਆ। ਰਾਜਪ੍ਰੀਤ ਵੀ ਦੋਹਾਂ ਦੇ ਪਿੱਛੇ ਤੁਰ ਪਿਆ।

ਕੈਂਟੀਨ ਵਿੱਚ ਮੇਜ਼ 'ਤੇ ਪਏ ਚਾਹ ਦੇ ਖਾਲੀ ਗਲਾਸਾਂ ਨੂੰ ਪਰ੍ਹਾਂ ਸਰਕਾ, ਇਮਰਾਨ ਨੇ ਹਥਲਾ ਅਖ਼ਬਾਰ ਵਿਛਾ ਲਿਆ। "ਕੱਲ੍ਹ ਕਿੰਨਾ ਬੜਾ ਧਮਾਕਾ ਹੋਇਐ ਮਸੀਤ 'ਚ!"

"ਹਾਂ, ਯਾਰ! ਕਿੰਨੇ ਬੰਦੇ ਮਾਰੇ ਗਏ!" ਰਾਜਪ੍ਰੀਤ ਨੇ ਹੁੰਗਾਰਾ ਭਰਿਆ।

"ਓ, ਹੈਲੋ!....," ਰਮਨ ਨੇ ਕੈਂਟੀਨ ਵਾਲੇ ਮੁੰਡੂ ਨੂੰ ਅਵਾਜ਼ ਮਾਰੀ, "ਨਿਊਜ਼ ਲਾਈਂ!"

ਟੈਲੀਵਿਜ਼ਨ 'ਤੇ ਟਾਈ-ਕੋਟ ਵਾਲਾ ਨਿਊਜ਼ ਐਂਕਰ ਪ੍ਰਗਟ ਹੋਇਆ। ਸਾਰਿਆਂ ਦੀਆਂ ਅੱਖਾਂ ਉਸ ਵੱਲ ਘੁੰਮ ਗਈਆਂ। ਐਂਕਰ ਦੀ ਤਸਵੀਰ ਹੇਠ 'ਬ੍ਰੇਕਿੰਗ ਨਿਊਜ਼' ਵਾਲੇ ਸਕਰਾੱਲ ਚੱਲ ਰਹੇ ਸਨ। ਇਮਰਾਨ ਨੇ ਪੜ੍ਹਿਆ। ਉਸ ਅੰਦਰ ਜਿਵੇਂ ਧਮਾਕਾ ਹੋਇਆ ਹੋਵੇ!

ਮਸੀਤ ਵਿੱਚ ਬੰਬ ਰੱਖਣ ਵਾਲੇ ਮੁਲਜ਼ਮਾਂ ਦੇ ਸਾਰੇ ਨਾਮ ਮੁਸਲਮਾਨ ਸਨ। ਇਮਰਾਨ ਦੇ ਦਿਮਾਗ਼ ਵਿੱਚ ਸ਼ਬਦਾਂ ਦੀ ਬਣੀ ਪੂਰੀ ਇਮਾਰਤ ਢਹਿ-ਢੇਰੀ ਹੋ ਗਈ।

"ਚਲੋ, ਯਾਰ ਚੱਲੀਏ!" ਇਮਰਾਨ ਬੋਲਿਆ। ਬਾਕੀ ਦੋਹਾਂ ਦੋਸਤਾਂ ਨੇ ਉਸ ਵੱਲ ਹੈਰਾਨੀ ਨਾਲ ਵੇਖਿਆ। "ਕੀ ਹੋ ਗਿਆ ਅੱਜ ਤੇਨੂੰ?" ਰਾਜਪ੍ਰੀਤ ਨੇ ਪੁੱਛਿਆ।

"ਮੇਨੂੰ ਯਾਦ ਆਇਆ! ਅੱਜ ਮੈਥ ਦਾ ਲੈਕਚਰ ਮਿਸ ਨ੍ਹੀਂ ਕਰਨਾ! ਸਰ ਨੇ ਕੱਲ੍ਹ ਕਿਹਾ ਸੀ ਅੱਜ ਉਹਨਾਂ ਨੇ ਜ਼ਰੂਰੀ ਨੋਟਸ ਦੇਣੇ ਨੇ!" ਆਖਦਿਆਂ ਉਹ ਕੁਰਸੀ ਤੋਂ ਉੱਠ ਕੈਂਟੀਨ ਦੇ ਦਰਵਾਜ਼ੇ ਵੱਲ ਤੁਰ ਗਿਆ....

"ਸਰ! ਮੈਂ ਉਸ ਦਿਨ ਇਰਾਦਾ ਕਰ ਲਿਆ – ਮੈਂ ਆਰਮੀ ਜੁਆਇਨ ਕਰੂੰਗਾ!... ਮੁਸਲਮਾਨਾਂ ਦੀ ਦੇਸ਼-ਭਗਤੀ ਦਖਾਉਣ ਦਾ ਮੇਨੂੰ ਇਹੀ ਤਰੀਕਾ ਸੁੱਝਿਆ!"

"ਪਰ, ਇਮਰਾਨ! ਦੇਸ਼ ਦੀ ਸੇਵਾ ਤਾਂ ਤੂੰ ਮੈਥੇਮੈਟੀਸ਼ੀਅਨ ਬਣ ਕੇ ਵੀ ਕਰ ਸਕਦੈਂ!...ਐਨ.ਸੀ.ਸੀ....?"

"ਆਈ ਨੋਅ ਸਰ! ਹੁਣ ਮੈਂ ਐਨ.ਸੀ.ਸੀ. ਛੱਡ-'ਤੀ ਐ!"

"....!?"

"ਐਕਚੁਅਲੀ, ...ਸਰ, ਮੇਨੂੰ ਪਤਾ ਲੱਗਿਐ, ਸ਼ਹਿਰ 'ਚ ਸਭਾ ਦੀ ਇੱਕ ਮੀਟਿੰਗ ਹੋਈ ਐ...ਬਈ, ਮੁਸਲਮਾਨ ਪੁਲਿਸ ਤੇ ਡਿਫੈਂਸ ਸਰਵਿਸਜ਼ 'ਚ ਕਿਉਂ ਜਾ ਰਹੇ ਨੇ! ਰਮਨ ਦੱਸਦਾ ਸੀ –ਉਹ ਕਹਿੰਦੇ ਨੇ ਕਿ ਮੁਸਲਮਾਨ ਅਲੱਗ-ਅਲੱਗ ਸਰਵਿਸਿਜ਼ 'ਚ ਜਾ ਕੇ ਦੇਸ਼ 'ਤੇ ਕਬਜ਼ਾ ਕਰਨਾ ਚਾਹੁੰਦੇ ਨੇ! ਉਹ ਇਹਨੂੰ 'ਸਰਵਿਸ ਜਿਹਾਦ' ਕਹਿੰਦੇ ਨੇ!"

ਸੁਣ ਕੇ ਮੈਂ ਦੁਚਿੱਤੀ 'ਚ ਪੈ ਗਿਆ –ਉਸ ਨੂੰ ਕੀ ਆਖਾਂ: ਉਸ ਨੇ ਐਨ.ਸੀ. ਛੱਡ ਕੇ ਸਹੀ ਫੈਸਲਾ ਕੀਤਾ ਸੀ ਜਾਂ ਨਹੀਂ?

*****



# ਛੁਰੀ

ਅੱਬੇ ਨੇ ਮਜੀਦ ਦਾ ਲਿਆਂਦਾ ਚਾਕੂ ਅੱਧ-ਵਿਚਕਾਰ ਰੋਕ ਲਿਆ ਹੈ। ਬੱਕਰੇ ਦੇ ਧੜ 'ਤੇ ਲੱਗਿਆ ਚਾਚਾ ਜੀ ਦਾ ਸਿਰ ਤੜਫਿਆ ਹੈ। ਮੈਨੂੰ ਗਰਦਨ 'ਤੇ ਭਾਰ ਮਹਿਸੂਸ ਹੋਇਆ ਹੈ। ਮੈਂ ਤ੍ਰਭਕ ਕੇ ਅੱਖਾਂ ਖੋਲ੍ਹੀਆਂ ਹਨ।

ਮਜੀਦ ਦਾ ਹੱਥ ਝਟਕ ਕੇ ਪਰ੍ਹਾਂ ਕੀਤਾ ਹੈ। ਉਸ ਦਾ ਗੋਰਾ ਚਿਹਰਾ ਬੇਸੁਧ ਪਿਆ ਹੈ। ਵਿੱਚ-ਵਿੱਚ ਘੁਰਾੜਾ ਮਾਰਦਾ ਹੈ। ਨਿਰਾ ਬੁੱਚੜ! ਮੈਨੂੰ ਚਾਕੂ ਦਿਖਾ ਕੇ ਕਹਿਣਾ ਕੀ ਚਾਹੁੰਦਾ ਸੀ ਇਹ?...

"ਤੂੰ ਵੀ ਬੱਕਰਾ ਕੱਟਿਐ ਕਦੇ?" ਇਕ ਦਿਨ ਕੈਫੇ 'ਚ ਬੈਠਿਆਂ ਮੈਂ ਇਸ ਤੋਂ ਪੁੱਛਿਆ ਸੀ। ਇਸ ਨੇ ਟੀ-ਸ਼ਰਟ ਹੇਠਲੇ ਡੌਲਿਆਂ ਨੂੰ ਹੋਰ ਕਸ ਲਿਆ।

"ਕਸਾਈਆਂ ਦੇ ਬੱਚੇ-ਬੱਚੇ ਨੂੰ ਪਤਾ ਹੁੰਦੈ, ਬੱਕਰੇ 'ਤੇ ਛੁਰੀ ਕਿਵੇਂ ਚਲਾਉਣੀ ਐ!"

"ਤੇਨੂੰ ਡਰ ਨ੍ਹੀਂ ਲੱਗਦਾ?"

ਇਸ ਨੇ ਭਰਵੱਟਿਆਂ ਨੂੰ ਹਰਕਤ ਦਿੱਤੀ ਸੀ।

ਮੈਂ ਨੱਕ ਚੜ੍ਹਾਇਆ। "ਹਾਏ!"

ਮੈਨੂੰ ਇਸ ਦੇ ਸੈਂਟ ਦੀ ਖ਼ੁਸ਼ਬੂ ਆਉਣੀ ਬੰਦ ਹੋ ਗਈ ਸੀ।

ਇਹ ਬੋਲੀ ਜਾ ਰਿਹਾ ਸੀ। "ਜਦੋਂ ਬੱਕਰੇ ਦੀ ਗਰਦਨ 'ਤੇ ਛੁਰੀ ਫਿਰਦੀ ਐ, ਤਾਂ ਉਸ ਦੀ ਗਰਦਨ ਪਾਸੇ ਵੱਲ ਨੂੰ ਲੁੜ੍ਹਕ ਜਾਂਦੀ ਐ।"

"ਜਾਨਵਰ ਤੜਫਦਾ ਨ੍ਹੀਂ?"

"ਜਦੋਂ ਸ਼ਾਹ-ਰਗ਼ ਕਟ ਜੇ, ਤਾਂ ਦਰਦ ਨ੍ਹੀਂ ਮਹਿਸੂਸ ਹੁੰਦਾ। ਛੁਰੀ ਪੂਰੀ ਤੇਜ਼ ਕੀਤੀ ਹੁੰਦੀ ਐ ਪਹਿਲਾਂ।"

"ਜੇ ਚਾਕੂ ਤਿੱਖਾ ਨਾ ਹੋਵੇ...ਜੇ ਕੋਈ ਅੱਧ-ਵਿਚਕਾਰੋਂ ਰੁਕ ਜਾਵੇ, ਤਾਂ...?"

ਇਸ ਨੇ ਦੰਦ ਕੱਢੇ ਸਨ। "ਕਦੇ ਚੱਲੀਂ ਮੇਰੇ ਨਾਲ, ਤੇਨੂੰ ਦਖਾਊਂ!"

ਗੱਲਾਂ ਇਹਦੀਆਂ ਵੱਡੀਆਂ-ਵੱਡੀਆਂ...ਤੇ ਬੱਚੇ ਦੇ ਡਾਇਪਰ ਲਿਆਉਣ ਦਾ ਇਹਦੇ ਕੋਲ ਟਾਇਮ ਨ੍ਹੀ! ਬੱਚਾ ਜੰਮਿਆ ਈ ਕਿਉਂ ਸੀ?

"ਊਂਅ...ਊਂਅ....!" ਹਾਰਿਸ ਨੇ ਚਿਹਰਾ ਹਿਲਾਇਆ ਹੈ।

ਮੈਂ ਉਸ ਦਾ ਸਿਰ ਚੁੱਕ ਕੇ ਮੋਢੇ 'ਤੇ ਰੱਖ ਲਿਆ ਹੈ। ਉਸ ਦਾ ਮੂੰਹ ਆਪਣੇ

ਵੱਲ ਕਰ ਉਸ ਦੀ ਬਾਂਹ ਆਪਣੇ ਸੀਨੇ 'ਤੇ ਰੱਖ ਲਈ ਹੈ। ਹੁਣ ਉਹ ਘੂਕ ਸੌਂ ਗਿਆ ਹੈ।

ਪਤਾ ਨਹੀਂ ਮੈਂ ਇੰਨਾ ਵੱਡਾ ਫੈਸਲਾ ਕਿਵੇਂ ਲੈ ਲਿਆ ?

"ਹਿੰਦੂਆਂ ਦੇ ਮੁੰਡੇ ਕੀ ਮਰ-ਗੇ ਸਾਰੇ !?" ਚਾਚਾ ਜੀ ਦੇ ਸ਼ਬਦ ਪਹਿਲਾਂ ਮੁੜ-ਮੁੜ ਤਾਜ਼ੇ ਹੋ ਜਾਂਦੇ ਸਨ। ਉਹਨਾਂ ਦੇ ਲਾਲ-ਭਗਵੇਂ ਕੁੜਤੇ ! ਮੋਟੀ ਮਾਲਾ ! ਉਹਨਾਂ ਦਾ ਚਿਹਰਾ ਮੁੜ-ਮੁੜ ਅੱਖਾਂ ਅੱਗੇ ਘੁੰਮਣ ਲੱਗਦਾ ਸੀ।

ਜਦੋਂ ਮਜੀਦ ਅੱਗੇ-ਪਿੱਛੇ ਫਿਰਦਾ ਸੀ ਤਾਂ ਸਰੂਰ ਜਿਹਾ ਆਉਂਦਾ ਸੀ ! ਹੁਣ ਵੀ ਜਦੋਂ ਇਹਨੂੰ ਭੁੱਖ ਚੜ੍ਹੀ ਹੁੰਦੀ ਹੈ ਤਾਂ ਨੇੜੇ ਲੱਗਦਾ ਰਹਿੰਦਾ ਹੈ ! ਨਹੀਂ ਤਾਂ ਦੇਖਦਾ ਤੱਕ ਵੀ ਨਹੀਂ ! ਮਤਲਬੀ ਇਨਸਾਨ ! ਬਿਲਕੁਲ ਮਾਂ ਵਰਗਾ !

ਮਾਂ ਇਹਦੀ ਉਂਝ ਤਾਂ ਹਾਜਣ ਬਣੀ ਫਿਰਦੀ ਹੈ ! ਪਰ ਜਦੋਂ ਲੜਦੀ ਹੈ ਤਾਂ...! ਉਫ਼ !!...ਮਜੀਦ ਵੀ ਨਾਲ ਈ ਲੱਗ ਜਾਂਦੈ !

ਉਸ ਦੀਆਂ ਰਿਸ਼ਤੇਦਾਰਨੀਆਂ ! ਮੈਨੂੰ ਸਭ ਪਤੈ, ਪਿੱਠ ਪਿੱਛੇ ਮੈਨੂੰ 'ਬਾਣੀਆਂ ਦੀ ਕੁੜੀ' ਕਹਿੰਦੀਆਂ ਨੇ !...ਉਂਝ ਨਮਾਜ਼ਾਂ ਪੜ੍ਹਦੀਆਂ ਨੇ !

ਬਕਰੀਦ 'ਤੇ ਇੱਕ ਬੱਕਰਾ ਕੱਟ ਕੇ ਸਾਰਾ ਪਰਿਵਾਰ ਸੁਣਾਉਂਦਾ ਰਹਿੰਦਾ ਹੈ "ਅਸੀਂ ਕੁਰਬਾਨੀ ਕੀਤੀ ਐ ! ਅਸੀਂ ਕੁਰਬਾਨੀ ਕੀਤੀ ਐ !" ਇਹਨਾਂ ਨੂੰ ਕੀ ਪਤਾ ਕੁਰਬਾਨੀ ਕੀ ਹੁੰਦੀ ਐ ! ਕੁਰਬਾਨੀ ਤਾਂ ਅਸਲ 'ਚ ਮੈਂ ਕੀਤੀ ਐ !

"ਆਹ ਲੈ ! ਚੱਕ, ਸਮਾਨ ! ਤੇਰਾ ਇੱਕ ਮਹੀਨੇ ਦਾ ਟਾਂਟਾ ਮੁੱਕਿਆ ! ਡਾਇਪਰ, ਸਾਬਣਾਂ..ਛੁਰੀ..।" ਮਜੀਦ ਨੇ ਜਦੋਂ ਥੈਲੇ ਵਿੱਚੋਂ ਚਾਕੂ ਕੱਢਿਆ ਤਾਂ ਮੇਰੇ ਅੰਦਰ ਕੰਬਣੀ ਛਿੜ ਗਈ। ਭਾਰੀ ਹੱਥ ਨਾਲ ਇਸ ਨੇ ਚਾਕੂ ਪ੍ਰਫੈਕਟ ਤਰੀਕੇ ਨਾਲ ਫੜ ਕੇ ਮੇਜ਼ 'ਤੇ ਰੱਖਿਆ। ਜਿਵੇਂ ਇਸ ਦਾ ਅੱਬਾ ਜਾਨਵਰ ਨੂੰ ਹਲਾਲ ਕਰਨ ਲੱਗਿਆਂ ਫੜਦਾ ਹੋਵੇਗਾ !

"ਇਹ ਕੀ ਕਰਨੈ ?" ਮੇਰੇ ਮੂੰਹੋਂ ਨਿੱਕਲਿਆ।

ਇਸ ਦੀਆਂ ਲਾਲੀ ਭਰੀਆਂ ਅੱਖਾਂ ਨੇ ਮੈਨੂੰ ਘੂਰਿਆ।

ਮੈਂ ਆਪਣੇ ਮਨ ਦੀ ਕੰਬਣੀ ਲੁਕੋਈ। "ਮੇਰਾ ਮਤਲਬ...ਏਨਾ ਵੱਡਾ ਚਾਕੂ ?"

ਇਸ ਨੇ ਆਪਣਾ ਮਜ਼ਬੂਤ ਜਬਾੜਾ ਦਬਾਇਆ ਤੇ ਥੈਲੇ 'ਚੋਂ ਬਾਕੀ ਸਮਾਨ ਕੱਢਿਆ। ਲੂਣ...ਤੇਜ਼ਾਬ...! ਮੇਰੀਆਂ ਅੱਖਾਂ ਫਟੀਆਂ ਰਹਿ ਗਈਆਂ। ਮੈਨੂੰ ਮੇਜ਼ 'ਤੇ ਆਪਣੇ ਸਰੀਰ ਦੇ ਟੋਟੇ ਪਏ ਨਜ਼ਰ ਆਏ-ਹੱਥਾਂ ਦੇ ਕਈ ਟੋਟੇ, ਸਿਰ ਵੱਖਰਾ, ਲੱਤਾਂ ਦੇ ਤਿੰਨ-ਤਿੰਨ ਟੋਟੇ !

ਮੈਂ ਇਹੋ ਜਿਹਾ ਕੀ ਕਹਿ ਦਿੱਤਾ ਸੀ ਇਸ ਨੂੰ ? ਇਸ ਦੀਆਂ ਅੱਖਾਂ ਦੀ ਲਾਲੀ ਗੂੜ੍ਹੀ ਹੋ ਗਈ ਸੀ। "ਤੂੰ ਮੇਰੀ ਜ਼ਿੰਦਗੀ ਜਹੰਨਮ ਬਣਾਈ ਪਈ ਐ !"

ਮੇਰੇ ਤੋਂ ਆਪਣੇ ਹੰਝੂ ਨਹੀਂ ਸਨ ਰੁਕੇ। ਨਰਕ ਤਾਂ ਮੇਰੀ ਜ਼ਿੰਦਗੀ ਬਣੀ ਪਈ ਹੈ ! ਨਾ ਮਾਂ ਦਾ ਸਾਥ, ਨਾ ਬਾਪ ਨਾਲ ਨਾਤਾ ! ਨਾ ਭਰਾ, ਨਾ ਭਰਜਾਈ...!

ਜਦੋਂ ਕਿਸੇ ਲਾੜੀ ਦੇ ਸ਼ਗਨ ਹੁੰਦੇ ਦੇਖਦੀ ਹਾਂ ਤਾਂ ਮਨ ਵਿੱਚ ਡੋਬੂ ਪੈਣ



ਲੱਗਦੇ ਹਨ। ਪਹਿਲਾਂ ਤਾਂ ਜਦੋਂ ਵੀ ਕਿਸੇ ਵਿਆਹ 'ਤੇ ਜਾਂਦੀ ਸੀ ਤਾਂ ਚਾਚਾ ਜੀ ਦੇ ਸ਼ਬਦ ਕੰਨਾਂ 'ਚ ਗੂੰਜਣ ਲੱਗਦੇ ਸਨ !

"ਵਿਆਹ ਕਰਵਾਊਂ ਤਾਂ ਮਜੀਦ ਨਾਲ... ਨਹੀਂ ਤਾਂ..ਮਰ ਜੂੰ !"

ਪਾਪਾ ਅਵਾਕ ਖੜ੍ਹੇ ਰਹਿ ਗਏ ਸਨ। ਸ਼ਾਇਦ ਸੋਚਦੇ ਹੋਣ-ਇਹ ਚੁੱਪ-ਚਪੀਤੀ ਕੁੜੀ....ਇਸ 'ਚ ਇੰਨਾ ਹੌਸਲਾ ਕਿੱਥੋਂ ਆ ਗਿਆ ?

"ਤਾਂ ਸਮਝ ਲੈ, ਅਸੀਂ ਵੀ ਮਰ-ਗੇ ਤੇਰੇ ਲਈ ! ਤੇ ਤੂੰ ਸਾਡੇ ਲਈ !" ਉਹ ਬੋਲੇ ਸਨ। ਦਹਿਲ ਕੇ ਮੈਂ ਚੁੱਪ ਹੋ ਗਈ ਸੀ।

"ਤੁਸੀਂ ਚੁੱਪ ਕਰ-ਜੋ, ਜੀ ! ਮੈਨੂੰ ਗੱਲ ਕਰਨ ਦਿਓ !" ਮੰਮੀ ਸਾਡੇ ਵਿਚਕਾਰ ਆ ਕੇ ਖੜ੍ਹ ਗਈ ਸੀ।

ਸ਼ਾਇਦ ਮੈਨੂੰ ਹੀ ਪਿੱਛੇ ਹਟਣਾ ਪੈਣਾ ਸੀ ! ਹਰ ਵਾਰ ਦੀ ਤਰ੍ਹਾਂ ! ਫ਼ਰਾਕ ਕਿਹੜੇ ਰੰਗ ਦੀ ਲੈਣੀ ਹੈ ?...ਮੇਰੇ ਜੀਂਸ ਕਿਸ ਤਰ੍ਹਾਂ ਦੀ ਜਚੇਗੀ ?...ਫ਼ਾਸਟ-ਫ਼ੂਡ ਕਿੰਨਾ ਕੁ ਖਾਣਾ ਹੈ ?...ਹਰ ਬਹਿਸ 'ਚ ਮੈਨੂੰ ਹੀ ਸਮਝੌਤਾ ਕਰਨਾ ਪੈਂਦਾ ਸੀ !

ਚਾਚਾ ਜੀ ਡਰਾਈਂਗ-ਰੂਮ 'ਚ ਮੇਰੇ ਸਾਹਮਣੇ ਸੋਫ਼ੇ 'ਤੇ ਬੈਠੇ ਬੋਲ ਰਹੇ ਸਨ। "ਬੇਟੇ ! ਤੈਨੂੰ ਇਹਨਾਂ ਬੁੱਚੜ ਮੁਸਲਿਆਂ ਦਾ ਨ੍ਹੀਂ ਪਤਾ ! ਇਹ ਕੁੜੀਆਂ ਨੂੰ ਫੁਸਲਾ ਕੇ ਉਹਨਾਂ ਦਾ ਧਰਮ ਤਬਦੀਲ ਕਰ ਲੈਂਦੇ ਨੇ ! ਬਾਣੀਆਂ 'ਚੋਂ ਤੂੰ ਜਿਸ ਮੁੰਡੇ ਨਾਲ ਕਹੇਂਗੀ, ਤੇਰਾ ਵਿਆਹ ਕਰਨ ਨੂੰ ਤਿਆਰ ਆਂ ! ...ਚਲ, ਬਾਣੀਏ ਛੱਡ ! ਹਿੰਦੂਆਂ ਦੇ ਮੁੰਡੇ ਕੀ ਮਰ-ਗੇ ਸਾਰੇ ? ਵਿਆਹ ਵੀ ਗੱਜ-ਵੱਜ ਕੇ ਕਰਾਂਗੇ ! ਸਾਰੀ ਜ਼ਿੰਦਗੀ ਐਸ਼ ਕਰੇਂਗੀ !...!"

ਜਦੋਂ ਮਜੀਦ ਨੂੰ ਦੇਖਦੀ ਤਾਂ ਪਤਾ ਨਹੀਂ ਕਿੱਥੋਂ ਵਿਦਰੋਹ ਜਾਗ ਪੈਂਦਾ ਸੀ ਮੇਰੇ ਅੰਦਰ ! "ਜੇ ਹੁਣ ਵੀ ਪਿੱਛੇ ਹਟ-ਗੀ, ਤਾਂ ਜ਼ਿੰਦਗੀ 'ਚ ਕੀਤਾ ਕੀ ?"

ਉਦੋਂ ਤਾਂ ਮਜੀਦ ਦਾ ਅੱਬਾ ਵੀ ਜਿਉਂਦਾ ਸੀ !.... ਕੀ ਮਿਲਿਆ ਏਸ ਬੰਦੇ ਪਿੱਛੇ ਲੱਗ ਕੇ ? ਕੱਲ੍ਹ ਮੈਂ ਇੰਨਾ ਹੀ ਕਿਹਾ ਸੀ "ਅੱਜ ਫੇਰ ਡਾਇਪਰ ਭੁੱਲ ਆਏ ! ਨਾਲੇ, ਫੋਨ ਕਰਕੇ ਯਾਦ ਕਰਵਾਇਆ ਸੀ !"

"ਕਦੇ ਫੋਨ ਕਰਕੇ ਇਹ ਵੀ ਪੁੱਛਿਐ ਕੋਈ ਟੈਂਸ਼ਨ ਤਾਂ ਨ੍ਹੀਂ ?... ਤੇਨੂੰ ਡਾਇਪਰਾਂ ਦੀ ਪਈ ਹੋਈ ਐ !....

"ਮੈਂ ਤੇਨੂੰ ਮਾਰ ਦੇਣੈ ਕਿਸੇ ਦਿਨ !...ਜਾਂ ਆਪ ਮਰ-ਜੂੰ !"

ਮੇਰਾ ਹੇਠਲਾ ਸਾਹ ਹੇਠਾਂ, ਉੱਪਰਲਾ ਉੱਪਰ ਰਹਿ ਗਿਆ ਸੀ। ਮੇਰੇ ਤੋਂ ਬੋਲਿਆ ਤੱਕ ਨਹੀਂ ਗਿਆ। ਮੈਨੂੰ ਤਾਂ ਉਦੋਂ ਤੋਂ ਹੀ ਫਰਿੱਜ 'ਚ ਪਏ ਆਪਣੇ ਪੈਂਤੀ ਟੁਕੜੇ ਨਜ਼ਰ ਆ ਰਹੇ ਹਨ !....ਵਿਚਾਰੀ ਉਹ ਕੁੜੀ ! ਉਸ ਦੇ ਟੁਕੜੇ ਪਾੱਲੀਥੀਨ 'ਚ ਪਾਉਂਦਿਆਂ ਮੁੰਡੇ ਦਾ ਦਿਲ ਨਹੀਂ ਸੀ ਕੰਬਿਆ ? ਦੋ ਮਹੀਨੇ ਫਰਿੱਜ ਵਿੱਚ ਉਸ ਦੇ ਸਰੀਰ ਦੇ ਟੁਕੜੇ ਪਏ ਰਹੇ !...ਉਫ਼ ! ...ਮੈਂ ਤਾਂ ਸੁਣ ਕੇ ਯੂ-ਟਿਊਬ ਹੀ ਬੰਦ ਕਰ ਦਿੱਤੀ ਸੀ !

ਕੁੜੀ ਦੇ ਬਾਪ ਵਿਚਾਰੇ ਦੀ ਕੀ ਹਾਲਤ ਹੋਈ ਹੋਵੇਗੀ ! "ਜੇ ਉਸ ਨੇ ਮੇਰੀ

ਗੱਲ ਮੰਨੀ ਹੁੰਦੀ ਤਾਂ ਅੱਜ ਉਹ ਜਿਉਂਦੀ ਹੁੰਦੀ!...ਮੈਂ ਉਸ ਨੂੰ ਰੋਕਿਆ ਸੀ ਕਿ ਆਪਾਂ ਹਿੰਦੂ ਆਂ ਤੇ ਮੁੰਡਾ ਮੁਸਲਮਾਨ! ਉਸ ਕੋਲ ਨਾਂਹ ਜਾ!" ਅਗਲੇ ਦਿਨ ਅਖ਼ਬਾਰ 'ਚ ਉਸ ਦੇ ਬਾਪ ਦਾ ਪੁਲਿਸ ਨੂੰ ਦਿੱਤਾ ਬਿਆਨ ਵੀ ਛਪਿਆ ਸੀ।

ਵਿਚਾਰੀ! ਆਪਣੇ ਮਾਂ-ਬਾਪ, ਭਾਈਚਾਰਾ-ਸਭ-ਛੱਡ ਕੇ ਲਿਵ-ਇਨ ਪਰਟਨਰ ਬਣੀ ਸੀ!

ਮੈਂ ਤਾਂ ਖ਼ੁਦ ਭਰਾ ਦੇ ਚਾਅ ਨਹੀਂ ਕਰ ਸਕੀ! ਕਿੰਨੇ ਸੁਪਨੇ ਦੇਖੇ ਸੀ ਮੈਂ ਅਕਾਸ਼ ਦੇ ਵਿਆਹ ਦੇ!....ਭਾਬੀ ਦਾ ਚਿਹਰਾ ਤੱਕ ਦੇਖਣ ਨੂੰ ਨਹੀਂ ਮਿਲਿਆ!

ਰੋਹਿਤ ਦੇ ਵਿਆਹ 'ਤੇ ਤਾਂ ਜਾਣਾ ਹੀ ਕੀ ਸੀ! ਇੱਕੋ ਮਾਂ ਦੇ ਪੇਟੋਂ ਨਾ ਜੰਮੇ, ਪਰ ਰੱਖੜੀ ਤਾਂ ਉਹਦੇ ਵੀ ਬੰਨ੍ਹਦੀ ਰਹੀ ਹਾਂ ਮੈਂ!

"ਰੋਹਿਤ ਜੱਟਾਂ ਦੀ ਕੁੜੀ ਲੈ ਆਇਆ ਕੋਈ! ਉਹਦੇ ਨਾਲ ਜਾੱਬ ਕਰਦੀ ਸੀ!...!" ਕੱਲ੍ਹ ਮੰਮੀ ਫੋਨ 'ਤੇ ਬੋਲੀ ਸੀ।

"ਚਾਚਾ ਜੀ ਕੁਝ ਨ੍ਹੀਂ ਬੋਲੇ?"

"ਊਂਅ! ਉਹਨੇ ਕੀ ਕਹਿਣਾ ਸੀ! ਪੁੱਤ ਦੇ ਨਾਲ ਹੀ ਰਲਨਾ ਪਿਆ ਉਹਨੂੰ ਵੀ! ਚੁਪਚਾਪ ਕੋਰਟ ਮੈਰਿਜ ਕਰ ਲਈ! ਉਦੋਂ ਦੇ ਚੰਡੀਗੜ੍ਹ ਈ ਰਹਿੰਦੇ ਨੇ ਦੋਵੇਂ! ਬਹੂ ਤਾਂ ਨਾ ਆਈ ਐ ਏਥੇ, ਨਾ ਮੈਨੂੰ ਲੱਗਦੈ, ਕਦੇ ਆਊਗੀ!"

ਮੈਨੂੰ ਆਪਣਾ ਕੱਦ ਛੱਤ ਨਾਲ ਲੱਗਿਆ ਮਹਿਸੂਸ ਹੋਇਆ। ਮੇਰੇ ਅੰਦਰ ਸ਼ਕਤੀ ਦਾ ਸੰਚਾਰ ਪਤਾ ਨਹੀਂ ਕਿੱਥੋਂ ਹੋਇਆ ਸੀ। ਮੈਂ ਨੰਬਰ ਡਾਇਲ ਕੀਤਾ।

"ਹੈਲੋ?" ਅੱਗੋਂ ਅਵਾਜ਼ ਆਈ।

"ਚਾਚਾ ਜੀ! ਰੋਹਿਤ ਦੇ ਵਿਆਹ ਲਈ ਕੋਂਗਰੈਟਸ!...ਵੈਸੇ ਹਿੰਦੂਆਂ ਦੀਆਂ ਕੁੜੀਆਂ ਕੀ ਮਰ ਗਈਆਂ ਸੀ ਸਾਰੀਆਂ!?" ਆਖ ਕੇ ਮੈਂ ਫੋਨ ਕੱਟ ਦਿੱਤਾ।

ਚਾਚਾ ਜੀ ਤੜਫੇ ਤਾਂ ਹੋਣਗੇ! ਜਿਵੇਂ ਮਜੀਦ ਦੇ ਅੱਬੇ ਨੇ ਬੱਕਰੇ ਦੀ ਗਰਦਨ ਦੇ ਅੱਧ-ਵਿਚਕਾਰੋਂ ਚਾਕੂ ਚੁੱਕ ਲਿਆ ਹੋਵੇ।

"ਅੱਲਾਹੂ ਅਕਬਰ, ਅੱਲਾਹ...!" ਹਨ੍ਹੇਰੇ ਵਿੱਚ ਅਜ਼ਾਨ ਦੀ ਅਵਾਜ਼ ਗੂੰਜੀ ਹੈ। ਗਰਦਨ ਹੇਠਾਂ ਹਾਰਿਸ ਦੇ ਸਾਹ ਦਾ ਨਿੱਘ ਮਹਿਸੂਸ ਹੋਇਆ ਹੈ। ਮੈਂ ਉਸ ਦੀ ਨਿੱਕੀ ਜਿਹੀ ਬਾਂਹ ਚੁੰਮੀ ਹੈ।

ਉੱਠ ਕੇ ਪਰੌਂਠਿਆਂ ਲਈ ਗੋਭੀ ਕੱਟਣੀ ਹੈ-ਨਵੇਂ ਚਾਕੂ ਨਾਲ ਤਾਂ ਹੁਣ ਬਹੁਤਾ ਟਾਇਮ ਨਹੀਂ ਲੱਗਣਾ! ਫਿਰ ਅੱਜ ਫਰਸ਼ ਵੀ ਧੋਣੇ ਹਨ। ਬਾਥਰੂਮ ਦੇ ਪਾਈਪ ਵਿੱਚ ਤੇਜ਼ਾਬ ਪਾ ਕੇ ਦੇਖਦੀ ਆਂ-ਸ਼ਾਇਦ ਪੁਰਾਣਾ ਜੰਮਿਆ ਕੂੜਾ ਗਲ ਜਾਵੇ!

ਮੈਨੂੰ ਘੂਕੀ ਚੜ੍ਹ ਰਹੀ ਹੈ। ਅੱਖਾਂ ਮਿਚ ਰਹੀਆਂ ਹਨ-ਹੋਰ ਨਾ ਕਿਤੇ ਪਹਿਲਾਂ ਵਾਂਗ ਫ਼ਜਰ ਦੀ ਨਮਾਜ਼ ਖੁੰਝ ਜਾਵੇ!

*****



# ਕੌਣ ਢਾਹੂ ਦਿੱਲੀ ਦੇ ਕਿੰਗਰੇ

"ਸੁਣਿਓ! ... ਵਿੱਕੀ ਆਇਐ!" ਆਸ਼ਾ ਨੇ ਮੇਰੀ ਬਿਰਤੀ ਭੰਗ ਕਰ ਦਿੱਤੀ। ਮੈਂ ਹਥਲਾ ਨਾਵਲ ਬੈੱਡ 'ਤੇ ਇੱਕ ਪਾਸੇ ਰੱਖਿਆ। ਬੈੱਡ ਤੋਂ ਹੇਠਾਂ ਉੱਤਰ ਚੱਪਲਾਂ ਪਾਈਆਂ।

ਆਸ਼ਾ ਕਾਫੀ ਚਿਰ ਤੋਂ ਮੈਨੂੰ ਉਸ ਦੀਆਂ ਸ਼ਿਕਾਇਤਾਂ ਕਰਦੀ ਰਹੀ ਸੀ। "ਏਹ ਮੁੰਡਾ ਸਫਾਈ ਘੱਟ ਕਰਦੈ, ਤੇ ਖਲਾਰਾ ਬਹੁਤਾ ਪਾ ਜਾਂਦੈ!" ਉਹ ਲਗਭਗ ਹਰ ਰੋਜ਼ ਕੂੜੇਦਾਨ ਚੁੱਕੀਂ ਮੈਨੂੰ ਸੁਣਾ ਕੇ ਆਖਦੀ।

ਕੁੱਝ ਦਿਨ ਪਹਿਲਾਂ ਹੀ ਵਿੱਕੀ ਨੂੰ ਮੈਂ ਪੁੱਛਿਆ ਸੀ, "ਤੂੰ ਕੱਲ੍ਹ ਨ੍ਹੀਂ ਆਇਆ? ਸਾਰਾ ਦਿਨ ਗਲੀ 'ਚ ਕੂੜਾ ਖਿੱਲਰਿਆ ਰਿਹਾ!"

ਉਹ ਚੁੱਪਚਾਪ ਝਾੜੂ ਲਾਉਂਦਾ ਰਿਹਾ।

"ਬੋਲਦਾ ਨੀਂ?"

ਉਸ ਦੇ ਮੂੰਹ ਵਿੱਚੋਂ ਜਿਵੇਂ ਚੰਗਿਆੜੀਆਂ ਨਿੱਕਲੀਆਂ ਹੋਣ, "ਕੱਲ੍ਹ ਮੇਰੀ ਛੁੱਟੀ ਸੀ!"

ਮੇਰੇ ਅੰਦਰ ਵੀ ਅੱਗ ਬਲ ਉੱਠੀ। "ਪਰ ਕੱਲ੍ਹ ਤਾਂ ਵੀਰਵਾਰ ਸੀ!"

"ਹਫਤੇ 'ਚ ਮੇਰੀਆਂ ਦੋ ਛੁੱਟੀਆਂ ਹੁੰਦੀਆਂ ਨੇ – ਇੱਕ ਐਤਵਾਰ, ਤੇ ਦੂਜੀ ਵੀਰਵਾਰ!" ਝਾੜੂ ਮਾਰਦਿਆਂ ਉਹ ਅਗਾਂਹ ਲੰਘ ਗਿਆ।

ਉਸ ਨੂੰ ਵੇਖ ਮੈਨੂੰ ਆਪਣੇ ਦਫ਼ਤਰ ਦਾ ਉਹ ਕਲਰਕ ਯਾਦ ਆ ਜਾਂਦਾ ਸੀ ਜੋ ਅਕਸਰ ਗੁੱਸੇ ਵਿੱਚ ਮੇਰੇ ਮੇਜ਼ ਅੱਗੇ ਆ ਕੇ ਖੜ੍ਹ ਜਾਂਦਾ ਸੀ। "ਜੇ ਤੁਸੀਂ ਅਫਸਰ ਓਂ ਤਾਂ ਕੰਮ ਨਾਲ ਸਾਡੀ ਜਾਨ ਲੈਣੀ ਐ?" ਉਸ ਨੂੰ ਵੇਖ ਕੇ ਮੇਰਾ ਪਾਰਾ ਚੜ੍ਹ ਜਾਂਦਾ ਸੀ। ਪਰ ਉਸ ਦੇ ਜਾਣ ਪਿੱਛੋਂ ਉਸ ਦੀ ਹਿੰਮਤ ਨੂੰ ਸਲਾਹੁਣ ਦਾ ਵੀ ਦਿਲ ਕਰਦਾ ਸੀ!

ਪਰ ਵਿੱਕੀ ਅੱਜ ਕਿਵੇਂ ਆਇਆ ਸੀ? ਉਹ ਤਾਂ ਤਿੱਥ-ਤਿਉਹਾਰ 'ਤੇ ਪੈਸੇ ਲੈਣ ਵੀ ਨਹੀਂ ਸੀ ਆਉਂਦਾ! ਮੈਨੂੰ ਪੁਰਾਣੀ ਗੱਲ ਧਿਆਨ 'ਚ ਆਈ।

"ਸੁਣਿਓ! ਮੈਨੂੰ ਕੁਝ ਪੈਸੇ ਦੇ ਕੇ ਜਾਇਓ। ਕੰਮਵਾਲੀ ਦੀ ਤਨਖਾਹ ਦੇਣੀ ਐ।" ਆਸ਼ਾ ਬੋਲੀ ਸੀ। ਉਦੋਂ ਉਹ ਮੇਰੀ ਨਾਸ਼ਤੇ ਵਾਲੀ ਥਾਲੀ ਵਿੱਚ ਪਰੌਂਠਾ ਰੱਖ ਰਹੀ ਸੀ।

ਮੈਂ ਬਟੂਏ 'ਚ ਪਏ ਨੋਟਾਂ ਨੂੰ ਚਿਤਵਿਆ ਸੀ। "ਹੁਣ ਤਾਂ ਮੇਰੇ ਕੋਲ ਪੈਸੇ ਘੱਟ ਨੇ। ਆਫ਼ਿਸ ਤੋਂ ਆਉਂਦਾ ਹੋਇਆ ਕਢਵਾ ਲਿਆਊਂਗਾ।..ਸਵੇਰੇ ਵਿੱਕੀ ਨੂੰ ਮੈਂ ਆਪੇ ਫੜਾ ਦੇਊਂ!"

ਆਸ਼ਾ ਜਿਵੇਂ ਚੀਖ਼ੀ ਹੋਵੇ। "ਨਾਂਹ!...ਉਹਨੂੰ ਨਾ ਫੜਾਇਓ ਪੈਸੇ!"

"ਕਿਉਂ ?...ਉਹ ਕਿਹੜਾ ਆਪਣੇ ਬਾਪ ਵਾਂਗ ਸ਼ਰਾਬ ਪੀਂਦੈ!"

"ਇਹ ਗੱਲ ਨ੍ਹੀਂ!...ਉਹਨੂੰ ਆਪਣੀ ਮਾਂ ਦਾ ਕਿਸੇ ਦੇ ਘਰ ਕੰਮ ਕਰਨਾ ਪਸੰਦ ਨ੍ਹੀਂ।..ਹੋਰ ਨਾ ਕਿਤੇ, ਥੋਨੂੰ ਪੁੱਠਾ ਬੋਲ-ਪੇ!"

ਉਸ ਤੋਂ ਦੋ ਕੁ ਮਹੀਨੇ ਪਹਿਲਾਂ ਹੀ ਕੰਮਵਾਲੀਆਂ ਤੋਂ ਤੰਗ ਆਈ ਆਸ਼ਾ ਨੇ ਹੱਸਦੀਆਂ ਅੱਖਾਂ ਨਾਲ ਮੈਨੂੰ ਆਖਿਆ ਸੀ, "ਆਪਾਂ ਵਿੱਕੀ ਦੀ ਮਾਂ ਨੂੰ ਨਾ ਰੱਖ ਲਈਏ, ਘਰ ਦੇ ਕੰਮ ਵਾਸਤੇ ? ਉਹਨੂੰ ਵੀ ਬਚਾਰੀ ਨੂੰ ਪੈਸੇ-ਧੇਲੇ ਪੱਖੋਂ ਸੌਖ ਹੋ-ਜੂ!"

..ਮੈਂ ਡਰਾਈਂਗ-ਰੂਮ 'ਚ ਦਾਖ਼ਲ ਹੋਇਆ।

"ਨਮਸਤੇ, ਸਰ ਜੀ!" ਵਿੱਕੀ ਨੇ ਦੋਵੇਂ ਹੱਥ ਜੋੜਨ ਦੀ ਕੋਸ਼ਿਸ਼ ਕੀਤੀ, ਪਰ ਉਸ ਤੋਂ ਜੁੜੇ ਨਾ!

"ਹੋਰ, ਵਿੱਕੀ ?...ਬੈਠ!" ਮੈਂ ਸੋਫ਼ੇ ਵੱਲ ਇਸ਼ਾਰਾ ਕੀਤਾ।

ਉਹ ਖੜ੍ਹਾ ਰਿਹਾ।

ਮੈਂ ਉਸ ਨੂੰ ਗੁੱਟ ਤੋਂ ਫੜ ਸੋਫ਼ੇ 'ਤੇ ਬਿਠਾ ਲਿਆ।

"ਹੋਰ ਸੁਣਾ, ਫੇਰ...?" ਮੈਂ ਨਾਵਲ ਦੀ ਰੋਮਾਂਚਕ ਕਹਾਣੀ ਦੇ ਸਵਾਦ ਨੂੰ ਅੰਦਰ ਲੰਘਾਇਆ।

"ਜੀ! ਉਹ...ਭੈਣ ਦਾ ਵਿਆਹ ਆ ਰਿਹੈ!... ਥੋੜ੍ਹੇ ਜਿਹੇ ਪੈਸੇ...!" ਉਸ ਨੇ ਰੱਟੇ ਹੋਏ ਸਬਕ ਵਾਂਗ ਸ਼ਬਦ ਇਕੱਠੇ ਕੀਤੇ।

ਆਸ਼ਾ ਨੇ ਚਾਹ ਲਿਆ ਰੱਖੀ।

ਪੈਸੇ ਫੜਦਿਆਂ ਵਿੱਕੀ ਬੋਲਿਆ, "ਮੇਰੀ ਤੇ ਮੰਮੀ ਦੀ ਤਨਖਾਹ 'ਚੋਂ ਕੱਟ ਲਿਓ!"

ਉਸ ਦੇ ਕਮਰੇ 'ਚੋਂ ਬਾਹਰ ਨਿੱਕਲਦਿਆਂ ਮੈਂ ਪਿੱਛਿਉਂ ਕਿਹਾ, "ਸਾਨੂੰ ਨ੍ਹੀਂ ਬਲੌਣਾ ਵਿਆਹ 'ਚ ?"

ਉਸ ਨੇ ਪਿੱਠ ਘੁਮਾਈ। "ਹੈਂ, ਜੀ...?" ਗੱਲ ਸਮਝਣ 'ਚ ਉਸ ਨੂੰ ਸਮਾਂ ਲੱਗਿਆ, "...ਹਾਂ ਜੀ, ਹਾਂ ਜੀ!...ਤੁਸੀਂ ਸਾਰੇ ਜਣੇ ਆਇਓ ਜੀ!...ਮੈਂ ਕਾਡ ਵੀ ਭੇਜ ਦੂੰਗਾ ਮੰਮੀ ਹੱਥ!"

ਅਗਲੀ ਸਵੇਰ ਆਸ਼ਾ ਨੇ ਹੱਸਦਿਆਂ ਦੱਸਿਆ, "ਅੱਜ ਤਾਂ ਵਿੱਕੀ ਨੇ ਝਾੜੂ ਮਾਰ ਕੇ ਗਲੀ ਚਮਕਾਈ ਪਈ ਐ!"

"ਆਪਣੇ ਬਾਪ ਨਾਲੋਂ ਤਾਂ ਚੰਗਾ ਈ ਐ!...ਸਾਰਾ ਮੁਹੱਲਾ ਏਸ ਦੇ ਬਾਪ ਤੋਂ



ਤੰਗ ਆਇਆ ਪਿਆ ਸੀ!"

"ਉਹ ਤਾਂ ਹੁਣ ਵੀ ਆ ਜਾਂਦੈ ਪੈਸੇ ਮੰਗਣ!...ਪਰ ਹੁਣ ਕੋਈ ਮੂੰਹ ਨ੍ਹੀਂ ਲੌਂਦਾ ਉਹਨੂੰ!"

ਆਸ਼ਾ ਨੇ ਚੁੰਨੀ ਦੇ ਲੜ ਨਾਲ ਨੱਕ ਕੱਜਿਆ ਹੋਇਆ ਸੀ। "ਦੇਖਿਓ!...ਮੈਨੂੰ ਲੱਗਦੈ, ਵਿੱਕੀ ਸ਼ਰਾਬ ਪੀਣ ਲੱਗ ਪਿਆ!"

ਕੁੱਝ ਦਿਨ ਪਹਿਲਾਂ ਕੂੜਾ ਪਾਉਂਦਿਆਂ ਸ਼ਰਾਬ ਦੀ ਬੂ ਮੇਰੀਆਂ ਨਾਸ੍ਹਾਂ ਨੂੰ ਵੀ ਚੜ੍ਹੀ ਸੀ। ਉਦੋਂ ਵਿੱਕੀ ਦੀ ਮਾਂ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ ਸੀ। ਪੈਸੇ ਫੜਦਿਆਂ ਉਹ ਆਸ਼ਾ ਨੂੰ ਕਹਿ ਰਹੀ ਸੀ, "ਜੇ ਮੈਡਮ ਜੀ, ਬੱਚੇ ਨੂੰ ਟੈਮ ਸਿਰ ਵਿਆਹ ਦੇਈਏ, ਤਾਂ ਉਹ ਬੁਰੀਆਂ ਆਦਤਾਂ ਤੋਂ ਬਚਿਆ ਰਹਿੰਦੈ!"

ਵਿਆਹ ਤੋਂ ਬਾਅਦ ਲੰਮਾ ਘੁੰਡ ਤੇ ਚੂੜੇ ਵਾਲੀ ਬਾਂਹ ਵੀ ਵਿੱਕੀ ਦੇ ਨਾਲ ਆਉਣ ਲੱਗ ਪਈ ਸੀ।

ਦਫ਼ਤਰ ਤੋਂ ਆ ਜਦੋਂ ਮੈਂ ਘਰ ਦਾ ਗੇਟ ਖੋਲ੍ਹਿਆ ਤਾਂ ਵਿੱਕੀ ਦੀ ਮਾਂ ਆਸ਼ਾ ਨਾਲ ਗੱਲਾਂ ਕਰ ਰਹੀ ਸੀ। ਮੈਨੂੰ ਵੇਖ ਉਹ ਨੀਵੀਂ ਪਾ ਬਾਹਰ ਨਿੱਕਲ ਗਈ। ਆਸ਼ਾ ਨੇ ਮੇਰੀਆਂ ਸਵਾਲੀਆਂ ਨਜ਼ਰਾਂ ਦਾ ਜਵਾਬ ਦਿੱਤਾ, "ਬਹੂ ਦੇ ਬੱਚਾ ਹੋਣ ਆਲਾ ਐ!...ਤੇ ਘਰ ਇਹਨਾਂ ਦੇ ਪੈਸਾ-ਧੇਲਾ ਕੋਈ ਨ੍ਹੀਂ!...ਸ਼ਰਾਬ ਨੇ ਟੱਬਰ ਰੋਲ਼ਿਆ ਪਿਐ!"

ਬੁੜਬੁੜਾਉਂਦਿਆ ਉਹ ਰਸੋਈ ਵੱਲ ਤੁਰ ਪਈ। "ਹੁਣ ਜਦੋਂ ਤੱਕ ਬਹੂ ਨ੍ਹੀਂ ਵਿਹਲੀ ਹੁੰਦੀ, ਏਹਦੀਆਂ ਵੀ ਛੁੱਟੀਆਂ ਰਹਿਣਗੀਆਂ!...ਸਾਰਾ ਕੰਮ ਮੈਨੂੰ ਆਪ ਕਰਨਾ ਪਊ!" ਮੈਂ ਉਸ ਦੇ ਸਿਰ ਵਿੱਚ ਵਧਦੀ ਜਾ ਰਹੀ ਸਫੈਦੀ ਬਾਰੇ ਸੋਚਦਾ ਰਿਹਾ। ਫਿਰ ਉਸ ਦੇ ਪਿੱਛੇ-ਪਿੱਛੇ ਮੈਂ ਵੀ ਅੰਦਰ ਵੜ ਗਿਆ।

ਵਿੱਕੀ ਦੇ ਕਾਫ਼ਲੇ 'ਚ ਇੱਕ ਵਾਧਾ ਹੋਰ ਹੋ ਗਿਆ-ਕੁੱਛੜ ਚੁੱਕੇ ਬਾਲ ਦਾ!

ਬਾਹਰੋਂ ਘੰਟੀ ਵੱਜੀ। ਮੈਂ ਬਲਦੇਵ ਸਿੰਘ ਦਾ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਮੇਜ਼ 'ਤੇ ਰੱਖਿਆ।

ਗੇਟ ਖੋਲ੍ਹਦਿਆਂ ਹੀ ਮੈਨੂੰ ਸਾਂਵਲੇ ਤਿੱਖੇ ਨੈਣ-ਨਕਸ਼ ਟੱਕਰੇ। ਵਿੱਕੀ ਦੀ ਵਹੁਟੀ ਨੂੰ ਮੈਂ ਪਹਿਲੀ ਵਾਰ ਘੁੰਡ ਤੋਂ ਵਗੈਰ ਵੇਖਿਆ ਸੀ। ਉਸ ਦੇ ਪਿੱਛੇ ਕੂੜੇ ਵਾਲੀ ਰੇਹੜੀ ਕੋਲ ਖੜ੍ਹਾ ਡੇਢ-ਦੋ ਸਾਲ ਦਾ ਬੱਚਾ ਉੱਬਲਿਆ ਆਲੂ ਚੂਸ ਰਿਹਾ ਸੀ।

ਵਿੱਕੀ ਦੀ ਅਣਹੋਂਦ ਮਹਿਸੂਸ ਕਰਦਿਆਂ ਮੈਂ ਕੂੜੇਦਾਨ ਚੁੱਕਣ ਅੰਦਰ ਚਲਾ ਗਿਆ।

ਮੈਂ ਕੂੜਾ ਰੇਹੜੀ 'ਚ ਢੇਰੀ ਕੀਤਾ। ਦਬਵੀਂ ਅਵਾਜ਼ ਮੇਰੇ ਕੰਨੀਂ ਪਈ, "ਪੈਸੇ ?"

ਮੈਂ ਜੇਬ ਵਿੱਚੋਂ ਨੋਟ ਕੱਢੇ, ਤੇ ਗਿਣ ਕੇ ਉਸ ਨੂੰ ਫੜਾ ਦਿੱਤੇ।

ਜਦੋਂ ਮੈਂ ਦਰਵਾਜ਼ੇ ਵੱਲ ਮੁੜਿਆ, ਉਸ ਦੀ ਤਰਲੇ ਭਰੀ ਅਵਾਜ਼ ਆਈ। "ਭਾਅ ਜੀ! ਤੁਸੀਂ ਅੱਗੇ ਤੋਂ ਪੈਸੇ ਇਹਨਾਂ ਨੂੰ ਨਾ ਫੜਾਇਓ!...ਸਾਰੇ ਪੈਸੇ ਦਾਰੂ 'ਚ ਉੜਾ

ਦਿੰਦੇ ਨੇ!...ਨਿਆਣੇ ਦੇ ਖਰਚੇ ਦਾ ਵੀ ਔਖਾ ਹੋਇਆ ਪਿਐ!"

ਮੈਂ ਆਲੂ ਚੂਸ ਰਹੇ ਬੱਚੇ ਵੱਲ ਵੇਖਿਆ। ਉਸ ਦਾ ਮੂੰਹ ਲਿੱਬੜਿਆ ਹੋਇਆ, ਤੇ ਨੱਕ ਵਹਿ ਰਿਹਾ ਸੀ। ਮੈਨੂੰ ਵਿੱਕੀ ਦਾ ਬਾਪ ਚੇਤੇ ਆ ਗਿਆ–ਇੱਕ-ਇੱਕ ਕਰਕੇ ਸਾਰੇ ਮੁਹੱਲੇ ਵਾਲੇ ਉਸ ਦੇ ਪੈਸੇ ਵਿੱਕੀ ਦੀ ਮਾਂ ਨੂੰ ਫੜਾਉਣ ਲੱਗ ਪਏ ਸਨ।

ਮੈਂ ਡਰਾਈਂਗ-ਰੂਮ ਵਿੱਚ ਸੋਫ਼ੇ 'ਤੇ ਬੈਠਾ ਦੁੱਲੇ ਭੱਟੀ ਦੀ ਕਹਾਣੀ ਮੁੜ-ਉਸਾਰਨ ਦਾ ਯਤਨ ਕਰ ਰਿਹਾ ਸੀ। ਖ਼ਤਮ ਕੀਤਾ ਨਾਵਲ ਸਾਹਮਣੇ ਮੇਜ਼ 'ਤੇ ਪਿਆ ਮੈਨੂੰ ਘੂਰ ਰਿਹਾ ਸੀ। ਮੁਸਕੁਰਾਉਂਦੇ ਚਿਹਰੇ ਨਾਲ ਆਸ਼ਾ ਅੰਦਰ ਵੜੀ। "ਮੈਂ ਵਿੱਕੀ ਦੀ ਵਹੁਟੀ ਨੂੰ ਕੰਮ ਲਈ ਰੱਖ ਲਿਆ!...ਉਹਦੀ ਸੱਸ ਤੋਂ ਤਾਂ ਹੁਣ ਕੰਮ ਹੁੰਦਾ ਨ੍ਹੀਂ!...ਬਚਾਰੀ ਦਾ ਟੈਮ ਕੱਟਿਆ ਜਾਊ! ਜਦ ਨੂੰ ਜਬਾਕ ਬੜਾ ਹੋ ਕੇ ਕੰਮ ਸੰਭਾਲ ਲਊ!"

ਮੁੜੀ ਜਾਂਦੀ ਆਸ਼ਾ ਦੀ ਤੋਰ ਵੇਖ ਮੈਨੂੰ ਉਸ ਵਿੱਚੋਂ ਅੰਮਾ ਲੱਧੀ ਦਾ ਝਲਕਾਰਾ ਪਿਆ। ਨਾਵਲ ਦੇ ਅਖ਼ੀਰ ਵਿੱਚ ਆਪਣੀ ਪੋਤ-ਨੂੰਹ ਦਾ ਪੈਰ ਭਾਰੀ ਹੋਣ ਬਾਰੇ ਪਤਾ ਲੱਗਣ 'ਤੇ ਜਿਸ ਦੀ ਸੁੰਨੀ ਜ਼ਿੰਦਗੀ ਦੀਆਂ ਸੱਧਰਾਂ ਮੁੜ ਹਰੀਆਂ ਹੋ ਗਈਆਂ ਸਨ।

ਮੈਂ ਖ਼ਿਆਲਾਂ ਦੀ ਟੁੱਟੀ ਲੜੀ ਨੂੰ ਜੋੜਦਿਆਂ ਘੋੜੀ 'ਤੇ ਬੈਠੇ ਦੁੱਲੇ ਭੱਟੀ ਨੂੰ ਚਿਤਵਣ ਦਾ ਮੁੜ ਯਤਨ ਕੀਤਾ। ਪਰ ਇੱਕ ਵਹਿੰਦੇ ਨੱਕ ਵਾਲਾ ਨੌਜਵਾਨ ਮੇਰੀਆਂ ਅੱਖਾਂ ਅੱਗੇ ਸਾਕਾਰ ਹੋਇਆ-ਵਿੱਕੀ ਦੀ ਕੂੜੇ ਵਾਲੀ ਰੇਹੜੀ ਨੂੰ ਖਿੱਚਣ ਦਾ ਯਤਨ ਕਰਦਾ ਹੋਇਆ!

*****



# ਕਾਲਾ

ਮੈਂ ਮੂੰਹ 'ਤੇ ਛਿੱਟੇ ਮਾਰੇ ਤੇ ਸ਼ੀਸ਼ੇ ਵਿੱਚ ਆਪਣਾ ਅਕਸ ਦੇਖਿਆ।... ਸ਼ਾਇਦ ਉਦੋਂ...! ਪਰ...!

ਬਾਥਰੂਮ 'ਚੋਂ ਬਾਹਰ ਆ ਮੈਂ ਟੈਲੀਵਿਜ਼ਨ 'ਤੇ ਨਜ਼ਰ ਮਾਰੀ। ਭਾਰਤ ਦੀ ਪਹਿਲੀ ਕਬਾਇਲੀ ਮਹਿਲਾ ਰਾਸ਼ਟਰਪਤੀ ਭਾਸ਼ਣ ਦੇ ਰਹੀ ਸੀ।

ਚਾਹ ਫੜਾਉਣ ਆਏ ਬਿੰਦਰ ਦਾ ਠਹਾਕਾ ਚੇਤੇ ਆ ਗਿਆ। "ਚਲੋ ਚੰਗੈ! ਹੁਣ ਦੇਸ਼ ਨੂੰ ਨਜ਼ਰ ਨ੍ਹੀਂ ਲੱਗ ਸਕਦੀ!" ਉਦੋਂ ਦੁਕਾਨ ਅੰਦਰ ਟੈਲੀਵਿਜ਼ਨ 'ਤੇ ਨਵੀਂ ਰਾਸ਼ਟਰਪਤੀ ਦੀ ਚੋਣਾਂ ਵਿੱਚ ਜਿੱਤ ਦੀ ਖਬਰ ਚੱਲ ਰਹੀ ਸੀ। ਜਦੋਂ ਬਿੰਦਰ ਨੇ ਮੇਰੇ ਵੱਲ ਦੇਖਿਆ ਸੀ ਤਾਂ ਉਸ ਦਾ ਹਾਸਾ ਫਿੱਕਾ ਹੁੰਦਾ ਚਲਾ ਗਿਆ ਸੀ। ਉਸ ਨੇ ਚੁੱਪਚਾਪ ਟਰੇਅ ਰੱਖੀ ਸੀ ਤੇ ਆਪਣੇ ਖੋਖੇ ਵੱਲ ਤੁਰ ਪਿਆ ਸੀ।

ਮੈਂ ਕਿਚਨ ਵੱਲ ਦੇਖਿਆ। ਲਵਲੀਨ ਕੜਾਹੀ ਵਿੱਚ ਛਾਣਨੀ ਘੁਮਾ ਰਹੀ ਸੀ। ਮਨਦੀਪ ਕੜਾਹੀ ਵਿੱਚ ਤਲੇ ਜਾ ਰਹੇ ਚਿਪਸ ਨੂੰ ਦੇਖ ਰਿਹਾ ਸੀ। ਜਦੋਂ ਵੀ ਉੱਬਲ ਰਹੇ ਤੇਲ 'ਚੋਂ ਛਿੱਟਿਆਂ ਦੀ 'ਤੜਿੱਕ ਤੜਿੱਕ' ਹੁੰਦੀ ਤਾਂ ਉਹ ਕਦੇ ਲਵਲੀਨ ਦੇ ਸੱਜੇ ਤੇ ਕਦੇ ਖੱਬੇ ਹੋ ਜਾਂਦਾ।

ਉਸ ਦੇ ਗੋਲ-ਮਟੋਲ ਚਿਹਰੇ ਨੂੰ ਦੇਖ ਮੇਰੀ ਛਾਤੀ ਅੰਦਰ ਫੁਹਾਰਾ ਫੁੱਟ ਪੈਂਦਾ ਸੀ। ਬਾਕੀ ਨਿਆਣੇ ਕੋਈ ਬਹੁਤੇ ਗੋਰੇ ਤਾਂ ਨਹੀਂ!...ਮਨਦੀਪ ਵੀ ਐਵੇਂ ਛੇਤੀ ਹੀ ਚਿੜ ਜਾਂਦੈ!

ਮੈਂ ਲਵਲੀਨ ਦੇ ਚਿਹਰੇ ਵੱਲ ਦੁਬਾਰਾ ਦੇਖਿਆ। ਉਸ ਦੇ ਗੋਰੇ ਰੰਗ ਅੱਗੇ ਮਨਦੀਪ ਦੇ ਰੰਗ ਵਿੱਚ ਕਾਲਸ ਘੁਲੀ ਦਿਸੀ।

ਮੰਮੀ ਉਸ ਦਿਨ ਹਸਪਤਾਲ ਭੱਜੀ ਆਈ ਸੀ। ਨਵ-ਜਨਮੇ ਮਨਦੀਪ ਨੂੰ ਗੋਦੀ ਵਿੱਚ ਲਈ ਬੈਠੀ ਰਹੀ ਸੀ। ਮੁੜ-ਮੁੜ ਉਹ ਮੇਰੇ ਚਿਹਰੇ ਵੱਲ ਦੇਖਦੀ ਰਹੀ ਸੀ। "ਤੂੰ ਕਾਹਨੂੰ ਮੂੰਹ ਮਸੋਸੀ ਫਿਰਦੈਂ! ਸਗੋਂ ਸ਼ੁਕਰ ਮਨਾ ਪ੍ਰਮਾਤਮਾ ਦਾ!...ਬੜੇ ਹੋਣ ਤੱਕ ਜਬਾਕ ਸੌ ਰੰਗ ਬਦਲਦੇ ਐ!"

ਸ਼ਾਇਦ ਮੰਮੀ ਵੀ ਮੇਰੇ ਬਾਰੇ ਏਸੇ ਤਰ੍ਹਾਂ ਹੀ ਸੋਚਦੀ ਹੋਣੀ ਐ ਜਿਵੇਂ ਹੁਣ ਮੈਂ ਮਨਦੀਪ ਬਾਰੇ ਸੋਚਦਾ ਆਂ!

ਚੁੱਲ੍ਹੇ ਅੱਗੇ ਬੈਠੀ ਮੰਮੀ ਕੋਲ ਜਦੋਂ ਮੈਂ ਰੋਂਦਿਆਂ ਜਾਂਦਾ, ਉਹ ਮੈਨੂੰ ਆਪਣੀ ਗੋਦੀ ਵਿੱਚ ਲੈ ਲੈਂਦੀ। "ਕੌਣ ਕਹਿੰਦੈ ਮੇਰੇ ਹਰਜੀਤ ਸਿਹੁੰ ਨੂੰ 'ਕਾਲੂ'?...ਮੈਂ ਦੇਨੀ ਆਂ ਧਨੇਸੜੀ ਓਹਨੂੰ!... ਚੰਦ ਵਰਗਾ ਮੁੰਡਾ ਐ ਮੇਰਾ!" ਕਹਿੰਦਿਆਂ ਉਹ ਆਪਣੇ ਆਹਰ ਲੱਗ ਜਾਂਦੀ। ਉਸ ਦੀ ਗੋਦੀ ਦੇ ਨਿੱਘ 'ਚ ਮੈਂ ਸਾਰਾ ਕੁੱਝ ਭੁੱਲ ਜਾਂਦਾ।

"ਕਾਲੇ!...ਏਧਰ ਆ, ਉਏ! ਕੱਟੀ ਨੂੰ ਪਾਣੀ ਪਿਆ ਖੋਲ੍ਹ ਕੇ ਜਰਾ!" "ਕਾਲੇ! ਪੱਗ ਫੜਾ ਮੇਰੀ ਅੰਦਰੋਂ!"..."ਕਾਲਿਆ! ਤੇਨੂੰ ਸੁਣਦਾ ਨ੍ਹੀਂ, ਓਏ!"...ਭਾਪਾ ਮੈਨੂੰ ਅਵਾਜ਼ਾਂ ਮਾਰਦਾ ਰਹਿੰਦਾ। ਕਈ ਵਾਰ ਮੈਂ ਭਾਪੇ ਦੇ ਚਿਹਰੇ ਨੂੰ ਧਿਆਨ ਨਾਲ ਦੇਖਿਆ ਸੀ। ਕਦੇ ਵੀ ਉਸ ਦਾ ਰੰਗ ਮੈਨੂੰ ਗੋਰਾ ਨਹੀਂ ਸੀ ਲੱਗਿਆ।

ਸਿਕੰਦਰ ਹੁਰੀਂ ਵੀ ਮੈਨੂੰ 'ਕਾਲਾ' ਆਖ ਕੇ ਹੀ ਬੁਲਾਉਂਦੇ ਸਨ।

ਮਨਦੀਪ ਦੀਆਂ ਅੱਖਾਂ ਦੁਆਲੇ ਹਾਲੀਂ ਵੀ ਸੁੱਕੇ ਅੱਥਰੂਆਂ ਦੇ ਨਿਸ਼ਾਨ ਦਿਸ ਰਹੇ ਸਨ। ਕੁੱਝ ਦਿਨ ਪਹਿਲਾਂ ਉਹ ਕਿਸੇ ਬੱਚੇ ਨਾਲ ਲੜ ਕੇ ਮੇਰੇ ਕੋਲ ਆਇਆ ਸੀ। ਮੈਂ ਸਾਰੇ ਬੱਚਿਆਂ ਨੂੰ ਆਪਣੇ ਦੁਆਲੇ ਖੜ੍ਹਾ ਕੇ ਸਮਝਾਇਆ ਸੀ। "ਦੇਖੋ, ਬੇਟੇ! ਐਸੇ ਨਹੀਂ ਕਰਤੇ!"

ਪਲਾਸਟਿਕ ਦੀ ਕੁਰਸੀ 'ਤੇ ਬੈਠਦਿਆਂ ਮੈਂ ਮੁੜ ਟੈਲੀਵਿਜ਼ਨ 'ਤੇ ਨਜ਼ਰ ਮਾਰੀ। ਵਿਰੋਧੀ ਧਿਰ ਦਾ ਬੁਲਾਰਾ ਮੇਜ਼ 'ਤੇ ਮੁੱਕੇ ਮਾਰ ਰਿਹਾ ਸੀ। "ਕਿਥੇ ਗਏ ਇਹਨਾਂ ਦੇ ਚੋਣ-ਵਾਅਦੇ ਜਦੋਂ ਇਹ ਕਹਿੰਦੇ ਸੀ, ਸਾਰਾ 'ਕਾਲਾ ਧਨ' ਦੇਸ਼ 'ਚ ਵਾਪਸ ਆਏਗਾ?" ਸਰਕਾਰੀ ਪਾਰਟੀ ਦਾ ਬੁਲਾਰਾ ਉਸ ਨੂੰ ਵਾਰ-ਵਾਰ ਟੋਕ ਰਿਹਾ ਸੀ। ਐਂਕਰ ਬੌਂਦਲਿਆ ਨਜ਼ਰ ਆ ਰਿਹਾ ਸੀ। ਸਰਕਾਰੀ ਪਾਰਟੀ ਦੇ ਨੇਤਾ ਨੇ ਰੌਲ਼ੇ-ਰੱਪੇ ਵਿਚਕਾਰ ਆਪਣੀ ਅਵਾਜ਼ ਉੱਚੀ ਕੀਤੀ। "ਅਸੀਂ...ਅਸੀਂ 'ਕਾਲੇ ਧਨ' ਦਾ...'ਕਾਲੇ ਧਨ' ਦਾ ਇੱਕ-ਇੱਕ ਰਪਈਆ ਕਢਵਾ ਕੇ ਹਟਾਂਗੇ!"

ਮੇਰੀ ਛਾਤੀ ਤੇ ਪਿੱਠ ਵਿਚਾਲੇ ਇੱਕ ਚੀਸ ਉੱਠੀ।

ਅਜਿਹੀ ਹੀ ਚੀਸ ਮੇਰੇ ਅੰਦਰੋਂ ਉਦੋਂ ਉੱਠਦੀ ਸੀ....

ਰਿਸ਼ਤੇਦਾਰੀ ਵਿੱਚ ਵਿਆਹ ਜਾਣ ਲੱਗਿਆਂ ਸਾਰੇ ਟੱਬਰ ਨੇ ਨਵੇਂ ਕੱਪੜੇ ਪਾਏ ਹੁੰਦੇ ਸੀ। ਜਾਂ ਜਿਸ ਦਿਨ ਨਾਲ ਦੇ ਪਿੰਡ ਮੇਲਾ ਲੱਗਦਾ ਸੀ, ਉਸ ਦਿਨ ਵੀ!

ਛੋਟਾ ਭਰਾ ਨਵੀਂ ਲਿਆਂਦੀ ਪੈਂਟ-ਸ਼ਰਟ ਪਾ ਮੰਮੀ ਅੱਗੇ ਖੜ੍ਹ ਜਾਂਦਾ। "ਨੀ, ਮੈਂ ਸਦਕੇ ਜਾਵਾਂ! ਮੇਰਾ ਰਣਜੀਤ ਸਿਹੁੰ!" ਮੰਮੀ ਬੋਲਦੀ।

ਭਾਪਾ ਮੇਰੇ ਵੱਲ ਇਸ਼ਾਰਾ ਕਰਦਾ। "ਏਹਨੂੰ ਜਿੰਨੇ ਮਰਜੀ ਚੱਜ ਦੇ ਕੱਪੜੇ ਲਿਆ-ਦੋ, ਏਹਦੇ ਨ੍ਹੀਂ ਜਚਦੇ!"

ਮੈਂ ਆਪਣੇ ਨਵੇਂ ਕੱਪੜਿਆਂ ਨੂੰ ਮੁੜ ਸ਼ੀਸ਼ੇ ਵਿੱਚ ਦੇਖਦਾ।

ਕਲਾਸ ਵਿੱਚ ਬੈਠੀ ਰੱਜੋ ਸਿਕੰਦਰ ਨਾਲ ਅੱਖ-ਮਟੱਕਾ ਕਰ ਮੁਸਕੜੀਏਂ ਹੱਸਦੀ ਰਹਿੰਦੀ। ਬੈਂਚ 'ਤੇ ਉਸ ਨਾਲ ਬੈਠੀ ਸਰਪੰਚ ਦੀ ਭਤੀਜੀ ਦੇ ਚਿਹਰੇ 'ਤੇ ਕੋਈ



ਖ਼ਾਸ ਉਤਾਰ-ਚੜ੍ਹਾਅ ਨਹੀਂ ਸੀ ਆਉਂਦਾ। ਸਿਕੰਦਰ ਨਾਲ ਬੈਠਾ ਮੈਂ ਅੱਖ ਬਚਾ ਕੇ ਉਸ ਵੱਲ ਤੱਕਦਾ ਰਹਿੰਦਾ।

ਮੈਂ ਕਈ ਵਾਰ ਸਿਕੰਦਰ ਦੇ ਤਰਲੇ ਕੀਤੇ ਸਨ। "ਬਾਈ, ਯਾਰ! ਤੇਰਾ ਕੀ ਘਸਦੈ! ਤੈਂ ਤਾਂ ਰੱਜੋ ਨੂੰ ਈ ਕਹਿਣੈ!"

"ਨਾ, ਬਾਈ, ਨਾ! ਦੀਪੀ ਦੇ ਚਾਚੇ ਨੇ ਪੁਲਸ ਬਲਾਉਂਦਿਆਂ ਟੈਮ ਨ੍ਹੀਂ ਲੌਣਾ! ਤੇਰੇ ਚੱਕਰ 'ਚ ਮੈਂ ਰੱਜੋ ਪਾਸਿਉਂ ਵੀ ਜਾਂਦਾ ਰਹੂੰ!...!"

"ਓ, ਕਿਧਰੇ ਨ੍ਹੀਂ ਕੁਸ਼ ਹੁੰਦਾ! ਜੇ ਦੀਪੀ ਰਾਜੀ ਹੋ-ਗੀ, ਫੇਰ ਮੇਨੂੰ ਪੁਲਸ ਦਾ ਵੀ ਡਰ ਨ੍ਹੀਂ!"

ਰੱਜੋ ਨੇ ਵੀ ਇਹੋ ਦੱਸਿਆ ਸੀ, "ਉਹ ਨ੍ਹੀਂ, ਕਾਲੇ, ਮੰਨਦੀ! ਮੈਂ ਬਥੇਰਾ ਕਹਿ ਕੇ ਦੇਖ ਲਿਆ ਉਹਨੂੰ!"

"ਹੋਰ ਕੋਸ਼ਿਸ਼ ਕਰ ਕੇ ਦੇਖ ਲੈ, ਭੈਣ ਬਣ ਕੇ!" ਮੈਂ ਉਸ ਦਾ ਤਰਲਾ ਕੀਤਾ ਸੀ।

ਉਸ ਦੇ ਲਹਿਜੇ 'ਚ ਖਿਝ ਰਲ ਗਈ ਸੀ। "ਅਸਲ 'ਚ ਉਹ ਨੂੰ ਤੇਰਾ ਕਾਲਾ ਰੰਗ...!...ਨਾ, ਬਾਈ!...ਤੂੰ ਸਾਨੂੰ ਵੀ ਮਰਵਾਏਂਗਾ!....!"

ਉਸ ਦਿਨ ਮੈਂ ਸਕੂਲੋਂ ਆ ਕੇ ਸ਼ੀਸ਼ਾ ਦੇਖਿਆ।

ਸਕੂਲ ਲਈ ਤਿਆਰ ਹੋਣ ਤੋਂ ਬਾਅਦ ਮੈਂ ਹਰ ਰੋਜ਼ ਉਸ ਸ਼ੀਸ਼ੇ ਅੱਗੇ ਖੜ੍ਹਾ ਰਹਿੰਦਾ ਸੀ-ਵਾਲਾਂ ਦਾ ਸਟਾਈਲ ਠੀਕ ਕਰਦਾ, ਫੁੱਟ ਰਹੀਆਂ ਦਾੜ੍ਹੀ-ਮੁੱਛਾਂ 'ਤੇ ਹੱਥ ਫੇਰਦਾ, ਕਮੀਜ਼ ਦੇ ਕਾਲਰ ਚੈੱਕ ਕਰਦਾ। ਇੱਕ ਨਸ਼ਾ ਜਿਹਾ ਚੜ੍ਹਦਾ ਸੀ!

ਅਗਲੇ ਦਿਨ ਸਕੂਲ ਜਾਣ ਲੱਗਿਆਂ ਮੈਂ ਸ਼ੀਸ਼ੇ ਵੱਲ ਰੁਖ਼ ਨਹੀਂ ਕੀਤਾ।

ਕਾਲਜ ਦੇ ਪਹਿਲੇ ਸਾਲ ਮੈਂ ਸ਼ਹਿਰੋਂ ਇਕ ਲੰਮਾ ਸ਼ੀਸ਼ਾ ਲਿਆ ਕੇ ਕਮਰੇ ਅੰਦਰ ਜੜ ਲਿਆ। ਉਸ ਵਿੱਚ ਸਿਰ ਤੋਂ ਲੈ ਕੇ ਪੱਟਾਂ ਤੱਕ ਪੂਰਾ ਅਕਸ ਦਿਸਦਾ ਸੀ। ਕਾਲਜ ਜਾਣ ਲੱਗਿਆਂ ਨਵੀਂ ਬੰਨ੍ਹਣੀ ਸਿੱਖੀ ਪੱਗ ਦੇ ਪੇਚ ਦੇਖਦਾ। ਪੱਗ ਦੇ ਰੰਗ ਨਾਲ ਕਮੀਜ਼ ਨੂੰ ਮੇਲ ਕੇ ਦੇਖਦਾ...ਆਪਣੇ ਖ਼ੁਦ ਦੇ ਰੰਗ ਨਾਲ ਵੀ!

ਸਵੇਰੇ ਦੀਪੀ ਦੀ ਜੰਞ ਆਉਣੀ ਸੀ। ਰਾਤ ਨੂੰ ਟੈਂਟਾਂ ਅੰਦਰ ਯਾਰ-ਬੇਲੀ ਚਹੇਡਾਂ ਕਰ ਰਹੇ ਸਨ। "ਕਾਲ਼ੇ! ਕੁਰਸੀਆਂ ਦੇਖ ਲੈ, ਉਏ, ਠੀਕ ਲੱਗੀਆਂ ਕੁ ਨਾ! ਤੇਰੀ ਭੈਣ ਦਾ ਵਿਆਹ ਐ!" ਮੇਰੇ ਕੋਲੋਂ ਲੰਘਦਿਆਂ ਸਿਕੰਦਰ ਨੇ ਬੁੱਲ੍ਹਾਂ 'ਚ ਹਾਸਾ ਘੁੱਟਿਆ। "ਬੜੇ ਹੋ ਕੇ ਉਹਦੇ ਨਿਆਣੇ ਮਾਮੇ ਦੇ ਪੈਰੀਂ-ਹੱਥ ਲਾਇਆ ਕਰਨਗੇ!" ਮੁੰਡਿਆਂ ਦੇ ਠਹਾਕਿਆਂ ਦੀ ਅਵਾਜ਼ ਟੈਂਟ ਤੋਂ ਬਾਹਰ ਤੱਕ ਗਈ।

ਕਾਲਜ ਦੇ ਪਹਿਲੇ ਦਿਨ ਮੈਂ ਮੰਮੀ ਵਾਲੀ 'ਫੇਅਰ ਐਂਡ ਲਵਲੀ' ਕ੍ਰੀਮ ਲਾਈ। ਤੀਜੇ-ਚੌਥੇ ਦਿਨ ਕਾਲਜ ਤੋਂ ਮੁੜਦਿਆਂ ਮੈਂ ਨਵੀਂ ਕ੍ਰੀਮ ਖਰੀਦੀ।

ਉਹ ਕੁੜੀ ਸ਼ਹਿਰ ਦੇ ਬਸ ਸਟੈਂਡ 'ਤੇ ਉੱਤਰੀ। ਤਿੰਨ-ਚਾਰ ਮੁੰਡੇ-ਕੁੜੀਆਂ

ਤੋਂ ਪਿੱਛੋਂ ਮੈਂ ਉੱਤਰਿਆ।

ਉਸ ਦੀ ਚਾਲ ਨਾਲ ਚਾਲ ਮੇਲਦਿਆਂ ਮੇਰਾ ਮਨ ਡੋਲਿਆ। ਮੈਂ ਮੁੜ ਹਿੰਮਤ ਇਕੱਠੀ ਕੀਤੀ। "ਤੁਸੀਂ...ਮੇਰੇ ਨਾਲ ਦੋਸਤੀ...ਕਰੋਂਗੇ ?" ਮੇਰੇ ਬੋਲ ਥਿੜਕ ਰਹੇ ਸਨ।

ਉਸ ਨੇ ਮੂੰਹ ਬਣਾਇਆ –ਜਿਵੇਂ ਉਸ ਦੀ ਜਾੜ੍ਹ ਹੇਠ ਮਿੱਟੀ ਦੀ ਰੋੜੀ ਆ ਗਈ ਹੋਵੇ! "ਅੱਗੇ ਤੋਂ ਮੈਨੂੰ ਰੋਕਣ ਦੀ ਕੋਸ਼ਿਸ਼ ਨਾ ਕਰੀਂ!" ਉਸ ਦੇ ਸ਼ਬਦਾਂ ਵਿੱਚ ਦ੍ਰਿੜ੍ਹਤਾ ਸੀ–ਜਿਵੇਂ ਉਹ ਕਦੇ ਵੀ ਪਿੱਛੇ ਮੁੜ ਕੇ ਨਾ ਦੇਖਣਾ ਚਾਹੁੰਦੀ ਹੋਵੇ!

"ਪਤਾ ਨ੍ਹੀਂ ਕਿੱਥੋਂ–ਕਿੱਥੋਂ...!" ਤੁਰੀ ਜਾਂਦੀ ਦੇ ਬਾਕੀ ਸ਼ਬਦ ਮੈਨੂੰ ਸੁਣਨੇ ਬੰਦ ਹੋ ਗਏ।

ਮੈਂ ਕਾਲਜ ਵਾਲੀ ਸੜਕ ਤੋਂ ਪੈਰ ਪਿੱਛੇ ਮੋੜੇ ਤੇ ਮੁੜ ਪਿੰਡ ਵਾਲੀ ਬਸ ਵਿੱਚ ਬੈਠ ਗਿਆ।

ਕਿਤਾਬਾਂ ਮੰਜੇ 'ਤੇ ਸੁੱਟਦਿਆਂ ਮੇਰੀ ਨਜ਼ਰ ਸ਼ੀਸ਼ੇ 'ਤੇ ਪਈ। ਧੁੰਦਲਾ ਅਕਸ ਇੱਕ ਕਾਲੇ ਪਰਛਾਵੇਂ ਵਾਂਗ ਝਲਕਿਆ।...ਸ਼ੀਸ਼ੇ ਪਿੱਛੇ ਅੜੁੰਗੀ ਕ੍ਰੀਮ ਮੈਂ ਖਿੱਚੀ ਤੇ ਕੰਧ ਉੱਤੋਂ ਵਗਾਹ ਕੇ ਮਾਰੀ।

ਕੁੱਝ ਦਿਨਾਂ ਬਾਅਦ ਉਸ ਨੂੰ ਮੈਂ ਕੰਟੀਨ ਵਿੱਚ ਇੱਕ ਮੁੰਡੇ ਨਾਲ ਬੈਠਿਆਂ ਦੇਖਿਆ। ਉਸ ਨੂੰ ਸਮੋਸਾ ਮੂੰਹ ਵਿੱਚ ਪਾਈਂ ਹੱਸਦਿਆ ਦੇਖ ਉਸ ਦੇ ਸ਼ਬਦ ਮੇਰੇ ਦਿਮਾਗ਼ ਵਿੱਚ ਹੋਰ ਗੂੜ੍ਹੇ ਹੋ ਗਏ। ਉਹਨੀਂ ਪੈਰੀਂ ਮੈਂ ਕੰਟੀਨ ਦੇ ਦਰਵਾਜ਼ੇ ਵੱਲ ਮੁੜ ਪਿਆ।

ਤਿੰਨ ਸਾਲ ਇਸੇ ਤਰ੍ਹਾਂ ਲੰਘੇ।

ਬੀ. ਐਡ. ਪੂਰੀ ਹੋਣ 'ਤੇ ਮੈਂ ਪਿੰਡ ਦੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਹਰ ਰੋਜ਼ ਸਵੇਰੇ ਤਿਆਰ ਹੋ ਕੇ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਨਿਹਾਰਦਾ। ਪੱਗ ਦੇ ਪੇਚ ਠੀਕ ਕਰਦਾ। ਮੁੱਛਾਂ–ਦਾੜ੍ਹੀ 'ਤੇ ਛੋਟਾ ਕੰਘਾ ਫੇਰਦਾ।

ਘਰ ਵਿੱਚ ਉਸ ਦਿਨ ਚਹਿਲ–ਪਹਿਲ ਸੀ। ਵਿਚੋਲਣ ਮਾਮੀ ਮੈਨੂੰ ਵਾਰ–ਵਾਰ ਟੋਕ ਰਹੀ ਸੀ, "ਵੇ, ਆਹ ਪੱਗ ਦਾ ਲੜ ਤਾਂ ਠੀਕ ਕਰ ਲੈ!...ਸ਼ਲਟ ਹੋਰ ਰੰਗ ਦੀ ਪਾ ਲੈਂਦਾ! ਹੋਰ ਨਾ ਕਿਤੇ ਕੁੜੀ ਆਲੇ ਬੇਪਸਿੰਦ ਕਰ ਜਾਣ ਤੇਨੂੰ!...ਵੇ, ਕਰੀਮ ਲਾ ਲੈ ਮਾੜੀ–ਮੋਟੀ!" ਉਸ ਨੇ ਕ੍ਰੀਮ ਦੀ ਟਿਊਬ ਮੇਰੇ ਅੱਗੇ ਕੀਤੀ।

"ਓ, ਮਾਮੀ, ਤੂੰ ਫਿਕਰ ਨਾ ਕਰ! ਤੂੰ, ਬੱਸ, ਐਂ ਸੋਚ, ਪਈ, ਮੈਂ ਨਾ ਕਿਤੇ ਉਹਨਾਂ ਨੂੰ ਬੇਪਸੰਦ ਕਰ–ਦਾਂ!" ਮੈਂ ਸ਼ੀਸ਼ੇ ਅੱਗੇ ਖੜ੍ਹਾ ਹੱਸ ਰਿਹਾ ਸੀ।

"ਰੁੜ੍ਹ ਜਾਣਿਆ! ਐਡੀ ਸੋਹਣੀ ਕੁੜੀ ਐ! ਘਰ ਦਾ ਸਾਰਾ ਕੰਮ ਜਾਣਦੀ ਐ!...!" ਮਾਮੀ ਬੋਲੀ ਜਾ ਰਹੀ ਸੀ ਤੇ ਹੱਸੀ ਜਾ ਰਹੀ ਸੀ।

ਛੋਟੀ ਭਰਜਾਈ ਦਾ ਪਿਉ ਤੇ ਭਰਾ ਸਾਹਮਣੇ ਬੈਠੇ ਚੁੱਪਚਾਪ ਮੇਰੇ ਵੱਲ ਦੇਖਦੇ ਰਹੇ।

ਚਾਹ ਪੀਣ ਤੋਂ ਬਾਅਦ ਭਰਜਾਈ ਦੇ ਬਾਪ ਨੇ ਭਾਪੇ ਨੂੰ ਕਿਹਾ, "ਅਸੀਂ



ਸਲਾਹ–ਮਸ਼ਵਰਾ ਕਰ ਲਈਏ!" ਉਹ ਨਾਲ ਆਏ ਬੰਦਿਆਂ ਨੂੰ ਲੈ ਕੇ ਕਮਰੇ 'ਚੋਂ ਬਾਹਰ ਨਿੱਕਲ ਗਿਆ।

ਵਾਪਸ ਕੁਰਸੀਆਂ 'ਤੇ ਬੈਠਣ ਤੋਂ ਬਾਅਦ ਭਰਜਾਈ ਦਾ ਬਾਪ ਬੋਲਿਆ, "ਸਾਨੂੰ ਘਰ–ਬਾਰ ਪਸਿੰਦ ਐ!" ਉਸ ਨੇ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ। ਉਸ ਦੀ ਸੁਰ ਹੋਰ ਨੀਵੀਂ ਹੋ ਗਈ, "ਸਾਨੂੰ ਥੋੜਾ ਛੋਟਾ ਮੁੰਡਾ ਪਸਿੰਦ ਐ!"

ਭਾਪੇ ਸਮੇਤ ਸਭ ਦੇ ਭਰਵੱਟੇ ਤਣ ਗਏ। "ਪਰ ਛੋਟਾ ਤਾਂ, ਜੀ, ਮੇਰੇ ਨਾਲ ਰਾਜਗੀਰੀ ਕਰਦੈ!" ਭਾਪੇ ਦੇ ਮੂੰਹੋਂ ਇੰਨਾ ਕੁ ਹੀ ਨਿਕਲਿਆ।

"ਆਹੋ! ਚਲੋ, ਹੌਲੀ–ਹੌਲੀ ਕੋਠੀਆਂ ਦੇ ਠੇਕੇ ਲੈਣ ਲੱਗ ਪਊ, ਸੁੱਖ ਨਾਲ!....!"

"ਪਰ ਪਹਿਲਾਂ ਤਾਂ ਅਸੀਂ ਬੜੇ ਦਾ...!"

"ਅਸਲ 'ਚ, ਸਾਡਾ ਮੁੰਡਾ ਨ੍ਹੀਂ ਮੰਨਦਾ, ਜੀ!...ਬਾਕੀ ਕੋਈ ਨ੍ਹੀਂ!...ਸੋਚ–ਵਚਾਰ ਕਰਕੇ ਦੱਸ ਦਿਓ!"

ਮੈਂ ਮਸੋਸੇ ਮੂੰਹ ਨਾਲ ਅੰਦਰਲੇ ਕਮਰੇ 'ਚ ਗਿਆ। ਮਾਮੀ ਮੰਮੀ ਨੂੰ ਕਹਿ ਰਹੀ ਸੀ, "ਕਮਲ ਨਾ ਘੋਟੋ! ਮੁੜ ਕੇ ਐਹੋ ਜਿਹਾ ਰਿਸ਼ਤਾ ਨ੍ਹੀਂ ਮਿਲਣਾ!...ਬੜੇ ਲਈ ਹੋਰ ਰਿਸ਼ਤੇ ਬਥੇਰੇ!"

ਮੰਮੀ ਨੇ ਰਣਜੀਤ ਨੂੰ ਅਵਾਜ਼ ਮਾਰੀ। ਭਰਜਾਈ ਦੀ ਫੋਟੋ ਦੇਖ ਕੇ ਉਸ ਦੀਆਂ ਅੱਖਾਂ ਵਿੱਚ ਚਮਕ ਆ ਗਈ।

ਭਰਜਾਈ ਦੇ ਭਾਪੇ ਨੇ ਰਣਜੀਤ ਨੂੰ ਰੁਪਈਆ ਫੜਾਇਆ। ਬਾਕੀਆਂ ਨੇ ਵੀ ਸ਼ਗਨ ਪਾ ਦਿੱਤਾ।

ਚੰਡੀਗੜ੍ਹੋਂ ਸਿਕੰਦਰ ਦਾ ਫੋਨ ਆਉਂਦਾ ਰਹਿੰਦਾ ਸੀ। "ਕਾਲੇ! ਆ ਕੇ ਦੇਖ, ਬਾਈ, ਐਥੇ!...ਕੀ ਤੂੰ ਪਿੰਡ ਦੇ ਟੋਭੇ ਦਾ ਡੱਡੂ ਬਣਿਆ ਫਿਰਦੈਂ, ਮਾਸਟਰਾ!"

ਚੰਡੀਗੜ੍ਹ ਪਏ ਇੱਕ–ਦੋ ਕੰਮਾਂ ਵੇਲੇ ਮੈਂ ਉਸ ਕੋਲ ਹੋਸਟਲ ਵਿੱਚ ਗਿਆ। ਕਦੇ ਸੁਖਨਾ ਝੀਲ, ਕਦੇ ਪੱਬ, ਤੇ ਕਦੇ ਨਾਈਟ–ਕਲੱਬ!...ਉਸ ਦੀਆਂ 'ਵਨ–ਨਾਈਟ ਸਟੈਂਡ' ਦੀਆਂ ਗੱਲਾਂ!

ਮੁੰਡੇ–ਕੁੜੀਆਂ ਨੂੰ ਬਾਹਾਂ ਵਿੱਚ ਬਾਹਾਂ ਪਾਈਂ ਦੇਖ ਮੇਰੇ ਜਜ਼ਬਾਤ ਮਚਲੇ। ਮੈਂ ਵੀ ਚੰਡੀਗੜ੍ਹ ਐਮ. ਏ. ਵਿੱਚ ਅਡਮਿਸ਼ਨ ਲੈ ਲਵਾਂ!?...ਪਰ...ਪੈਸੇ ?

ਸਿਕੰਦਰ ਨੇ ਮੈਨੂੰ ਕਾਰਾਂ ਵਾਲੇ ਰਜਨੀਸ਼ ਨਾਲ ਮਿਲਵਾਇਆ।

"ਤੂੰ ਫਿਕਰ ਨਾ ਕਰ, ਭਾਅ! ਪੜ੍ਹਾਈ ਦੇ ਨਾਲ–ਨਾਲ ਕੰਮ ਕਰੀ ਚੱਲ ਪਾਰਟ–ਟਾਈਮ। ਕੰਮ ਆਪਣੇ ਕੋਲ ਬਥੇਰਾ ਐ!"

ਉਸ ਦਾ 'ਕੰਮ–ਕਾਰ' ਦੇਖ ਕੇ ਮੈਨੂੰ ਸਿਕੰਦਰ ਦੇ ਖੁੱਲ੍ਹੇ ਖਰਚਿਆਂ ਦੀ ਸਮਝ ਲੱਗੀ।

ਭਾਪੇ ਨੇ ਮੈਨੂੰ ਪੁੱਛਿਆ, "ਸਕੂਲ ਛੱਡ ਕੇ ਹੁਣ ਤੂੰ ਕੀ ਕਰਨ ਲੱਗ ਪਿਆ ?...ਤੀਜੇ ਦਿਨ ਚੰਡੀਗੜ੍ਹ ਤੁਰਿਆ ਰਹਿਨੈਂ !"

"ਗੱਡੀਆਂ ਦੇ ਕਮਿਸ਼ਨ ਦਾ ਕੰਮ-ਕਾਰ ਐ। ਸਕੂਲ ਦੀ ਤਨਖਾਹ 'ਚੋਂ ਕੀ ਬਣਦੈ, ਭਲਾਂ ?"

ਮੈਂ 'ਮੁੰਡਿਆਂ' ਕੋਲੋਂ ਗੱਡੀਆਂ ਲੈ ਕੇ ਪਠਾਨਕੋਟ ਰਜਨੀਸ਼ ਤੱਕ ਪਹੁੰਚਾ ਦਿੰਦਾ ਸੀ। ਕੁੱਝ ਗੱਡੀਆਂ ਉਹ ਫੌਰੀ ਜੰਮੂ-ਕਸ਼ਮੀਰ ਭੇਜ ਦਿੰਦਾ। ਬਾਕੀਆਂ ਨੂੰ ਉਥੇ ਘੰਟਿਆਂ ਵਿੱਚ ਹੀ ਖੋਲ੍ਹ ਕੇ ਉਹਨਾਂ ਦੇ ਪੁਰਜ਼ੇ ਵੇਚਣ ਲਈ ਸਾਂਭ ਲੈਂਦਾ।

ਮੇਰੇ ਬੈਂਕ ਖਾਤੇ ਭਰਨ ਲੱਗ ਪਏ।

ਮੈਂ ਪੰਦਰਾਂ ਸੈਕਟਰ ਵਿੱਚ ਕਮਰਾ ਕਿਰਾਏ 'ਤੇ ਲਿਆ। ਕਮਰੇ ਵਿੱਚ ਵੀ ਕੈਸ਼ ਜਮ੍ਹਾਂ ਹੋਣ ਲੱਗਿਆ। ਰਾਤਾਂ ਰੰਗੀਨ ਹੋਣ ਲੱਗੀਆਂ। ਯੂਨੀਵਰਸਿਟੀ ਤੇ ਕਾਲਜਾਂ ਦੀਆਂ ਕੁੜੀਆਂ !..ਦੀਪੀ ਤਾਂ ਕੁੱਝ ਵੀ ਨਹੀਂ ਸੀ ਉਹਨਾਂ ਸਾਹਮਣੇ !...ਭਰਜਾਈ ਦਾ ਚਿਹਰਾ ਵੀ ਦਿਮਾਗ਼ 'ਚੋਂ ਮਨਫ਼ੀ ਹੋਣ ਲੱਗਿਆ।

ਅੱਧੀ ਰਾਤ ਕਮਰੇ ਦਾ ਦਰਵਾਜ਼ਾ ਖੜਕਿਆ। ਨਾਲ ਪਏ ਦੋਵੇਂ ਦੋਸਤ ਵੀ ਉੱਭੜਵਾਹੇ ਉੱਠੇ। ਕੁੰਡਾ ਖੁੱਲ੍ਹਦਿਆਂ ਹੀ ਸਾਨੂੰ ਪੁਲਿਸ ਨੇ ਦਬੋਚ ਲਿਆ। ਇੱਕ ਮੁੰਡੇ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਦੋ ਸਿਪਾਹੀਆਂ ਨੇ ਉਸ ਨੂੰ ਕਾਲਰ ਤੋਂ ਫੜ ਲਿਆ।

ਹਵਾਲਾਤ ਦੀ ਸੜ੍ਹਾਂਦ...ਪੁਲਿਸ ਦੇ ਪਟੇ। ਇੱਕ ਪੁਲਿਸ ਵਾਲੇ ਨੇ ਸਾਡੇ ਕੰਨਾਂ ਤੇ ਬੈਟਰੀ ਨਾਲ ਕਰੰਟ ਦੇ ਝਟਕੇ ਦਿੱਤੇ। ਅਸੀਂ ਸਿਕੰਦਰ ਤੇ ਰਜਨੀਸ਼ ਸਮੇਤ ਸਭ ਦੇ ਨਾਂ ਬੋਲ ਦਿੱਤੇ।

ਰਣਜੀਤ ਤੇ ਭਾਪਾ ਥਾਣੇ ਮਿਲਣ ਆਏ।

ਅਗਲੀ ਵਾਰ ਜੇਲ੍ਹ ਵਿੱਚ ਆਏ। ਭਾਪੇ ਦੀਆਂ ਅੱਖਾਂ ਵਿੱਚ ਮੈਂ ਪਹਿਲੀ ਵਾਰ ਪਾਣੀ ਦੇਖਿਆ। "ਇਹ ਵਕੀਲ ਤਾਂ ਪੈਸੇ ਈ ਬੜੇ ਮੰਗੀ ਜਾਂਦੈ ! ਪੁਲਸ ਨੂੰ ਵੀ ਬਥੇਰਾ ਖਵਾ ਚੁੱਕੇ ! ਘਰ ਵੀ ਕੰਮ ਟਾਇਟ ਹੋਇਆ ਪਿਐ !"

ਮੈਂ ਰਣਜੀਤ ਵੱਲ ਦੇਖਿਆ। ਉਸ ਨੇ ਨੀਵੀਂ ਪਾ ਲਈ।

ਪੁਲਿਸ ਨੇ ਪਹਿਲਾਂ ਹੀ ਮੇਰੇ ਸਾਰੇ ਬੈਂਕ ਖਾਤੇ ਸੀਲ ਕਰ ਦਿੱਤੇ ਸਨ। "ਕੋਈ ਨ੍ਹੀਂ ! ਮੈਂ ਥੋਨੂੰ ਆਪਣੇ ਇੱਕ ਦੋਸਤ ਦਾ ਨੰਬਰ ਦਿੰਨਾਂ ! ਉਹ ਦੇ ਕੋਲ ਮੇਰੇ ਪੈਸੇ ਪਏ ਨੇ ਕੁਸ਼ !"

ਡੇਢ ਸਾਲ ਬਾਅਦ ਮੁਕੱਦਮੇ ਦਾ ਫ਼ੈਸਲਾ ਹੋਇਆ। ਸਿਕੰਦਰ ਤੇ ਰਜਨੀਸ਼ ਬਰੀ ਹੋ ਗਏ। ਮੈਨੂੰ ਕਾਰ-ਚੋਰੀ ਦੇ ਜੁਰਮ ਵਿੱਚ ਤਿੰਨ ਸਾਲਾਂ ਦੀ ਕੈਦ ਹੋ ਗਈ।

ਤੀਜੀ ਵਾਰ ਜਦੋਂ ਭਾਪਾ ਜੇਲ੍ਹ ਵਿੱਚ ਮਿਲਣ ਆਇਆ ਤਾਂ ਉਸ ਨਾਲ ਮੰਮੀ ਵੀ ਸੀ। "ਵੇ, ਕਾਲੇ ! ਆਹ ਕੀ ਬਣ ਗਿਆ ?" ਮੰਮੀ ਦੇ ਅੱਥਰੂ ਵਹਿਣੋਂ ਨਹੀਂ ਸਨ ਰੁਕ ਰਹੇ। ਉਸ ਨੂੰ ਮਿਲਣ ਤੋਂ ਬਾਅਦ ਮੈਨੂੰ ਜੇਲ੍ਹ ਦੀਆਂ ਕੰਧਾਂ ਤੋਂ ਕਚਿਆਣ ਆਉਣ ਲੱਗੀ।



ਜੇਲ੍ਹ ਵਿੱਚ ਤਰ੍ਹਾਂ-ਤਰ੍ਹਾਂ ਦੇ ਕੈਦੀ ਸਨ-ਨਸ਼ੇੜੀ, ਸਮਗਲਰ, ਕਾਤਲ। ਮੈਂ ਵਾਹਿਗੁਰੂ ਨੂੰ ਧਿਆ ਕੇ ਸਹੁੰ ਖਾਧੀ-ਅੱਗੇ ਤੋਂ ਏਸ ਰਸਤੇ ਨ੍ਹੀਂ ਤੁਰਨਾ !

ਉਸ ਦਿਨ ਤੋਂ ਬਾਅਦ ਰਿਹਾਈ ਤੱਕ ਘਰੋਂ ਕੋਈ ਵੀ ਮਿਲਣ ਲਈ ਨਹੀਂ ਆਇਆ। ਮੈਂ ਵੀ ਪਿੰਡ ਵੱਲ ਰੁਖ ਨਹੀਂ ਕੀਤਾ। ਸ਼ਹਿਰ ਵਿੱਚ ਹੀ ਪੁਰਾਣੀਆਂ ਕਾਰਾਂ ਦੀ ਡੀਲਰੀ ਸ਼ੁਰੂ ਕਰ ਦਿੱਤੀ।

ਇੱਕ ਦਿਨ ਛੋਟਾ ਮਾਮਾ ਆਇਆ। "ਕਾਲੇ ! ਕੰਮ ਤਾਂ ਤੇਰਾ ਬਧੀਆ ਚਲਦੈ, ਬਈ !...ਬਿਆਹ-ਬਿਊਹ ਦਾ ਨ੍ਹੀਂ ਸੋਚਿਆ ਕਦੇ ?" ਉਸ ਨੇ ਦੁਕਾਨ ਦੀਆਂ ਕੰਧਾਂ 'ਤੇ ਇੱਕ ਝਾਤ ਮਾਰੀ।

"ਹੁਣ ਵਿਆਹ ਕਿਥੇ, ਮਾਮਾ ? ਉਮਰ ਲੰਘ-ਗੀ ਹੁਣ ਵਿਆਹ ਆਲੀ ! ਨਾਲ਼ੇ, ਮੈਨੂੰ ਕੁੜੀ ਕਿਹਨੇ ਦੇਣੀ ਐ ?"

"ਉਮਰ ਨੂੰ ਕੀ ਹੋਇਐ ਤੇਰੀ ਨੂੰ ? ਲੋਕ ਚਾਲੀ-ਚਾਲੀ ਸਾਲਾਂ ਦੇ ਹੋ ਕੇ ਬਿਆਹ ਕਰਬਾਈ ਜਾਂਦੇ ਨੇ !...ਤੂੰ 'ਹਾਂ' ਕਰ, ਰਿਸ਼ਤਾ ਮੈਂ ਕਰਬਾਊਂ !....!"

ਮੇਰੇ ਅੰਦਰੋਂ ਇੱਕ ਤਰੰਗ ਉੱਠੀ ਤੇ ਸਾਰੇ ਜਿਸਮ ਵਿੱਚ ਫੈਲ ਗਈ।

ਮਾਮੇ ਨੇ ਖੀਸੇ ਵਿੱਚੋਂ ਫੋਟੋ ਕੱਢੀ। "ਮੇਰੀ ਸਾਲੀ ਦੀ ਕੁੜੀ ਨ੍ਹੀਂ, ਲਬਲੀਨ !...ਕੁੜੀ ਪੂਰੀ ਬਧੀਐ ! ਪੜ੍ਹੀ-ਲਿਖੀ ! ਬੱਸ, ਗਰੀਬੀ ਕਰਕੇ ਅਟਕਿਆ ਪਿਐ ਕੰਮ !"

ਫੋਟੋ ਦੇਖਦਿਆਂ ਹੀ ਮੇਰੇ ਅੰਦਰਲੇ ਮੁਰਦੇ ਦੇ ਸਾਹ ਮੁੜ ਚੱਲ ਪਏ।

"...ਪਰ ਪਹਿਲਾਂ ਮਕਾਨ-ਮਕੂਨ ਦੇਖ ਤੂੰ ਕੋਈ ! ਆਹ ਤੇਰਾ ਰਹਿਣ ਦਾ ਜਗਾੜ ਨ੍ਹੀਂ ਬਾਹਲ਼ਾ ਬਧੀਆ !" ਉਸ ਨੇ ਦੁਕਾਨ ਅੰਦਰ ਲੱਗੇ ਬੈੱਡ ਵੱਲ ਇਸ਼ਾਰਾ ਕੀਤਾ।

ਏਸ ਕੋਠੀ ਦੀਆਂ ਕੰਧਾਂ ਨੂੰ ਪਲੱਸਤਰ ਨਹੀਂ ਸੀ ਹੋਇਆ ਹਾਲੀਂ। ਜੋੜੀਆਂ-ਪੱਲੇ ਵੀ ਦੋ ਕੁ ਕਮਰਿਆਂ ਦੇ ਹੀ ਲੱਗੇ ਹੋਏ ਸਨ। ਪਰ ਮੈਨੂੰ ਇਹ ਕਲੋਨੀ ਚੰਗੀ ਲੱਗੀ। ਲਾਲਿਆਂ ਦੇ ਮਕਾਨ-ਪੜ੍ਹੇ-ਲਿਖੇ ਲੋਕ ! ਇੰਨੇ ਕੁ ਕਿਰਾਏ 'ਤੇ ਇਹ ਕੀ ਮਾੜੀ ਸੀ ?

ਵਿਆਹ ਵਾਲੇ ਦਿਨ ਹੀ ਗੁਆਂਢਣਾਂ ਨੇ ਆਖਿਆ, "ਰਾਧਾ ਤੇ ਕਨ੍ਹੱਈਆ ਦੀ ਜੋੜੀ ਬਣ ਗਈ !"

ਲਵਲੀਨ ਨੂੰ ਬਾਹਾਂ ਵਿੱਚ ਘੁੱਟਦਿਆਂ ਵੀ ਡਰ ਲੱਗਦਾ ਸੀ-ਕਿਤੇ ਉਸ ਦਾ ਗੋਰਾ ਰੰਗ ਮੈਲਾ ਨਾ ਹੋ ਜਾਵੇ !

ਜਦੋਂ ਮਨਦੀਪ ਪੈਦਾ ਹੋਇਆ ਤਾਂ ਸਾਰਿਆਂ ਨੇ ਆਖਿਆ-ਮੁੰਡਾ ਪਿਓ ਤੇ ਗਿਐ ! ਮੰਮੀ ਦੇ ਦਿਲਾਸੇ ਦੇ ਬਾਵਜੂਦ ਵੱਡੇ ਹੋਣ 'ਤੇ ਉਸ ਦੇ ਰੰਗ ਵਿੱਚ ਬਹੁਤਾ ਫਰਕ ਨਹੀਂ ਸੀ ਪਿਆ। ਪਰ ਗੁਆਂਢੀਆਂ ਦੇ ਨਿਆਣਿਆਂ ਨਾਲੋਂ ਉਸ ਦੇ ਰੰਗ ਦਾ ਬਹੁਤਾ ਫਰਕ ਤਾਂ ਨਹੀਂ ਸੀ !

"ਪਾਪਾ! ਵੋਹ ਮੁਝੇ 'ਕਾਲਾ-ਕਲੋਟਾ' ਕਹਿ ਰਹਾ ਹੈ!" ਮੇਰੇ ਵੱਲ ਆਉਂਦਿਆਂ ਮਨਦੀਪ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਗ ਰਹੇ ਸਨ।...ਜਿਵੇਂ ਕਿਸੇ ਨੇ ਮੇਰਾ ਸੁੱਕ ਰਿਹਾ ਜ਼ਖਮ ਉਚੇੜ ਦਿੱਤਾ ਹੋਵੇ! ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ।

ਇੱਕ ਵੇਗ ਅੰਦਰੋਂ ਉੱਠਿਆ। ਮੈਨੂੰ ਨਹੀਂ ਪਤਾ ਮੈਂ ਡਾਂਗ ਕਿੱਥੋਂ ਲੱਭੀ ਸੀ, ਤੇ ਕਦੋਂ ਚੁੱਕੀ ਸੀ। ਮੈਨੂੰ ਹੁਣ ਖੁਦ ਹੈਰਾਨੀ ਹੋ ਰਹੀ ਸੀ ਕਿ ਮੈਂ ਡਾਂਗ ਲੈ ਕੇ ਪੰਜ-ਛੇ ਸਾਲਾਂ ਦੇ ਬੱਚੇ ਪਿੱਛੇ ਦੌੜ ਪਿਆ ਸੀ। "ਖੜ੍ਹ ਤੇਰੀ...ਬੜੇ ਅੰਗਰੇਜ ਦੀ...!"

ਮੁੰਡਾ ਭੱਜ ਕੇ ਆਪਣੀ ਕੋਠੀ ਅੰਦਰ ਵੜ ਗਿਆ ਸੀ।

"ਕਯਾ ਹੋ ਗਯਾ ?...ਤੇਰੇ ਕੋ ਕਿਤਨੀ ਬਾਰ ਬੋਲਾ ਹੈ, ਮਤ ਜਾਯਾ ਕਰ ਉਨ ਕੇ ਘਰ! ਗੁੰਡੇ ਲੋਗ ਹੈਂ ਵੋਹ!" ਅੰਦਰੋਂ ਆਈ ਜਨਾਨਾ ਅਵਾਜ਼ ਕਾਫੀ ਉੱਚੀ ਸੀ। ਸ਼ਾਇਦ ਉਸ ਨੇ ਮੈਨੂੰ ਹੀ ਸੁਣਾ ਕੇ ਆਖਿਆ ਸੀ।

ਮੇਰੇ ਅੰਦਰਲੇ ਭਾਂਬੜ 'ਤੇ ਜਿਵੇਂ ਕਿਸੇ ਨੇ ਪਾਣੀ ਦੀ ਬਾਲਟੀ ਭਰ ਕੇ ਮਾਰੀ ਹੋਵੇ!

ਗੇਟ 'ਤੇ ਮਨਦੀਪ ਲਵਲੀਨ ਦੀਆਂ ਲੱਤਾਂ ਨੂੰ ਚਿੰਬੜਿਆ ਖੜ੍ਹਾ ਸੀ। "ਤੁਸੀਂ ਕਿਓਂ ਨਿਆਣਿਆਂ ਦੇ ਮਾਮਲਿਆਂ 'ਚ ਪੈਂਦੇ ਹੁੰਨੇ ਓਂ ?...ਹੁਣ ਮੂੰਹ ਲਟਕਾਈਂ ਆਉਨੇ ਓਂ!" ਸ਼ਾਇਦ ਗੁਆਂਢਣ ਦੇ ਸ਼ਬਦ ਲਵਲੀਨ ਦੇ ਕੰਨੀਂ ਵੀ ਪੈ ਗਏ ਸਨ। ਉਸ ਦੀਆਂ ਅੱਖਾਂ ਵਿੱਚੋਂ ਚੰਗਿਆੜੀਆਂ ਨਿਕਲ ਰਹੀਆਂ ਸਨ।...

ਟੈਲੀਵਿਜ਼ਨ ਦੀਆਂ ਅਵਾਜ਼ਾਂ ਸੁਣ ਕੇ ਕਈ ਮਸ਼ਹੂਰੀਆਂ ਮੇਰੇ ਦਿਮਾਗ਼ ਵਿੱਚ ਘੁੰਮੀਆਂ। "ਖ਼ੂਬਸੂਰਤ ਤਵਚਾ ਕੇ ਲੀਏ!" ...."ਲੜਕੀਓਂ ਵਾਲੀ ਕ੍ਰੀਮ ਨਹੀਂ, ਯੇ ਆਪ ਕੋ ਬਨਾਯੇ ਹੈਂਡਸਮ!"...ਸੁਣੱਖੇ ਮੁੰਡਿਆਂ ਦੁਆਲੇ ਨੱਚਦੀਆਂ ਕੁੜੀਆਂ! ....ਚਮੜੀ ਦੇ ਕਈ ਡਾਕਟਰਾਂ ਦੇ ਬੋਰਡ-'ਚਮੜੀ ਦੀ ਹਰ ਸਮੱਸਿਆ ਦਾ ਹੱਲ'।

ਮਨਦੀਪ ਨੂੰ ਕੋਈ ਚੰਗੀ ਕ੍ਰੀਮ ਲਿਆ ਕੇ ਦੇਵਾਂ!...ਜਾਂ ਇਸ ਨੂੰ ਕਿਸੇ ਡਾਕਟਰ ਨੂੰ ਦਿਖਾਵਾਂ!

ਚਲੋ, ਲਵਲੀਨ ਨਾਲ ਗੱਲ ਕਰੂੰਗਾ! ਸੋਚਦਿਆਂ ਮੈਂ ਬੈੱਡਰੂਮ ਵੱਲ ਤੁਰ ਪਿਆ।

*****